Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa
Punjab Mail USA


REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 814, 08 to 14 Aug., 2024, Ph: 916-320-9444, E-mail: punjabmailusa@yahoo.com, Web: punjabmailusa.com

## ਕਮਲਾ ਹੈਰਿਸ ਨੇ ਰਾਸ਼ਟਰਪਤੀ ਅਹੁਦੇ ਲਈ ਅਧਿਕਾਰਤ ਨਾਮਜ਼ਦਗੀ ਕੀਤੀ ਹਾਸਲ





■ ਟਿਮ ਵਾਲਜ਼ ਹੋਣਗੇ ਡੈਮੋਕਰੇਟਿਕ ਉਪ-ਰਾਸ਼ਟਰਪਤੀ ਦੇ ਉਮੀਦਵਾਰ
■ ਕਮਲਾ ਹੈਰਿਸ ਰਾਸ਼ਟਰਪਤੀ ਦੀ ਚੋਣ ਲੜਨ ਵਾਲੀ ਪਹਿਲੀ ਭਾਰਤੀ-ਅਫਰੀਕੀ ਮਹਿਲਾ ਬਣੀ

**ਫਿਲਾਡੇਲਫੀਆ, (ਰਾਜ ਗੋਗਨਾ/ਪੰਜਾਬ ਮੇਲ)-** ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਡੈਮੋਕ੍ਰੇਟਿਕ ਪਾਰਟੀ ਤੋਂ ਰਾਸ਼ਟਰਪਤੀ ਅਹੁਦੇ ਲਈ ਅਧਿਕਾਰਤ ਨਾਮਜ਼ਦਗੀ ਪ੍ਰਾਪਤ ਕੀਤੀ। ਇਸ ਨਾਲ ਉਹ ਪਾਰਟੀ ਤੋਂ ਰਾਸ਼ਟਰਪਤੀ ਚੋਣ ਟਿਕਟ ਹਾਸਲ ਕਰਨ ਵਾਲੀ ਪਹਿਲੀ ਭਾਰਤੀ-ਅਫਰੀਕੀ ਮਹਿਲਾ ਬਣ ਗਈ ਹੈ।

ਬਾਇਡਨ ਦੇ ਅਚਾਨਕ ਦੌੜ ਤੋਂ ਪਿੱਛੇ ਹਟਣ ਤੋਂ ਤੁਰੰਤ ਬਾਅਦ ਹੈਰਿਸ ਅਤੇ ਉਸਦੀ ਟੀਮ ਨੇ ਅਧਿਕਾਰਤ ਨਾਮਜ਼ਦਗੀ ਪ੍ਰਾਪਤ ਕਰਨ ਲਈ ਲੋੜੀਂਦੇ 1,976 ਪਾਰਟੀ ਡੈਲੀਗੇਟਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਤੇਜ਼ੀ ਨਾਲ ਕੰਮ ਕੀਤਾ। ਡੈਮੋਕ੍ਰੇਟਿਕ ਨੈਸ਼ਨਲ ਕਨਵੈਨਸ਼ਨ ਲਈ ਡੈਲੀਗੇਟਾਂ ਦੀ ਪੰਜ ਦਿਨਾਂ ਦੀ ਔਨਲਾਈਨ ਵੋਟ ਤੋਂ ਬਾਅਦ ਹੈਰਿਸ ਦੀ ਉਮੀਦਵਾਰੀ ਦਾ ਅਧਿਕਾਰਤ ਐਲਾਨ ਕੀਤਾ ਗਿਆ ਸੀ। ਪਾਰਟੀ ਨੇ ਜਾਰੀ ਬਿਆਨ ਵਿਚ ਕਿਹਾ ਕਿ 99 ਫ਼ੀਸਦੀ ਡੈਲੀਗੇਟਾਂ ਨੇ ਹੈਰਿਸ ਦੇ ਹੱਕ ਵਿਚ ਵੋਟ ਪਾਈ। ਬਾਇਡਨ ਵੱਲੋਂ ਆਪਣੀ ਉਮੀਦਵਾਰੀ ਵਾਪਸ ਲੈਣ ਤੋਂ ਬਾਅਦ ਕਰਵਾਏ ਗਏ ਸਰਵੇਖਣ ਵਿਚ ਪਾਇਆ ਗਿਆ ਕਿ 46 ਫ਼ੀਸਦੀ ਅਮਰੀਕੀ ਲੋਕ ਹੈਰਿਸ ਦੇ ਹੱਕ ਵਿਚ ਹਨ। ਜ਼ਿਆਦਾਤਰ ਡੈਮੋਕ੍ਰੇਟ ਸਮਰਥਕਾਂ ਨੇ ਕਿਹਾ ਕਿ ਉਹ ਬਾਇਡਨ ਦੇ ਮੁਕਾਬਲੇ ਹੈਰਿਸ ਦੀ ਉਮੀਦਵਾਰੀ ਤੋਂ ਸੰਤੁਸ਼ਟ ਹਨ।

ਕਮਲਾ ਦੇਵੀ ਹੈਰਿਸ ਦਾ ਜਨਮ ਓਕਲੈਂਡ, ਕੈਲੀਫੋਰਨੀਆ ਵਿਚ 20 ਅਕਤੂਬਰ, 1964 ਨੂੰ ਸ਼ਿਆਮਲਾ ਗੋਪਾਲਨ ਅਤੇ ਡੋਨਾਲਡ ਹੈਰਿਸ ਦੇ ਘਰ ਹੋਇਆ ਸੀ। ਗੋਪਾਲਨ 19 ਸਾਲ ਦੀ ਉਮਰ ਵਿਚ ਭਾਰਤ ਤੋਂ ਅਮਰੀਕਾ ਆਇਆ ਸੀ। ਉਹ ਇੱਕ ਛਾਤੀ ਦੇ ਕੈਂਸਰ ਵਿਗਿਆਨੀ ਸੀ, ਜਦੋਂਕਿ ਡੋਨਾਲਡ ਹੈਰਿਸ ਸਟੈਨਫੋਰਡ ਯੂਨੀਵਰਸਿਟੀ ਵਿਚ ਇੱਕ ਪ੍ਰੋਫੈਸਰ ਸੀ।

■ ਬਾਕੀ ਖਬਰ ਸਫਾ 17 'ਤੇ

## ਕੈਨੇਡਾ ਨੇ ਟੈਂਪਰੇਰੀ ਵਰਕ ਵੀਜ਼ਾ 'ਤੇ ਪਾਬੰਦੀਆਂ ਕੀਤੀਆਂ ਸਖ਼ਤ




■ ਅਸਥਾਈ ਵਿਦੇਸ਼ੀ ਕਾਮਿਆਂ ਦੇ ਪ੍ਰੋਗਰਾਮ 'ਚ ਵੱਡੀਆਂ ਤਬਦੀਲੀਆਂ ਦਾ ਐਲਾਨ
■ ਕੁੱਝ ਉਦਯੋਗਾਂ 'ਤੇ ਵਿਦੇਸ਼ੀ ਕਾਮਿਆਂ ਨੂੰ ਰੁਜ਼ਗਾਰ ਦੇਣ 'ਤੇ ਲਾਈ ਜਾ ਸਕਦੀ ਹੈ ਪੂਰੀ ਤਰ੍ਹਾਂ ਪਾਬੰਦੀ
■ ਵਿਦਿਆਰਥੀਆਂ ਨੂੰ ਲੱਗਾ ਇਕ ਹੋਰ ਝਟਕਾ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ 'ਚ ਵਿਦਿਆਰਥੀਆਂ ਨੂੰ ਇਕ ਹੋਰ ਝਟਕਾ ਲੱਗਾ ਹੈ। ਸਰਕਾਰ ਨੇ ਹੁਣ ਉੱਥੇ ਅਸਥਾਈ ਵਰਕ ਵੀਜ਼ਾ 'ਤੇ ਪਾਬੰਦੀਆਂ ਸਖ਼ਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਕੈਨੇਡਾ ਨੇ ਆਪਣੇ ਅਸਥਾਈ ਵਿਦੇਸ਼ੀ ਕਾਮਿਆਂ ਦੇ ਪ੍ਰੋਗਰਾਮ ਵਿਚ ਵੱਡੀਆਂ ਤਬਦੀਲੀਆਂ ਦਾ ਐਲਾਨ ਕੀਤਾ ਹੈ, ਜਿਸਦਾ ਮਤਲਬ ਖਾਸ ਤੌਰ 'ਤੇ ਘੱਟ ਤਨਖਾਹ ਵਾਲੀਆਂ ਨੌਕਰੀਆਂ ਵਿਚ ਵਿਦੇਸ਼ੀ ਕਾਮਿਆਂ ਦੀ ਵਰਤੋਂ ਨੂੰ ਸੀਮਤ ਕਰਨਾ ਹੈ। ਰੁਜ਼ਗਾਰ ਮੰਤਰੀ ਰੈਂਡੀ ਬੋਇਸਨੌਲਟ ਨੇ ਵਪਾਰਕ ਸਮੂਹਾਂ ਨੂੰ ਸੂਚਿਤ ਕੀਤਾ ਕਿ ਉੱਚ ਜ਼ੋਖਮ ਵਾਲੇ ਖੇਤਰਾਂ ਦੀ ਨੇੜਿਓਂ ਨਿਗਰਾਨੀ ਕੀਤੀ ਜਾਵੇਗੀ। ਕੁਝ ਉਦਯੋਗਾਂ 'ਤੇ ਵਿਦੇਸ਼ੀ ਕਾਮਿਆਂ ਨੂੰ ਰੁਜ਼ਗਾਰ ਦੇਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾ ਸਕਦੀ ਹੈ।

2022 ਵਿਚ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਨੇ ਪ੍ਰੋਗਰਾਮ ਦਾ ਵਿਸਥਾਰ ਕੀਤਾ ਸੀ। ਇਸਨੇ ਅਸਥਾਈ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਕੰਪਨੀਆਂ ਦੀ ਯੋਗਤਾ ਵਿਚ ਮਹੱਤਵਪੂਰਨ ਵਾਧਾ ਕੀਤਾ। ਹਾਲਾਂਕਿ, ਇਸ ਕਾਰਨ ਸਰਕਾਰ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ, ਕਿਉਂਕਿ ਬੇਰੁਜ਼ਗਾਰੀ ਦਰ 6.4% ਹੋ ਗਈ ਹੈ। ਇਸਨੇ ਜ਼ਿਆਦਾਤਰ ਕੰਪਨੀਆਂ ਨੂੰ ਆਪਣੇ ਕਰਮਚਾਰੀਆਂ ਦੇ ਅਨੁਪਾਤ ਦੇ ਤੌਰ 'ਤੇ 20% ਤੱਕ ਅਸਥਾਈ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੱਤੀ, ਜਦੋਂ ਕਿ ਉਸਾਰੀ ਅਤੇ ਸਿਹਤ ਦੇਖਭਾਲ ਵਿਚ ਇਹ ਸੀਮਾ 30% ਤੱਕ ਸੀ। ਇਸ ਸਾਲ ਦੇ ਸ਼ੁਰੂ ਵਿਚ, ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਵਿਦੇਸ਼ੀ ਕਾਮਿਆਂ ਦੇ ਪ੍ਰੋਗਰਾਮ ਨੂੰ ਸਖ਼ਤ ਕਰਨਾ ਸ਼ੁਰੂ ਕੀਤਾ ਸੀ। ਉਸਨੇ ਅਸਥਾਈ ਨਿਵਾਸੀਆਂ ਦੀ ਸੰਖਿਆ 'ਤੇ ਸਮੁੱਚੀ ਸੀਮਾ ਲਗਾਉਣ ਦਾ ਵਾਅਦਾ ਵੀ ਕੀਤਾ। ਬੇਰੁਜ਼ਗਾਰੀ ਦੀ ਦਰ ਹੁਣ 6.4% 'ਤੇ ਹੈ, ਜੋ ਕਿ ਮਹਾਂਮਾਰੀ ਤੋਂ ਪਹਿਲਾਂ ਨਾਲੋਂ ਵੱਧ ਹੈ, ਅਤੇ ਸਭ ਤੋਂ ਘੱਟ ਉਮਰ ਦੇ ਕਾਮਿਆਂ ਲਈ ਬੇਰੁਜ਼ਗਾਰੀ ਦੀ ਦਰ 13.5% ਹੋ ਗਈ ਹੈ।

## ਅਮਰੀਕੀ ਆਗੂਆਂ ਦੀ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਹੇਠ ਵਿਅਕਤੀ ਗ੍ਰਿਫ਼ਤਾਰ



**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਸੁਰੱਖਿਆ ਦਸਤਿਆਂ ਨੇ ਪਾਕਿਸਤਾਨੀ ਮੂਲ ਦੇ 46 ਸਾਲਾ ਆਸਿਫ ਰਜ਼ਾ ਮਰਚੰਟ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫ਼ਤਾਰੀ ਪੈਨਿਸਲਵੇਨੀਆ 'ਚ ਇਕ ਰੈਲੀ ਦੌਰਾਨ ਟਰੰਪ 'ਤੇ ਹੋਏ ਹਮਲੇ ਤੋਂ 1 ਦਿਨ ਪਹਿਲਾਂ ਹੀ ਹੋਈ ਸੀ। ਸੁਰੱਖਿਆ ਦਸਤੇ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਕਿਤੇ ਆਸਿਫ ਰਜ਼ਾ ਮਰਚੰਟ ਉਸ ਕਾਂਡ ਵਿਚ ਸ਼ਾਮਲ ਤਾਂ ਨਹੀਂ ਸੀ।

ਆਸਿਫ ਨੂੰ ਉਦੋਂ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਉਹ ਇਰਾਨ ਵਿਚ ਦੋ ਹਫਤੇ ਬਿਤਾ ਕੇ ਵਾਪਸ ਅਮਰੀਕਾ ਆਇਆ ਸੀ। ਸੂਤਰਾਂ ਤੋਂ ਪਤਾ ਲੱਗਾ ਕਿ ਉਹ ਸ਼ੂਟਰਾਂ ਨੂੰ ਕਿਰਾਏ 'ਤੇ ਲੈ ਕੇ ਰਾਜਨੀਤਿਕ ਹਸਤੀਆਂ ਨੂੰ ਮਾਰਨ ਦੀ ਕੋਸ਼ਿਸ਼ ਵਿਚ ਸੀ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਇਸ ਨੇ ਟਰੰਪ ਦੀ ਵੀ ਹੱਤਿਆ ਕਰਵਾਉਣੀ ਸੀ। ਪਰ ਹਾਲੇ

■ ਬਾਕੀ ਖਬਰ ਸਫਾ 17 'ਤੇ

## ਅਕਾਲੀ ਦਲ ਦਾ ਜਨਰਲ ਡੈਲੀਗੇਟ ਇਜਲਾਸ ਨਵੰਬਰ ਮਹੀਨੇ 'ਚ




■ ਅਕਾਲੀ ਦਲ ਵੱਲੋਂ 4 ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਲੜਨ ਦਾ ਵੀ ਲਿਆ ਫੈਸਲਾ


**ਜਲੰਧਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਮੀਟਿੰਗ ਸੱਦੀ ਗਈ। ਇਸ ਦੌਰਾਨ ਬਾਗੀ ਧੜੇ ਖਿਲਾਫ ਐਕਸ਼ਨ ਪਲਾਨ ਤਿਆਰ ਕੀਤਾ ਗਿਆ ਹੈ, ਕਈ ਪ੍ਰੋਗਰਾਮ ਉਲੀਕੇ ਗਏ ਹਨ।

ਇਸ ਸਬੰਧੀ ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਕੋਰ ਕਮੇਟੀ ਦੀ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਆਉਣ ਵਾਲੇ ਲੰਬੇ ਸਮੇਂ ਦਾ ਏਜੰਡਾ ਤੈਅ ਕਰਨ ਵਾਸਤੇ ਤਿੰਨ ਰੋਜ਼ਾ ਜਨਰਲ ਡੈਲੀਗੇਟ ਇਜਲਾਸ ਸੱਦਿਆ ਗਿਆ ਹੈ, ਜੋ ਨਵੰਬਰ ਮਹੀਨੇ ਵਿਚ ਸ੍ਰੀ ਆਨੰਦਪੁਰ ਸਾਹਿਬ ਵਿਚ ਬੁਲਾਇਆ ਜਾਵੇਗਾ।

ਇਸ ਤੋਂ ਇਲਾਵਾ ਅਕਾਲੀ ਦਲ ਨੇ ਆਉਣ ਵਾਲੀਆਂ ਚਾਰ ਵਿਧਾਨ ਸਭਾ ਦੀਆਂ ਚਾਰ ਜ਼ਿਮਨੀ ਚੋਣਾਂ ਲੜਨ ਦਾ ਵੀ ਫੈਸਲਾ ਲਿਆ ਹੈ। ਇਸ ਸਬੰਧੀ ਚਾਰੇ ਹਲਕਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਪਾਰਟੀ ਦੇ ਸੀਨੀਅਰ ਲੀਡਰਾਂ ਦੀ ਡਿਊਟੀ ਲਾਈ ਜਾਵੇਗੀ। ਅਕਾਲੀ ਦਲ ਦੇ ਤਿੰਨ ਤੋਂ ਚਾਰ ਲੀਡਰ ਇੱਕ ਹਲਕੇ 'ਚ ਅਬਜ਼ਰਵਰ ਲਗਾਏ ਜਾਣਗੇ, ਜੋ ਉਮੀਦਵਾਰਾਂ ਦੇ ਨਾਮ ਵੀ ਸੁਝਾਅ ਕਰੇਗਾ।

■ ਬਾਕੀ ਖਬਰ ਸਫਾ 17 'ਤੇ

## ਬੰਗਲਾਦੇਸ਼ 'ਚ ਤਖਤਾਪਲਟ ਅਤੇ ਹਿੰਸਾ 'ਤੇ ਅਮਰੀਕਾ ਵੱਲੋਂ ਪ੍ਰਤੀਕਿਰਿਆ ਜ਼ਾਹਿਰ



**ਵਾਸ਼ਿੰਗਟਨ, (ਪੰਜਾਬ ਮੇਲ)-** ਬੰਗਲਾਦੇਸ਼ ਵਿਚ ਜਾਰੀ ਹਿੰਸਾ ਦਰਮਿਆਨ ਅਮਰੀਕਾ ਦੀ ਪਹਿਲੀ ਪ੍ਰਤੀਕਿਰਿਆ ਆਈ ਹੈ। ਬੰਗਲਾਦੇਸ਼ ਦੀ ਮੌਜੂਦਾ ਸਥਿਤੀ 'ਤੇ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ, ''ਅਸੀਂ ਇਸ ਘੋਸ਼ਣਾ ਨੂੰ ਨੋਟ ਕੀਤਾ ਹੈ ਕਿ ਪ੍ਰਧਾਨ ਮੰਤਰੀ ਹਸੀਨਾ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਬੰਗਲਾਦੇਸ਼ ਛੱਡ ਦਿੱਤੀ ਹੈ। ਅਸੀਂ ਸਥਿਤੀ

■ ਬਾਕੀ ਖਬਰ ਸਫਾ 17 'ਤੇ

## ਐਲਕ ਗਰੋਵ ਤੀਆਂ 11 ਅਗਸਤ ਨੂੰ, ਤਿਆਰੀਆਂ ਮੁਕੰਮਲ





**ਸੈਕਰਾਮੈਂਟੋ, (ਪੰਜਾਬ ਮੇਲ)-** ਇੰਟਰਨੈਸ਼ਨਲ ਪੰਜਾਬੀ ਕਲਚਰਲ ਅਕੈਡਮੀ ਵੱਲੋਂ 16ਵਾਂ ਸਾਲਾਨਾ 'ਤੀਆਂ ਦਾ ਮੇਲਾ' ਇਸ ਵਾਰ 11 ਅਗਸਤ, ਦਿਨ ਐਤਵਾਰ ਨੂੰ ਐਲਕ ਗਰੋਵ ਪਾਰਕ ਵਿਖੇ ਦੁਪਹਿਰ 2 ਵਜੇ ਤੋਂ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਪੰਜਾਬ ਵਾਂਗ ਦਰੱਖਤਾਂ ਦੀ ਛਾਂ ਹੇਠ ਕਰਵਾਈਆਂ ਜਾਂਦੀਆਂ ਇਨ੍ਹਾਂ ਤੀਆਂ ਵਿਚ ਗਿੱਧੇ, ਭੰਗੜੇ, ਗੀਤ-ਸੰਗੀਤ, ਡੀ.ਜੇ., ਸੁਹਾਗ, ਸਿੱਠਣੀਆਂ, ਬੋਲੀਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਕੱਪੜੇ, ਗਹਿਣੇ, ਦੇਸੀ ਜੁੱਤੀਆਂ, ਮਹਿੰਦੀ, ਖਾਣ-ਪੀਣ ਤੋਂ ਇਲਾਵਾ ਹੋਰ ਵੀ ਸੱਭਿਆਚਾਰਕ ਆਈਟਮਾਂ ਦੇ ਸਟਾਲ ਲੱਗਣਗੇ। ਸਿਰਫ ਔਰਤਾਂ ਲਈ ਹੋਣ ਵਾਲੀਆਂ ਇਨ੍ਹਾਂ ਤੀਆਂ ਲਈ ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ। ਹੋਰ ਜਾਣਕਾਰੀ ਲਈ ਸਫਾ ਨੰਬਰ 2 'ਤੇ ਲੱਗੇ ਇਸ਼ਤਿਹਾਰ ਨੂੰ ਦੇਖੋ।

## ਅਮਰੀਕੀ ਸੰਸਦ ਮੈਂਬਰਾਂ ਵੱਲੋਂ ਓਕ ਕਰੀਕ ਗੁਰਦੁਆਰਾ ਗੋਲੀਬਾਰੀ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ




**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਸੰਸਦ ਮੈਂਬਰਾਂ ਨੇ 12 ਸਾਲ ਪਹਿਲਾਂ ਮਿਲਵਾਕੀ ਗੁਰਦੁਆਰੇ ਵਿਚ ਹੋਏ ਕਤਲੇਆਮ ਵਿਚ ਮਾਰੇ ਗਏ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਉਨ੍ਹਾਂ ਨੇ ਕੱਟੜਤਾ ਨੂੰ ਰੱਦ ਕਰਨ ਅਤੇ ਨਫ਼ਰਤ ਤੇ ਨਸਲਵਾਦ ਨਾਲ ਲੜਨ ਦੀ ਆਪਣੀ ਵਚਨਬੱਧਤਾ ਜ਼ਾਹਰ ਕਰਦੇ ਹੋਏ ਅਮਰੀਕਾ ਵਿਚ ਬੰਦੂਕ ਹਿੰਸਾ ਦੇ ਰੁਝਾਨ ਨੂੰ ਖ਼ਤਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਲਿੰਡਾ ਥਾਮਸ-ਗ੍ਰੀਨਫੀਲਡ ਨੇ ''ਅਮਰੀਕੀ ਧਰਤੀ 'ਤੇ ਸਿੱਖਾਂ ਦੇ ਸਭ ਤੋਂ ਘਾਤਕ ਕਤਲੇਆਮ'' ਦੀ 12ਵੀਂ ਬਰਸੀ 'ਤੇ ਵਿਸਕਾਨਸਿਨ ਸ਼ਹਿਰ ਦੇ ਓਕ ਕਰੀਕ ਵਿਖੇ ਸਿੱਖ ਗੁਰਦੁਆਰੇ ਦਾ ਦੌਰਾ ਕੀਤਾ। ਇੱਥੇ 12 ਸਾਲ ਪਹਿਲਾਂ ਇੱਕ ਗੋਰੇ ਨੇ ਸਿੱਖ

■ ਬਾਕੀ ਖਬਰ ਸਫਾ 17 'ਤੇ




International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
Tiyaan Teej Diyan
16th Annual Women Festival
August 11th, Sunday, 2024
(2.30pm to 6.30 pm)
Free Entry
ਤੀਆਂ ਤੀਜ਼ ਦੀਆਂ
ਐਲਕ ਗਰੋਵ ਪਾਰਕ ਵਿਚ
Only For Ladies
11 ਅਗਸਤ 2024, ਦਿਨ ਐਤਵਾਰ
(ਦੁਪਿਹਰ 3.00 ਤੋਂ ਸ਼ਾਮ 6.30 ਵਜੇ ਤੱਕ)
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
Team Enter and Information
916-240-6969, 916-753-5933, 916-897-4414
TV Coverage by
PUNJAB MAIL USA TV Channel
Elk Grove Regional Park, 9950 Elk Grove Florin Rd, Elk Grove CA 95624
Copyright @ Punjab Mail USA

# ਵਲੇਹੋਂ ਦੀਆਂ ਤੀਆਂ ਸ਼ਾਨੋ-ਸ਼ੌਕਤ ਨਾਲ ਸੰਪੰਨ














**ਵਲੇਹੋਂ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਵਲੇਹੋਂ ਸ਼ਹਿਰ ਵਿਖੇ ਪਿਛਲੇ ਲੰਮੇ ਸਮੇਂ ਤੋਂ ਤੀਆਂ ਦਾ ਮੇਲਾ ਸ਼ਾਨੋ-ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ। ਇਸ ਵਾਰ ਵੀ ਸੁਨੀਤਾ ਵਰਮਾ ਅਤੇ ਉਨ੍ਹਾਂ ਦੀਆਂ ਸਾਥਣਾਂ ਵੱਲੋਂ ਤੀਆਂ ਬੜੀ ਸ਼ਾਨ ਅਤੇ ਕਾਮਯਾਬੀ ਨਾਲ ਕਰਵਾਈਆਂ ਗਈਆਂ। ਡੈਨ ਫੋਲੇ ਕਲਚਰਲ ਸੈਂਟਰ ਵਿਖੇ ਹੋਈਆਂ ਇਨ੍ਹਾਂ ਤੀਆਂ ਵਿਚ ਬੀਬੀਆਂ ਨੇ ਪੰਜਾਬੀ ਪਹਿਰਾਵੇ ਵਿਚ ਪਹੁੰਚ ਕੇ ਆਨੰਦ ਮਾਣਿਆ। ਤੀਆਂ ਦੀ ਪ੍ਰਬੰਧਕਾਂ ਨੇ ਆਏ ਹੋਏ ਮਹਿਮਾਨਾਂ ਅਤੇ ਕਲਾਕਾਰਾਂ ਨੂੰ ਜੀ ਆਇਆਂ ਨੂੰ ਕਿਹਾ। ਇਸ ਉਪਰੰਤ ਸਟੇਜ ਸਕੱਤਰ ਆਸ਼ਾ ਸ਼ਰਮਾ ਨੇ ਇਨ੍ਹਾਂ ਤੀਆਂ ਦੀ ਰੌਣਕ ਨੂੰ ਬਰਕਰਾਰ ਰੱਖਦਿਆਂ ਹੋਇਆਂ ਇਕ ਵਾਰ ਫਿਰ ਸਫਲ ਪੇਸ਼ਕਾਰੀ ਕੀਤੀ ਅਤੇ ਵਾਰੋ-ਵਾਰੀ ਟੀਮਾਂ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਛੋਟੀ ਬੱਚੀਆਂ ਤੋਂ ਲੈ ਕੇ ਬਜ਼ੁਰਗ ਬੀਬੀਆਂ ਨੇ ਸਾਰਾ ਦਿਨ ਸਟੇਜ 'ਤੇ ਧਮਾਲਾਂ ਪਾਈਆਂ। ਬੀਬੀਆਂ ਵੱਲੋਂ ਗਿੱਧੇ, ਬੋਲੀਆਂ, ਪੰਜਾਬੀ ਸੱਭਿਆਚਾਰਕ ਗੀਤ, ਡਾਂਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਆਈਟਮਾਂ ਪੇਸ਼ ਕੀਤੀਆਂ ਗਈਆਂ। ਇਸ ਤੋਂ ਇਲਾਵਾ ਡੀ.ਜੇ. 'ਤੇ ਵੀ ਨੱਚ-ਗਾ ਕੇ ਔਰਤਾਂ ਨੇ ਤੀਆਂ ਦੇ ਇਸ ਤਿਉਹਾਰ ਦੀ ਖੁਸ਼ੀ ਮਨਾਈ। ਇਸ ਦੌਰਾਨ ਕੱਪੜੇ, ਗਹਿਣੇ, ਪੰਜਾਬੀ ਜੁੱਤੀ, ਮਹਿੰਦੀ, ਖਾਣ-ਪੀਣ ਤੋਂ ਇਲਾਵਾ ਹੋਰ ਵੀ ਸੱਭਿਆਚਾਰਕ ਆਈਟਮਾਂ ਦੇ ਸਟਾਲ ਲਗਾਏ ਗਏ, ਜਿੱਥੋਂ ਬੀਬੀਆਂ ਨੇ ਖਰੀਦੋ-ਫਰੋਖਤ ਕੀਤੀ। ਪੂਰਾ ਹਾਲ ਖਚਾਖਚ ਭਰਿਆ ਹੋਇਆ ਸੀ। ਇਨ੍ਹਾਂ ਤੀਆਂ 'ਚ ਇੰਝ ਮਹਿਸੂਸ ਹੋ ਰਿਹਾ ਸੀ, ਜਿਵੇਂ ਸਾਰਾ ਪੰਜਾਬ ਹੀ ਉਥੇ ਉਮੜ ਕੇ ਆ ਗਿਆ ਹੋਵੇ।

ਅਖੀਰ ਵਿਚ ਸੁਨੀਤਾ ਵਰਮਾ ਨੇ ਸਮੂਹ ਆਏ ਹੋਏ ਮਹਿਮਾਨਾਂ, ਸਪਾਂਸਰਾਂ ਅਤੇ ਸਟੇਜ 'ਤੇ ਪੇਸ਼ਕਾਰੀ ਕਰਨ ਵਾਲੇ ਕਲਾਕਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਕੁੱਲ ਮਿਲਾ ਕੇ ਇਹ ਤੀਆਂ ਕਾਮਯਾਬੀ ਨਾਲ ਸੰਪੰਨ ਹੋ ਗਈਆਂ।

# ਮੋਨਟਾਨਾ ਰਾਜ 'ਚ ਪਹਾੜੀ ਤੋਂ ਨਦੀ 'ਚ ਡਿੱਗੇ ਭਾਰਤੀ ਨੌਜਵਾਨ ਦੀ ਲਾਸ਼ ਬਰਾਮਦ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਪਿਛਲੇ ਮਹੀਨੇ ਦੇ ਸ਼ੁਰੂ 'ਚ ਅਮਰੀਕਾ ਦੇ ਮੋਨਟਾਨਾ ਰਾਜ 'ਚ ਗਲੇਸ਼ੀਅਰ ਨੈਸ਼ਨਲ ਪਾਰਕ ਵਿਖੇ ਆਪਣੇ ਦੋਸਤਾਂ ਨਾਲ ਮੌਜ ਮਸਤੀ ਕਰਨ ਗਏ 26 ਸਾਲਾ ਭਾਰਤੀ ਸਿਧਾਂਤ ਵਿਠਲ ਪਾਟਿਲ ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਕੈਲੀਫੋਰਨੀਆ ਵਾਸੀ ਪਾਟਿਲ ਆਪਣੇ 7 ਦੋਸਤਾਂ ਨਾਲ ਪਾਰਕ 'ਚ ਲੰਬੀ ਸੈਰ 'ਤੇ ਗਿਆ ਸੀ। ਉਹ ਇਕ ਪਹਾੜੀ ਉਪਰ ਖੜ੍ਹਾ ਸੀ ਕਿ ਅਚਾਨਕ ਡਾਵਾਂਡੋਲ ਹੋ ਕੇ ਡੂੰਘੀ ਖੱਡ ਨੁਮਾ ਨਦੀ ਵਿਚ ਜਾ ਡਿੱਗਾ। ਪਾਟਿਲ ਦੇ ਦੋਸਤਾਂ ਤੇ ਮੌਕੇ 'ਤੇ ਮੌਜੂਦ ਹੋਰ ਲੋਕਾਂ ਨੇ ਉਸ ਨੂੰ ਡਿੱਗਦਿਆਂ ਵੇਖਿਆ ਸੀ। ਉਨ੍ਹਾਂ ਨੇ ਹੇਠਾਂ ਜਾ ਕੇ ਪਾਣੀ ਵਿਚ ਉਸ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ। ਗਲੇਸ਼ੀਅਰ ਨੈਸ਼ਨਲ ਪਾਰਕ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਡੂੰਘੇ ਪਾਣੀ ਕਾਰਨ ਪਾਟਿਲ ਦੀ ਲਾਸ਼ ਲੱਭਣ 'ਚ ਮੁਸ਼ਕਿਲ ਆ ਰਹੀ ਸੀ। ਪਰੰਤੂ ਅੰਤ ਵਿਚ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਫਲ ਹੋਈਆਂ ਹਨ। ਪਾਟਿਲ ਦੇ ਚਾਚਾ ਪ੍ਰਤੇਸ਼ ਚੌਧਰੀ ਨੇ ਕਿਹਾ ਹੈ ਕਿ ਯੂ.ਐੱਸ. ਰੇਂਜਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਵਿਠਲ ਦੀ ਲਾਸ਼ ਬਰਾਮਦ ਹੋਣ ਬਾਰੇ ਦੱਸਿਆ ਹੈ। ਉਨ੍ਹਾਂ ਨੇ ਰੇਂਜਰਾਂ ਦਾ ਧੰਨਵਾਦ ਕੀਤਾ ਹੈ। ਨੈਸ਼ਨਲ ਪਾਰਕ ਦੇ ਅਧਿਕਾਰੀਆਂ ਨੇ ਪਾਟਿਲ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਪਾਟਿਲ ਦੀ ਲਾਸ਼ ਬਰਾਮਦ ਹੋਣ ਨਾਲ ਉਨ੍ਹਾਂ ਨੂੰ ਕੁਝ ਹੌਂਸਲਾ ਮਿਲੇਗਾ।



ਸਿਧਾਂਤ ਵਿਠਲ ਪਾਟਿਲ

# ਨਿਊਯਾਰਕ ਅਦਾਲਤ ਵੱਲੋਂ ਡੋਨਾਲਡ ਟਰੰਪ ਨੂੰ ਫਿਰ ਤੋਂ ਝਟਕਾ

**■ ਪੋਰਨ ਸਟਾਰ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਖਾਰਜ**

ਨਿਊਯਾਰਕ, (ਪੰਜਾਬ ਮੇਲ)- ਡੋਨਾਲਡ ਟਰੰਪ ਨੂੰ ਨਿਊਯਾਰਕ ਦੀ ਇਕ ਅਪੀਲ ਕੋਰਟ ਤੋਂ ਇਕ ਵਾਰ ਫਿਰ ਝਟਕਾ ਲੱਗਾ ਹੈ। ਅਦਾਲਤ ਨੇ ਚੁੱਪ ਰਹਿਣ ਲਈ ਪੈਸੇ ਦੇਣ ਦੇ ਅਪਰਾਧਿਕ ਮਾਮਲੇ ਵਿਚ 'ਗੈਗ ਆਰਡਰ' ਨੂੰ ਖ਼ਤਮ ਕਰਨ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ, ਰਿਪਬਲਿਕਨਾਂ ਨੇ ਸਾਬਕਾ ਰਾਸ਼ਟਰਪਤੀ ਦੀ ਇਸ ਦਲੀਲ ਨੂੰ ਵੀ ਖਾਰਜ ਕਰ ਦਿੱਤਾ ਹੈ ਕਿ ਮਈ ਵਿਚ ਉਨ੍ਹਾਂ ਨੂੰ ਦੋਸ਼ੀ ਠਹਿਰਾਏ ਜਾਣ ਦੇ ਨਤੀਜੇ ਵਜੋਂ 'ਹਾਲਾਤਾਂ ਵਿਚ ਤਬਦੀਲੀ' ਕਾਰਨ ਪਾਬੰਦੀਆਂ ਹਟਾਉਣ ਦੀ ਜ਼ਰੂਰਤ ਹੋਈ ਹੈ।

ਰਾਜ ਦੀ ਮੱਧ-ਪੱਧਰੀ ਅਪੀਲ ਅਦਾਲਤ ਦੇ ਪੰਜ ਜੱਜਾਂ ਦੇ ਪੈਨਲ ਨੇ ਫੈਸਲਾ ਸੁਣਾਇਆ ਕਿ ਟ੍ਰਾਇਲ ਜੱਜ ਜੁਆਨ ਐੱਮ. ਮਰਚਨ ਟਰੰਪ ਦੀ ਸਜ਼ਾ ਸੁਣਾਏ ਜਾਣ ਤੱਕ ਗੈਗ ਆਰਡਰ ਦੇ ਕੁਝ ਹਿੱਸਿਆਂ ਨੂੰ ਵਧਾਉਣ ਵਿਚ ਸਹੀ ਸੀ। ਉਸ ਨੇ ਲਿਖਿਆ ਕਿ 'ਨਿਆਂ ਦੇ ਨਿਰਪੱਖ ਪ੍ਰਸ਼ਾਸਨ ਵਿਚ ਸਜ਼ਾ ਵੀ ਸ਼ਾਮਲ ਹੈ'। ਮਾਰਚੇਨ ਨੇ ਮਾਰਚ ਵਿਚ ਗੈਗ ਆਰਡਰ ਲਾਗੂ ਕੀਤਾ ਸੀ, ਜਦੋਂ ਸਰਕਾਰੀ ਵਕੀਲਾਂ ਨੇ ਆਪਣੇ ਕੇਸਾਂ ਵਿਚ ਸ਼ਾਮਲ ਲੋਕਾਂ 'ਤੇ ਹਮਲਾ ਕਰਨ ਦੀ ਟਰੰਪ ਦੀ ਆਦਤ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਸਨ। ਤੁਹਾਨੂੰ ਦੱਸ ਦੇਈਏ ਕਿ ਟਰੰਪ ਨੇ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਗਲਤੀ ਤੋਂ ਇਨਕਾਰ ਕੀਤਾ ਹੈ।

## ਭਾਰਤੀ-ਅਮਰੀਕੀ ਡਾਕਟਰ ਐਰੀਜ਼ੋਨਾ ਤੋਂ ਹੋਵੇਗਾ ਡੈਮੋਕ੍ਰੇਟ ਉਮੀਦਵਾਰ

ਐਰੀਜ਼ੋਨਾ, (ਪੰਜਾਬ ਮੇਲ)- ਭਾਰਤੀ-ਅਮਰੀਕੀ ਡਾਕਟਰ ਅਮੀਸ਼ ਸ਼ਾਹ ਨੇ ਐਰੀਜ਼ੋਨਾ ਤੋਂ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਾਇਮਰੀ ਵਿਚ ਜਿੱਤ ਦਰਜ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਨਵੰਬਰ 'ਚ ਹੋਣ ਵਾਲੀਆਂ ਚੋਣਾਂ 'ਚ ਐਰੀਜ਼ੋਨਾ ਤੋਂ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। 47 ਸਾਲਾ ਅਮੀਸ਼ ਸ਼ਾਹ ਦੇ ਮੁੱਖ ਵਿਰੋਧੀ ਆਂਦਰੇਈ ਚੈਰਨੀ ਨੇ ਵੀਰਵਾਰ ਨੂੰ ਆਪਣੀ ਹਾਰ ਸਵੀਕਾਰ ਕਰ ਲਈ, ਜਿਸ ਤੋਂ ਬਾਅਦ ਐਰੀਜ਼ੋਨਾ ਤੋਂ ਭਾਰਤੀ ਮੂਲ ਦੇ ਡਾਕਟਰ ਦੀ ਉਮੀਦਵਾਰੀ ਦੀ ਪੁਸ਼ਟੀ ਹੋ ਗਈ। ਅਮੀਸ਼ ਸ਼ਾਹ ਇਸ ਤੋਂ ਪਹਿਲਾਂ ਸੂਬੇ ਦੇ ਹੇਠਲੇ ਸਦਨ ਦੇ ਮੈਂਬਰ ਵੀ ਰਹਿ ਚੁੱਕੇ ਹਨ। ਪ੍ਰਾਇਮਰੀ ਚੋਣ ਵਿਚ ਸ਼ਾਹ ਨੂੰ 1629 ਵੋਟਾਂ ਮਿਲੀਆਂ, ਜੋ ਕੁੱਲ ਵੋਟਾਂ ਦਾ 23.4 ਫ਼ੀਸਦੀ ਬਣਦਾ ਹੈ। ਸ਼ਾਹ ਦੇ ਮੁੱਖ ਵਿਰੋਧੀ ਚੈਰਨੀ ਨੂੰ 21.4 ਫ਼ੀਸਦੀ ਵੋਟਾਂ ਨਾਲ ਸਬਰ ਕਰਨਾ ਪਿਆ।

## ਪੰਨੂ ਮਾਮਲੇ 'ਚ ਅਮਰੀਕਾ ਨੂੰ ਭਾਰਤ ਤੋਂ ਜਵਾਬਦੇਹੀ ਦੀ ਉਮੀਦ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਵਿਦੇਸ਼ ਮੰਤਰਾਲੇ ਦੇ ਉਪ ਤਰਜਮਾਨ ਵੇਦਾਂਤ ਪਟੇਲ ਕਿਹਾ ਕਿ ਪਿਛਲੇ ਸਾਲ ਅਮਰੀਕੀ ਧਰਤੀ 'ਤੇ ਉਨ੍ਹਾਂ ਦੇ ਇਕ ਨਾਗਰਿਕ (ਗੁਰਪਤਵੰਤ ਸਿੰਘ ਪੰਨੂ) ਦੀ ਹੱਤਿਆ ਦੀ ਕੋਸ਼ਿਸ਼ ਮਾਮਲੇ ਵਿਚ ਭਾਰਤ ਦੇ ਇਕ ਸਰਕਾਰੀ ਅਧਿਕਾਰੀ ਦੀ ਕਥਿਤ ਭੂਮਿਕਾ ਦੇ ਸਬੰਧ ਵਿਚ ਉਨ੍ਹਾਂ ਦਾ ਮੁਲਕ ਭਾਰਤ ਤੋਂ ਜਵਾਬਦੇਹੀ ਦੀ ਉਮੀਦ ਕਰਦਾ ਹੈ। ਪਿਛਲੇ ਸਾਲ ਨਵੰਬਰ ਵਿਚ ਅਮਰੀਕੀ ਸੰਘੀ ਵਕੀਲਾਂ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਇਕ ਭਾਰਤੀ ਸਰਕਾਰੀ ਅਧਿਕਾਰੀ ਨਾਲ ਮਿਲ ਕੇ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦਾ ਦੋਸ਼

# ਕੈਲੀਫੋਰਨੀਆ ਗਵਰਨਰ ਨੇ ਭਾਈਚਾਰਿਆਂ 'ਚ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਚੁੱਕੇ ਕਦਮ




ਕੈਲੀਫੋਰਨੀਆ, (ਪੰਜਾਬ ਮੇਲ)- ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ 30 ਜੁਲਾਈ ਨੂੰ ਐਲਾਨ ਕੀਤਾ ਕਿ ਰਾਜ ਫੰਡਾਂ ਦੀ ਵੰਡ ਨੂੰ ਤੇਜ਼ੀ ਨਾਲ ਟਰੈਕ ਕਰ ਰਿਹਾ ਹੈ ਅਤੇ ਹੁਣ 76 ਮਿਲੀਅਨ ਡਾਲਰ ਗ੍ਰਾਂਟ ਫੰਡਿੰਗ ਲਈ ਅਰਜ਼ੀਆਂ ਸਵੀਕਾਰ ਕਰ ਰਿਹਾ ਹੈ। ਇਸ ਫੰਡਿੰਗ ਦਾ ਉਦੇਸ਼ ਗੈਰ-ਮੁਨਾਫ਼ਿਆਂ ਲਈ ਸੁਰੱਖਿਆ ਨੂੰ ਵਧਾਉਣਾ ਹੈ, ਜਿਸ ਵਿਚ ਸਿਨਾਗੌਗ, ਮਸਜਿਦਾਂ ਅਤੇ ਬਲੈਕ ਅਤੇ LGBTQ+ ਸੰਸਥਾਵਾਂ ਸ਼ਾਮਲ ਹਨ, ਜੋ ਨਫ਼ਰਤ-ਅਧਾਰਤ ਅਪਰਾਧਾਂ ਦੇ ਵਧੇਰੇ ਜ਼ੋਖਮ ਵਿਚ ਹਨ।

ਕੈਲੀਫੋਰਨੀਆ ਰਾਜ ਗੈਰ-ਲਾਭਕਾਰੀ ਸੁਰੱਖਿਆ ਗ੍ਰਾਂਟ ਪ੍ਰੋਗਰਾਮ ਗੈਰ-ਲਾਭਕਾਰੀ ਸੰਗਠਨਾਂ ਨੂੰ ਸੁਰੱਖਿਆ ਸੁਧਾਰਾਂ ਜਿਵੇਂ ਕਿ ਮਜ਼ਬੂਤੀ ਵਾਲੇ ਦਰਵਾਜ਼ੇ, ਗੇਟ, ਉੱਚ-ਤੀਬਰਤਾ ਵਾਲੀ ਰੋਸ਼ਨੀ, ਪਹੁੰਚ ਨਿਯੰਤਰਣ ਪ੍ਰਣਾਲੀਆਂ ਅਤੇ ਨਿਰੀਖਣ ਅਤੇ ਸਕ੍ਰੀਨਿੰਗ ਪ੍ਰਣਾਲੀਆਂ ਲਈ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ, ਇੱਕ ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ ਹੈ।

ਨਿਊਜ਼ਮ ਨੇ ਇੱਕ ਬਿਆਨ ਵਿਚ ਕਿਹਾ, "ਕਿਸੇ ਵੀ ਭਾਈਚਾਰੇ ਦੇ ਖਿਲਾਫ ਹਮਲਾ ਸਾਡੇ ਪੂਰੇ ਰਾਜ ਅਤੇ ਸਾਡੀਆਂ ਕਦਰਾਂ-ਕੀਮਤਾਂ 'ਤੇ ਹਮਲਾ ਹੈ।" ਹਰ ਕੈਲੀਫੋਰਨੀਆ ਵਾਸੀ ਨਫ਼ਰਤ ਦੇ ਡਰ ਤੋਂ ਬਿਨਾਂ, ਪੂਜਾ ਕਰਨ, ਪਿਆਰ ਕਰਨ ਅਤੇ ਸੁਰੱਖਿਅਤ ਢੰਗ ਨਾਲ ਇਕੱਠੇ ਹੋਣ ਦੀ ਯੋਗਤਾ ਦਾ ਹੱਕਦਾਰ ਹੈ। ਫੰਡਿੰਗ ਦੇ ਇਸ ਨਵੇਂ ਦੌਰ ਦਾ ਉਦੇਸ਼ ਉੱਚ ਜ਼ੋਖਮ ਵਾਲੀਆਂ ਸੰਸਥਾਵਾਂ ਨੂੰ ਹਿੰਸਕ ਹਮਲਿਆਂ ਅਤੇ ਨਫ਼ਰਤੀ ਅਪਰਾਧਾਂ ਤੋਂ ਆਪਣੇ ਆਪ ਨੂੰ ਬਚਾਉਣ ਵਿਚ ਮਦਦ ਕਰਨਾ ਹੈ।

# ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁਖੀ ਨਿਯੁਕਤ



ਢਾਕਾ, (ਪੰਜਾਬ ਮੇਲ)- ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਨੂੰ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ ਯੂਨਸ ਦੀ ਨਿਯੁਕਤੀ ਦਾ ਐਲਾਨ ਕੀਤਾ। ਪ੍ਰੈਸ ਸਕੱਤਰ ਨੇ ਮੰਗਲਵਾਰ ਰਾਤ ਨੂੰ ਦੱਸਿਆ ਕਿ ਅੰਤਰਿਮ ਸਰਕਾਰ ਦੀ ਨਿਯੁਕਤੀ ਦਾ ਫੈਸਲਾ ਰਾਸ਼ਟਰਪਤੀ ਅਤੇ ਵਿਤਕਰੇ ਵਿਰੋਧੀ ਵਿਦਿਆਰਥੀ ਅੰਦੋਲਨ ਦੇ ਸੰਯੋਜਕਾਂ ਵਿਚਕਾਰ ਹੋਈ ਮੀਟਿੰਗ ਦੌਰਾਨ ਲਿਆ ਗਿਆ।

ਮੁਹੰਮਦ ਯੂਨਸ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਦੀ ਭੂਮਿਕਾ ਨਿਭਾਉਣ ਲਈ ਸਹਿਮਤ ਹੋ ਗਏ ਹਨ। ਯੂਨਸ ਨੇ ਕਿਹਾ ਕਿ ਜਦੋਂ ਉਨ੍ਹਾਂ ਨਾਲ ਪਹਿਲੀ ਵਾਰ ਸੰਪਰਕ ਕੀਤਾ ਗਿਆ ਸੀ, ਤਾਂ ਉਹ ਝਿਜਕ ਰਹੇ ਸਨ ਪਰ ਕਿਹਾ ਕਿ ਉਹ ਸਹਿਮਤ ਹਨ ਕਿਉਂਕਿ ਦੇਸ਼ ਨੂੰ ਸਹੀ ਢੰਗ ਨਾਲ ਚਲਾਉਣ ਲਈ ਕਿਸੇ ਨੂੰ ਜ਼ਿੰਮੇਵਾਰੀ ਲੈਣ ਦੀ ਜ਼ਰੂਰਤ ਹੈ। ਯੂਨਸ ਨੇ ਕਥਿਤ ਤੌਰ 'ਤੇ ਕਿਹਾ, "ਜਦੋਂ ਮੈਨੂੰ ਪਹਿਲੀ ਵਾਰ ਵਿਦਿਆਰਥੀਆਂ ਵੱਲੋਂ ਸੰਪਰਕ ਕੀਤਾ ਗਿਆ ਸੀ, ਤਾਂ ਮੈਂ ਝਿਜਕਿਆ ਸੀ ਅਤੇ ਆਪਣੀਆਂ ਮੌਜੂਦਾ ਵਚਨਬੱਧਤਾਵਾਂ ਦਾ ਜ਼ਿਕਰ ਕੀਤਾ ਸੀ। ਹਾਲਾਂਕਿ, ਵਿਦਿਆਰਥੀ ਆਪਣੀਆਂ ਬੇਨਤੀਆਂ 'ਤੇ ਅਡੋਲ ਰਹੇ ਸਨ।"

## ਸਿਆਟਲ 'ਚ ਧਾਰਮਿਕ ਪੰਜਾਬੀ ਨਾਟਕ 'ਜ਼ਫਰਨਾਮਾ' ਸੁਰਿੰਦਰ ਧਨੋਆ ਦੇ ਦਿਸ਼ਾ ਨਿਰਦੇਸ਼ ਅਨੁਸਾਰ ਖੇਡਿਆ ਗਿਆ

### -ਦਰਸ਼ਕਾਂ ਨੇ ਕੀਤਾ ਖੂਬ ਪਸੰਦ



ਸਿਮਰਨ ਸਿੰਘ ਸਾਡਾ ਟੀ.ਵੀ. ਅਤੇ ਸਿਮਰਨ ਪ੍ਰੋਡਕਸ਼ਨ ਦੇ ਸੰਚਾਲਕ।

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- 3 ਅਗਸਤ, ਸ਼ਨਿਵਾਰ ਸਿਆਟਲ ਵਿਖੇ ਪੰਜਾਬ ਲੋਕ ਰੰਗਮੰਚ ਦੇ ਸ. ਸੁਰਿੰਦਰ ਸਿੰਘ ਧਨੋਆ ਦੁਆਰਾ ਨਿਰਦੇਸ਼ਤ ਇਤਿਹਾਸਕ ਨਾਟਕ 'ਜ਼ਫਰਨਾਮਾ' ਅੰਬਰਨ ਪ੍ਰਫੌਰਮੈਂਸ ਆਰਟ ਸੈਂਟਰ ਵਿਚ ਖੇਡਿਆ ਗਿਆ।

ਪਹਾੜੀ ਰਾਜਿਆਂ ਦੇ ਦੋਗਲੇ ਕਿਰਦਾਰ ਨੂੰ ਉਘੇੜਦਾ ਅਨੰਦਪੁਰ ਸਾਹਿਬ ਦੇ ਕਿਲ੍ਹੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਦਰਸਾਉਂਦਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਾਦਸ਼ਾਹ ਔਰੰਗਜ਼ੇਬ ਨੂੰ 'ਫਤਿਹ ਪੱਤਰ-ਜ਼ਫਰਨਾਮਾ' ਪੇਸ਼ ਕੀਤਾ ਗਿਆ। ਇਹ ਨਾਟਕ ਵੇਖ ਦਰਸ਼ਕ ਭਾਵੁਕ ਹੋ ਉੱਠੇ। ਇਸ ਨਾਟਕ ਵਿਚ ਔਰੰਗਜ਼ੇਬ ਦੇ ਆਖਰੀ ਦਿਨਾਂ ਨੂੰ ਬਾਖੂਬੀ ਦਰਸਾਇਆ ਗਿਆ। ਇਸ ਪੇਸ਼ਕਸ਼ 'ਤੇ ਸਾਡਾ ਟੀ.ਵੀ. ਅਤੇ ਸਿਮਰਨ ਪ੍ਰੋਡਕਸ਼ਨ ਦੇ ਸੰਚਾਲਕ ਸਿਮਰਨ ਸਿੰਘ ਦੀ ਬਹੁਤ ਸਲਾਹਨਾ ਕੀਤੀ ਗਈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸਰਹੱਦੀ ਸੁਰੱਖਿਆ ਬਿੱਲ ਖਤਮ ਕਰਨ ਲਈ ਜ਼ਿੰਮੇਵਾਰ ਹੈ ਡੋਨਲਡ ਟਰੰਪ : ਕਮਲਾ ਹੈਰਿਸ

**■ ਡੈਮਕਰੈਟਿਕ ਉਮੀਦਵਾਰ ਨੇ ਦਿੱਤੀ ਖੁੱਲ੍ਹੀ ਬਹਿਸ ਦੀ ਚੁਣੌਤੀ**



ਕਮਲਾ ਹੈਰਿਸ ਐਟਲਾਂਟਾ 'ਚ ਰੈਲੀ ਦੌਰਾਨ ਆਪਣੇ ਸਮਰਥਕਾਂ ਨੂੰ ਮਿਲਦੇ ਹੋਏ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਰਿਪਬਲੀਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਡੋਨਲਡ ਟਰੰਪ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੇਟਿਕ ਉਮੀਦਵਾਰ ਵਜੋਂ ਰਸਮੀ ਦਾਅਵੇਦਾਰੀ ਪੇਸ਼ ਕਰਨ ਉਪਰੰਤ ਐਟਲਾਂਟਾ (ਜਾਰਜੀਆ) ਵਿਚ ਇਕ ਉਤਸ਼ਾਹ ਭਰਪੂਰ ਇਕੱਠ ਨੂੰ ਸੰਬੋਧਨ ਕਰਦਿਆਂ ਹੈਰਿਸ ਨੇ ਕਿਹਾ ਕਿ ਮੇਰੇ ਵੱਲੋਂ ਇਸ ਤੋਂ ਪਹਿਲਾਂ ਬਹਿਸ ਲਈ ਦਿੱਤੀ ਚੁਣੌਤੀ ਤੋਂ ਟਰੰਪ ਭੱਜ ਗਿਆ ਸੀ ਤੇ ਉਨ੍ਹਾਂ ਨੇ ਕਿਹਾ ਸੀ ਕਿ ਸੰਭਾਵੀ ਤੌਰ 'ਤੇ ਉਹ ਹੈਰਿਸ ਨਾਲ ਸਤੰਬਰ ਵਿਚ ਬਹਿਸ ਕਰਨਗੇ। ਹੈਰਿਸ ਨੇ ਕਿਹਾ ਬਹੁਤ ਵਧੀਆ ਟਰੰਪ ਮੈਨੂੰ ਆਸ ਹੈ ਕਿ ਤੁਸੀਂ ਮੇਰੇ ਨਾਲ ਮੰਚ ਉਪਰ ਬਹਿਸ ਬਾਰੇ ਮੁੜ ਵਿਚਾਰ ਕਰੋਗੇ। ਉਨ੍ਹਾਂ ਕਿਹਾ, "ਜੇਕਰ ਤੁਹਾਡੇ ਕੋਲ ਮੇਰੇ ਲਈ ਕੁਝ ਕਹਿਣ ਲਈ ਹੈ, ਤਾਂ ਆਹਮੋ-ਸਾਹਮਣੇ ਆ ਕੇ ਕਹੋ। ਇਹ ਐਲਾਨ ਉਨ੍ਹਾਂ ਨੇ ਰੈਲੀ ਵਿਚ ਇਕੱਤਰ ਭੀੜ ਦੀਆਂ ਤਾੜੀਆਂ ਦੀ ਗੜਗੜਾਹਟ ਦਰਮਿਆਨ ਕੀਤਾ। ਹੈਰਿਸ ਨੇ ਵਚਨਬੱਧਤਾ ਪ੍ਰਗਟਾਈ ਕਿ ਜੇਕਰ ਉਹ ਜਿੱਤ ਜਾਂਦੇ ਹਨ, ਤਾਂ ਆਮ ਸਹਿਮਤੀ ਵਾਲਾ ਇਮੀਗ੍ਰੇਸ਼ਨ ਬਿੱਲ ਲਿਆਉਣਗੇ, ਜਿਸ ਬਾਰੇ ਸੈਨੇਟ ਵਿਚ ਬਹਿਸ ਹੋ ਚੁੱਕੀ ਹੈ ਤੇ ਪਾਸ ਹੋ ਚੁੱਕਾ ਹੈ। ਉਨ੍ਹਾਂ ਕਿਹਾ ਦੂਸਰੇ ਪਾਸੇ ਡੋਨਲਡ ਟਰੰਪ ਸਾਡੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਦੀ ਗੱਲ ਕਰਦੇ ਹਨ, ਜਦਕਿ ਹਕੀਕਤ ਇਹ ਹੈ ਕਿ ਰਿਪਬਲੀਕਨਾਂ ਨੇ ਦੋ ਵਾਰ ਬਿੱਲ ਪਾਸ ਨਹੀਂ ਹੋਣ ਦਿੱਤਾ ਕਿਉਂਕਿ ਟਰੰਪ ਨੇ ਰਿਪਬਲੀਕਨ ਸਾਂਸਦਾਂ ਨੂੰ ਇਸ ਦਾ ਵਿਰੋਧ ਕਰਨ ਦੀ ਬੇਨਤੀ ਕੀਤੀ ਸੀ। ਟਰੰਪ ਦਾ ਕਹਿਣਾ ਸੀ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਚੋਣ ਵਾਲੇ ਸਾਲ ਵਿਚ ਬਾਇਡਨ ਦੀ ਜਿੱਤ ਦਾ ਸੰਕੇਤ ਮਿਲੇਗਾ। ਹੈਰਿਸ ਨੇ ਕਿਹਾ ਕਿ ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਟਰੰਪ ਨੂੰ ਸਰਹੱਦੀ ਸੁਰੱਖਿਆ ਦੀ ਚਿੰਤਾ ਨਹੀਂ ਹੈ ਤੇ ਉਹ ਕੇਵਲ ਆਪਣੀ ਚਿੰਤਾ ਕਰਦਾ ਹੈ। ਜਦੋਂ ਮੈਂ ਰਾਸ਼ਟਰਪਤੀ ਬਣਾਂਗੀ, ਤਾਂ ਮੈਂ ਜ਼ਮੀਨੀ ਪੱਧਰ 'ਤੇ ਸਮੱਸਿਆ ਦਾ ਹੱਲ ਕਰਨ ਲਈ ਕੰਮ ਕਰਾਂਗੀ। ਉਨ੍ਹਾਂ ਹੋਰ ਕਿਹਾ ਕਿ ਰਾਸ਼ਟਰਪਤੀ ਦੀ ਚੋਣ ਦੀ ਦੌੜ ਵਿਚ ਹਵਾ ਦਾ ਰੁਖ ਬਦਲ ਰਿਹਾ ਹੈ ਤੇ ਇਸ ਤਰ੍ਹਾਂ ਦੇ ਸੰਕੇਤ ਮਿਲੇ ਹਨ ਕਿ ਡੋਨਲਡ ਟਰੰਪ ਇਸ ਬਦਲੇ ਹਾਲਾਤ ਨੂੰ ਮਹਿਸੂਸ ਕਰ ਰਹੇ ਹਨ। ਉਨ੍ਹਾਂ ਜੁੜੀ ਭੀੜ ਨੂੰ ਕਿਹਾ ਕਿ ਹੋ ਸਕਦਾ ਹੈ ਕਿ ਤੁਸੀਂ ਵੀ ਇਸ ਨੂੰ ਮਹਿਸੂਸ ਕੀਤਾ ਹੋਵੇ। ਆਪਣੇ ਭਾਸ਼ਣ ਦੌਰਾਨ ਹੈਰਿਸ ਨੇ ਜਾਰਜੀਆ ਵੱਲ ਆਪਣੀ ਤਵਜੋਂ ਉਪਰ ਜ਼ੋਰ ਦਿੱਤਾ। ਰਾਸ਼ਟਰਪਤੀ ਜੋਅ ਬਾਇਡਨ 2020 ਦੀਆਂ ਚੋਣਾਂ ਦੌਰਾਨ ਜਾਰਜੀਆ ਵਿਚੋਂ 12000 ਤੋਂ ਵੀ ਘੱਟ ਵੋਟਾਂ ਦੇ ਫਰਕ ਨਾਲ ਜਿੱਤੇ ਸਨ।





IAPW
INTERNATIONAL ASSOCIATION of PUNJABI WOMEN
26TH ANNUAL
ONE N ONE ONLY
YUBA CITY
PINNU BRAR
MANINDER MAAN
NAVI GILL
HARDEEP BINNING
DALBIR RAI
JASWANT DHILLON
BAL K SINDAL
SANDEEP DEOL
MANDEEP KAUR
KEERAT TAKHAR
HARMANDEEP KAUR
GUEST APPEARANCE
SURLEENA SINGH
AND TEAM SANGEET BY
SAKHIYAN FROM CANADA
GUEST APPEARANCE
SHIPRA GOYAL
TEEYAN DA Mela
TIME: 11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
SEPT 1ST 2024
(SUNDAY BEFORE LABORDAY)
$10 MANDATORY RAFFLE ENTRY TICKET AT THE GATE ENDS AT 3:45 PM
3:45PM TO 5PM ENTRACE TICKET IS $20/PERSON
GATES CLOSE AT 5PM ( NO ENTRY AFTER 5 PM )
Ticket
FOR PARTICIPATION, BOOTH BOOKINGS
N SPONSORSHIP, PLEASE CONTACT
CALL : (530) 845-4800
JOT RANJIT KAUR (HOST)
PARM TAKHAR (HOST)
SUKHI JHUTTY
SITAL GORAYA
BAKHSHO VISLA
SHIVPREET BIHALA
NEETU HUNDAL
RAJINDER KAUR
( OWNER MEHFIL )
Space sponsored by
Gurjatinder S. Randhawa
(REALTOR) CA DRE licence # 01490567
916-320-9444

# ਟਰੰਪ 4 ਸਤੰਬਰ ਨੂੰ ਕਮਲਾ ਹੈਰਿਸ ਨਾਲ ਬਹਿਸ ਲਈ ਹੋਏ ਸਹਿਮਤ

ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਡੋਨਾਲਡ ਟਰੰਪ ਨੇ ਆਖਰਕਾਰ ਕਮਲਾ ਹੈਰਿਸ ਨਾਲ ਬਹਿਸ ਦੀ ਤਰੀਕ ਤੈਅ ਕਰ ਦਿੱਤੀ ਹੈ। ਡੋਨਾਲਡ ਟਰੰਪ ਅਮਰੀਕੀ ਰਾਸ਼ਟਰਪਤੀ ਚੋਣਾਂ ਜਿਵੇਂ-ਜਿਵੇਂ ਨੇੜੇ ਆਉਂਦੀਆਂ ਜਾ ਰਹੀਆਂ ਹਨ, ਮੁਕਾਬਲਾ ਹੋਰ ਵੀ ਦਿਲਚਸਪ ਹੁੰਦਾ ਜਾ ਰਿਹਾ ਹੈ। ਡੋਨਾਲਡ ਟਰੰਪ ਅਮਰੀਕਾ ਦੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨਾਲ ਬਹਿਸ ਕਰਨ ਲਈ ਸਹਿਮਤ ਹੋ ਗਏ ਹਨ, ਜੋ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਹੈ। ਟਰੰਪ ਨੇ ਖੁਲਾਸਾ ਕੀਤਾ ਕਿ ਉਹ ਕਮਲਾ ਹੈਰਿਸ ਨਾਲ ਬਹਿਸ ਲਈ ਤਿਆਰ ਹਨ। ਇਸ ਦੇ ਨਾਲ ਲੰਬੇ ਸਮੇਂ ਤੋਂ ਉਡੀਕਿਆ ਗਿਆ ਪਲ ਆਖਰਕਾਰ ਆ ਹੀ ਗਿਆ। ਡੋਨਾਲਡ ਟਰੰਪ ਅਤੇ ਕਮਲਾ ਹੈਰਿਸ ਵਿਚਕਾਰ ਪਹਿਲੀ ਆਹਮੋ-ਸਾਹਮਣੀ ਬਹਿਸ ਅਗਲੇ ਮਹੀਨੇ ਹੋਵੇਗੀ।

ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਡੈਮੋਕ੍ਰੇਟਿਕ ਪਾਰਟੀ ਲਈ ਕਮਲਾ ਹੈਰਿਸ ਦੀ ਉਮੀਦਵਾਰੀ ਨੂੰ ਅਧਿਕਾਰਤ ਤੌਰ 'ਤੇ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਇਸ ਕ੍ਰਮ ਵਿਚ ਉਸਨੇ ਐਲਾਨ ਕੀਤਾ ਕਿ ਉਹ ਆਪਣੇ ਵਿਰੋਧੀ, ਰਿਪਬਲਿਕਨ ਪਾਰਟੀ ਦੇ ਉਮੀਦਵਾਰ, ਡੋਨਾਲਡ ਟਰੰਪ ਨਾਲ ਆਹਮੋ-ਸਾਹਮਣੇ ਗੱਲਬਾਤ ਲਈ ਤਿਆਰ ਹੈ। ਇਸ ਕ੍ਰਮ ਵਿਚ ਦੋਵਾਂ ਵਿਚਾਲੇ ਪਹਿਲੀ ਬਹਿਸ ਅਗਲੇ ਮਹੀਨੇ ਹੋਵੇਗੀ। ਡੋਨਾਲਡ ਟਰੰਪ ਨੇ ਫੌਕਸ ਨਿਊਜ਼ ਦੁਆਰਾ ਦਿੱਤੀ ਗਈ ਪੇਸ਼ਕਸ਼ ਨੂੰ ਵੀ ਸਵੀਕਾਰ ਕਰ ਲਿਆ।





ਡੋਨਾਲਡ ਟਰੰਪ ਨੇ ਹਾਲ ਹੀ 'ਚ ਆਪਣੇ ਟਰੂਥ ਸੋਸ਼ਲ ਮੀਡੀਆ ਅਕਾਊਂਟ 'ਤੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਉਹ ਫਾਕਸ ਨਿਊਜ਼ ਦੁਆਰਾ 4 ਸਤੰਬਰ ਨੂੰ ਆਯੋਜਿਤ ਇਕ ਪ੍ਰੋਗਰਾਮ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਸੰਯੁਕਤ ਰਾਜ ਦੀ ਰਾਸ਼ਟਰਪਤੀ ਦੀ ਚੋਣ ਲੜ ਰਹੀ ਕਮਲਾ ਹੈਰਿਸ ਨਾਲ ਆਹਮੋ-ਸਾਹਮਣੇ ਬਹਿਸ ਕਰਨ ਲਈ ਸਹਿਮਤ ਹੋ ਗਏ ਹਨ।

ਪਰ ਅਸਲ ਵਿਚ ਉਸਨੇ 4 ਸਤੰਬਰ ਨੂੰ ਏ.ਬੀ.ਸੀ. ਚੈਨਲ ਦੁਆਰਾ ਆਯੋਜਿਤ ਬਹਿਸ ਵਿਚ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਨਾਲ ਆਹਮੋ-ਸਾਹਮਣੇ ਬਹਿਸ ਵਿਚ ਹਿੱਸਾ ਲੈਣਾ ਸੀ। ਹਾਲਾਂਕਿ, ਬਹਿਸ ਨੂੰ ਉਦੋਂ ਰੱਦ ਕਰ ਦਿੱਤਾ ਗਿਆ ਜਦੋਂ ਬਾਇਡਨ ਨੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਤੋਂ ਹਟਣ ਦਾ ਐਲਾਨ ਕੀਤਾ। ਬਹਿਸ ਦੀ ਮੇਜ਼ਬਾਨੀ ਫੌਕਸ ਨਿਊਜ਼ ਦੁਆਰਾ ਪੈਨਸਿਲਵੇਨੀਆ 'ਚ ਆਯੋਜਿਤ ਕੀਤੀ ਜਾਵੇਗੀ। ਡੋਨਾਲਡ ਟਰੰਪ ਨੇ ਖੁਲਾਸਾ ਕੀਤਾ ਕਿ ਜੋਅ ਬਾਇਡਨ ਨਾਲ ਬਹਿਸ ਦੇ ਸਾਰੇ ਨਿਯਮ ਇਸ ਬਹਿਸ 'ਤੇ ਵੀ ਲਾਗੂ ਹੋਣਗੇ। ਪਰ ਇਸ ਵਾਰ ਪੂਰਾ ਲਾਈਵ ਦਰਸ਼ਕ ਹੋਵੇਗਾ। ਹਾਲਾਂਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਮਲਾ ਹੈਰਿਸ ਇਸ ਬਹਿਸ ਨੂੰ ਲੈ ਕੇ ਲਗਾਈਆਂ ਗਈਆਂ ਸ਼ਰਤਾਂ ਲਈ ਰਾਜ਼ੀ ਹੋ ਗਈ ਹੈ ਜਾਂ ਨਹੀਂ।

ਉਸ ਦੇ ਪ੍ਰਤੀਨਿਧਾਂ ਨੇ ਡੋਨਾਲਡ ਟਰੰਪ ਨਾਲ ਬਹਿਸ 'ਤੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਹੈ। ਪਰ ਇਹ ਜਾਣਿਆ ਜਾਂਦਾ ਹੈ ਕਿ ਕਮਲਾ ਹੈਰਿਸ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ ਕਿ ਉਹ ਟਰੰਪ ਨਾਲ ਬਹਿਸ ਕਰਨ ਲਈ ਤਿਆਰ ਹੈ। ਪਰ ਕਿਉਂਕਿ ਉਦੋਂ ਤੱਕ ਉਸ ਦੀ ਉਮੀਦਵਾਰੀ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਸੀ, ਡੋਨਾਲਡ ਟਰੰਪ ਨੇ ਇਸ ਦਾ ਜਵਾਬ ਨਹੀਂ ਦਿੱਤਾ। ਟਰੰਪ ਨੇ ਕਿਹਾ ਹੈ ਕਿ ਉਹ ਬਹਿਸ ਲਈ ਸਹਿਮਤ ਹਨ ਕਿਉਂਕਿ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਕਮਲਾ ਹੈਰਿਸ ਦਾ ਮੁਕਾਬਲਾ ਪੱਕਾ ਹੋ ਗਿਆ ਹੈ। ਜੇਕਰ ਇਹ ਬਹਿਸ ਕਮਲਾ ਹੈਰਿਸ ਅਤੇ ਡੋਨਾਲਡ ਟਰੰਪ ਵਿਚਕਾਰ ਹੁੰਦੀ ਹੈ, ਤਾਂ ਇਸ ਚੋਣ 'ਚ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਵਿਚਾਲੇ ਇਹ ਦੂਜੀ ਆਹਮੋ-ਸਾਹਮਣੀ ਬਹਿਸ ਹੋਵੇਗੀ। ਜੋਅ ਬਾਇਡਨ ਅਤੇ ਡੋਨਾਲਡ ਟਰੰਪ ਵਿਚਕਾਰ ਪਹਿਲੀ ਬਹਿਸ ਜੂਨ ਵਿਚ ਹੋਈ ਸੀ। ਪਰ ਦਰਸ਼ਕਾਂ ਨੂੰ ਉਸ ਬਹਿਸ ਵਿਚ ਨਹੀਂ ਆਉਣ ਦਿੱਤਾ ਗਿਆ। ਉਸ ਬਹਿਸ ਤੋਂ ਬਾਅਦ ਉਨ੍ਹਾਂ ਦੀ ਹੀ ਪਾਰਟੀ ਦੇ ਨੇਤਾਵਾਂ ਵੱਲੋਂ ਬਾਇਡਨ ਦੀ ਉਮੀਦਵਾਰੀ ਦਾ ਸਖ਼ਤ ਵਿਰੋਧ ਵਧ ਗਿਆ ਸੀ। ਇਸ ਨਾਲ ਉਹ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟ ਗਏ ਸਨ ਅਤੇ ਕਮਲਾ ਹੈਰਿਸ ਦੇ ਨਾਂ ਦਾ ਪ੍ਰਸਤਾਵ ਰੱਖਿਆ।

## ਪੁਤਿਨ ਨੇ ਕੈਦੀਆਂ ਦੀ ਅਦਲਾ-ਬਦਲੀ 'ਤੇ ਪੱਛਮੀ ਦੇਸ਼ਾਂ ਨਾਲ ਕੀਤਾ 'ਵੱਡਾ ਸਮਝੌਤਾ' : ਟਰੰਪ

ਵਾਸ਼ਿੰਗਟਨ (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਨਿਆ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕੈਦੀਆਂ ਦੀ ਅਦਲਾ-ਬਦਲੀ 'ਤੇ ਪੱਛਮੀ ਦੇਸ਼ਾਂ ਨਾਲ 'ਵੱਡਾ ਸਮਝੌਤਾ' ਕੀਤਾ ਹੈ। ਅਮਰੀਕਾ, ਰੂਸ, ਜਰਮਨੀ ਅਤੇ ਹੋਰ ਪੱਛਮੀ ਦੇਸ਼ਾਂ ਨੇ ਵੀਰਵਾਰ ਨੂੰ 24 ਕੈਦੀਆਂ ਦੀ ਅਦਲਾ-ਬਦਲੀ ਲਈ ਇੱਕ ਸੌਦਾ ਕੀਤਾ, ਜੋ ਕਿ ਸ਼ੀਤ ਯੁੱਧ ਦੇ ਅੰਤ ਤੋਂ ਬਾਅਦ ਸਭ ਤੋਂ ਵੱਡੇ ਕੈਦੀਆਂ ਦੀ ਅਦਲਾ-ਬਦਲੀ ਸਮਝੌਤਿਆਂ ਵਿਚੋਂ ਇੱਕ ਹੈ। ਟਰੰਪ ਨੇ ਅਟਲਾਂਟਾ, ਜਾਰਜੀਆ ਵਿਚ ਇੱਕ ਮੁਹਿੰਮ ਸਮਾਗਮ ਵਿਚ ਕਿਹਾ, "ਵੈਸੇ, ਮੈਂ ਵਲਾਦੀਮੀਰ ਪੁਤਿਨ ਨੂੰ ਇੱਕ ਹੋਰ ਵੱਡਾ ਸੌਦਾ ਕਰਨ ਲਈ ਵਧਾਈ ਦੇਣਾ ਚਾਹੁੰਦਾ ਹਾਂ।" ਨਾਲ ਹੀ ਉਸਨੇ ਕੈਦੀਆਂ ਦੀ ਅਦਲਾ-ਬਦਲੀ ਦੇ ਹਾਲਾਤ ਤੋਂ ਅਸੰਤੁਸ਼ਟੀ ਪ੍ਰਗਟ ਕੀਤੀ ਅਤੇ ਕਿਹਾ ਕਿ ਇਸ ਸੌਦੇ ਵਿਚ ਮੌਜੂਦਾ ਅਮਰੀਕੀ ਪ੍ਰਸ਼ਾਸਨ ਵੱਲੋਂ "ਭਿਆਨਕ" ਗਲਤੀਆਂ ਹੋਈਆਂ ਹਨ।

ਇਸ ਤੋਂ ਪਹਿਲਾਂ ਟਰੰਪ ਨੇ ਇਹ ਸਮਝੌਤਾ ਕਰਨ ਲਈ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਦੀ ਆਲੋਚਨਾ ਕੀਤੀ ਅਤੇ ਇਸ ਦੇ ਤੱਥਾਂ ਅਤੇ ਰੂਸ ਨੂੰ ਨਕਦ ਭੁਗਤਾਨ ਦੀ ਸੰਭਾਵਨਾ ਬਾਰੇ ਸਵਾਲ ਪੁੱਛੇ। ਰੂਸ ਦੀ ਸੰਘੀ ਸੁਰੱਖਿਆ ਸੇਵਾ ਨੇ ਵੀਰਵਾਰ ਨੂੰ ਪੁਸ਼ਟੀ ਕੀਤੀ ਕਿ ਕਈ ਨਾਟੋ ਦੇਸ਼ਾਂ ਵਿਚ ਨਜ਼ਰਬੰਦ ਕੀਤੇ ਗਏ ਅੱਠ ਰੂਸੀ ਘਰ ਵਾਪਸ ਆ ਗਏ ਹਨ। ਉਨ੍ਹਾਂ ਨੂੰ ਲੈ ਕੇ ਇਕ ਜਹਾਜ਼ ਅੰਕਾਰਾ ਤੋਂ ਵੀਰਵਾਰ ਦੇਰ ਰਾਤ ਮਾਸਕੋ ਦੇ ਵਨੁਕੋਵੋ-2 ਹਵਾਈ ਅੱਡੇ 'ਤੇ ਪਹੁੰਚਿਆ, ਜਿੱਥੇ ਪੁਤਿਨ ਨੇ ਉਨ੍ਹਾਂ ਦਾ ਸਵਾਗਤ ਕੀਤਾ।

# ਨਿਵੇਸ਼ ਫਰਮਾਂ ਦਾ ਟਰੰਪ ਨੂੰ ਵੱਡਾ ਸਮਰਥਨ, ਨੌਕਰੀਪੇਸ਼ਾ ਕਮਲਾ ਨਾਲ

**■ ਡੈਮੋਕ੍ਰੇਟਸ ਕਮਲਾ ਨੂੰ ਜ਼ਿਆਦਾ ਦਾਨ ਦੇ ਰਿਹੈ, ਟਰੰਪ ਰਿਪਬਲਿਕਨਾਂ 'ਚ ਪਿਛੜੇ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਇਨਵੈਸਟਮੈਂਟ ਮਤਲਬ ਨਿਵੇਸ਼ ਅਤੇ ਸਕਿਓਰਿਟੀਜ਼ ਫਰਮਾਂ ਦੀ ਪਸੰਦ ਬਣ ਗਏ ਹਨ। ਟਰੰਪ ਨੂੰ ਹੁਣ ਤੱਕ ਇੱਥੋਂ 955 ਕਰੋੜ ਰੁਪਏ ਦਾ ਚੰਦਾ ਮਿਲਿਆ ਹੈ, ਜਦੋਂਕਿ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਨਿਵੇਸ਼ ਫਰਮਾਂ ਤੋਂ ਸਿਰਫ 163 ਕਰੋੜ ਰੁਪਏ ਮਿਲੇ ਹਨ। ਟਰੰਪ ਨੂੰ ਇਸ ਖੇਤਰ ਤੋਂ ਪੰਜ ਗੁਣਾ ਜ਼ਿਆਦਾ ਚੰਦਾ ਮਿਲਿਆ ਹੈ। ਰਿਟਾਇਰਡ ਲੋਕਾਂ ਨੇ ਵੀ ਦਾਨ ਦੇ ਮਾਮਲੇ 'ਚ ਟਰੰਪ ਨੂੰ ਚੁਣਿਆ ਹੈ। ਟਰੰਪ ਨੂੰ ਸੇਵਾਮੁਕਤ ਲੋਕਾਂ ਤੋਂ 775 ਕਰੋੜ ਰੁਪਏ ਮਿਲੇ ਹਨ, ਜਦਕਿ ਕਮਲਾ ਨੂੰ 183 ਕਰੋੜ ਰੁਪਏ ਦਾ ਚੰਦਾ ਮਿਲਿਆ ਹੈ। ਇਸ ਦਾ ਮੁੱਖ ਕਾਰਨ ਟਰੰਪ ਦੀਆਂ ਸੱਜੇ-ਪੱਖੀ ਰਾਸ਼ਟਰਵਾਦੀ ਨੀਤੀਆਂ ਲਈ ਸੇਵਾਮੁਕਤ ਲੋਕਾਂ ਦਾ ਸਮਰਥਨ ਹੈ। ਉਹ ਟਰੰਪ ਦੇ ਰਿਟਾਇਰਮੈਂਟ ਲਾਭ ਟੈਕਸ ਕਟੌਤੀ ਦੇ ਵੱਡੇ ਸਮਰਥਕਾਂ ਵਜੋਂ ਉਭਰੇ ਹਨ। ਕਮਲਾ ਹੈਰਿਸ ਨੂੰ ਨੌਕਰੀਪੇਸ਼ਾ ਲੋਕਾਂ ਤੋਂ ਦਾਨ ਵਜੋਂ 34 ਕਰੋੜ ਰੁਪਏ ਮਿਲੇ ਹਨ, ਜਦਕਿ ਟਰੰਪ ਨੂੰ ਇਸ ਸ਼੍ਰੇਣੀ ਤੋਂ 18 ਕਰੋੜ ਰੁਪਏ ਦਾਨ ਵਜੋਂ ਮਿਲੇ ਹਨ। ਇਸ ਦਾ ਕਾਰਨ ਕਮਲਾ ਦਾ ਮੱਧ ਵਰਗ ਨੂੰ ਟੈਕਸ ਛੋਟ ਦੇਣ ਦਾ ਵਾਅਦਾ ਰਿਹਾ ਹੈ।

ਕਮਲਾ ਨੂੰ ਆਪਣੀ ਡੈਮੋਕ੍ਰੇਟਿਕ ਪਾਰਟੀ ਅਤੇ ਲਿਬਰਲ ਧੜੇ ਤੋਂ 4453 ਕਰੋੜ ਰੁਪਏ ਦਾ ਚੰਦਾ ਮਿਲਿਆ ਹੈ। ਜਦੋਂਕਿ ਟਰੰਪ ਨੂੰ ਆਪਣੀ ਰਿਪਬਲਿਕਨ ਪਾਰਟੀ ਤੋਂ ਸਿਰਫ 355 ਕਰੋੜ ਰੁਪਏ ਦਾ ਦਾਨ ਪ੍ਰਾਪਤ ਕੀਤਾ। ਜਦੋਂ ਤੱਕ ਬਾਇਡਨ ਦੌੜ ਵਿਚ ਸਨ, ਉਦੋਂ ਤੱਕ ਡੈਮੋਕ੍ਰੇਟਸ ਨੇ 2000 ਕਰੋੜ ਰੁਪਏ ਦਾਨ ਕੀਤੇ ਸਨ, 13 ਦਿਨਾਂ ਦੇ ਅੰਦਰ ਕਮਲਾ ਨੇ 2400 ਕਰੋੜ ਰੁਪਏ ਜੁਟਾਏ ਹਨ। ਜਦਕਿ ਟਰੰਪ ਨੇ ਇਨ੍ਹਾਂ 13 ਦਿਨਾਂ 'ਚ ਆਪਣੀ ਪਾਰਟੀ ਤੋਂ 55 ਕਰੋੜ ਰੁਪਏ ਇਕੱਠੇ ਕੀਤੇ।

ਕਮਲਾ ਨੇ ਸ਼ਨੀਵਾਰ ਨੂੰ ਕਿਹਾ, ਟਰੰਪ ਬਹਿਸ ਤੋਂ ਭੱਜ ਰਹੇ ਹਨ। ਦਰਅਸਲ, ਬਹਿਸ 10 ਸਤੰਬਰ ਨੂੰ ਏ.ਬੀ.ਸੀ. ਨਿਊਜ਼ 'ਤੇ ਹੋਣੀ ਸੀ ਪਰ ਟਰੰਪ ਹੁਣ ਕਹਿ ਰਹੇ ਹਨ ਕਿ ਬਹਿਸ 4 ਸਤੰਬਰ ਨੂੰ ਫੌਕਸ ਨਿਊਜ਼ 'ਤੇ ਹੋਣੀ ਚਾਹੀਦੀ ਹੈ। ਤੁਹਾਨੂੰ ਦੱਸ ਦੇਈਏ ਕਿ ਫੌਕਸ ਨਿਊਜ਼ ਟਰੰਪ ਪੱਖੀ ਚੈਨਲ ਹੈ।

ਟਰੰਪ ਨੇ ਕ੍ਰਿਪਟੋ ਮੁਦਰਾ ਨੂੰ ਉਤਸ਼ਾਹਿਤ ਕਰਨ ਦਾ ਵਾਅਦਾ ਕੀਤਾ, ਮਸਕ ਇਸ ਏਜੰਡੇ 'ਤੇ ਇਕੱਠਾ ਕਰ ਰਿਹੈ ਫੰਡ

ਟਰੰਪ ਅਮਰੀਕਾ ਵਿਚ ਕ੍ਰਿਪਟੋ ਕਰੰਸੀ ਨੂੰ ਉਤਸ਼ਾਹਿਤ ਕਰਨ ਦਾ ਵਾਅਦਾ ਕਰ ਰਹੇ ਹਨ। ਇਸ ਏਜੰਡੇ 'ਤੇ, ਟੇਸਲਾ ਦੇ ਸੀ.ਈ.ਓ. ਐਲੋਨ ਮਸਕ ਟਰੰਪ ਦੇ ਹੱਕ ਵਿਚ ਫੰਡ ਇਕੱਠਾ ਕਰ ਰਹੇ ਹਨ। ਟਰੰਪ ਨੂੰ ਹੁਣ ਪਿਛਲੇ ਹਫ਼ਤੇ ਜੇ.ਪੀ. ਮੋਰਗਨ ਅਤੇ ਬਲੈਕ ਸਟੋਨ ਦੇ ਸਟੀਵ ਸ਼ਵਾਰਜ਼ਮੈਨ ਤੋਂ 200 ਕਰੋੜ ਰੁਪਏ ਤੋਂ ਵੱਧ ਦਾ ਚੰਦਾ ਮਿਲਿਆ ਹੈ।

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸ
ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ



Sacramento
2953 W Capitol Ave.
Sacramento CA 95691
Phone : 916-372-4448
Fax : 916-372-4440

FREMONT
44790 S. Grimmer
Blvd.# 208
Fremont, CA 94538
Phone : 510-657-6444
Fax : 510-657-6445

FRESNO
4491 W. Shaw Ave.
Suit No. 300B
Near Costco
Fresno, CA 93722
Phone : 559-271-5511

Turlock
209-632-3292

# ਕੈਲੀਫੋਰਨੀਆ ’ਚ 10 ਮਿਲੀਅਨ ਡਾਲਰ ਦਾ ਵੱਡਾ ਡਰੱਗ ਰੈਕੇਟ ਫੜਿਆ; 2 ਪੰਜਾਬੀ ਗ੍ਰਿਫਤਾਰ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਅਮਰੀਕਾ ਦੇ ਸੂਬੇ ਮੈਸਾਚਿਊਸੇਟਸ ਦੇ ਸ਼ਹਿਰ ਐਂਡੋਵਰ ਵਿਖੇ ਨਸ਼ੀਲੇ ਪਦਾਰਥਾ ਦੀ ਤਸ਼ਕਰੀ ਕਰਨ ਦੇ ਦੋਸ਼ ਹੇਠ ਪੁਲਿਸ ਨੇ ਦੋ ਭਾਰਤੀ ਪੰਜਾਬੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਦੇ ਨਾਂ ਸਿਮਰਨਜੀਤ ਸਿੰਘ (28) ਅਤੇ ਗੁਸਿਮਰਤ ਸਿੰਘ (19) ਸਾਲ ਹੈ। ਇਨ੍ਹਾਂ ਦੋਵਾਂ ਨੂੰ 29 ਜੁਲਾਈ, 2024 ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਹੋਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਹ ਦੋਵੇਂ ਨੌਜਵਾਨ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਰਹਿਣ ਵਾਲੇ ਹਨ। ਉਨ੍ਹਾਂ ’ਤੇ ਨਿਯੰਤਰਿਤ ਪਦਾਰਥਾਂ ਨੂੰ ਵੰਡਣ ਅਤੇ ਰੱਖਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ। ਗ੍ਰਿਫ਼ਤਾਰ ਦੋਵਾਂ ਪੰਜਾਬੀਆਂ ਨੂੰ ਬੋਸਟਨ ਵਿਚ ਸੰਘੀ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਹੁਣ ਉਹ ਹਿਰਾਸਤ ਵਿਚ ਹਨ। ਜਾਂਚਕਰਤਾਵਾਂ ਨੂੰ ਕੈਲੀਫੋਰਨੀਆ ਰਾਜ ਵਿਚ ਇੱਕ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੀ ਸੰਸਥਾ (ਡੀ.ਟੀ.ਓ.) ਬਾਰੇ ਪਤਾ ਲੱਗਾ, ਜਿਸ ਨੇ ਬੋਸਟਨ ਵਿਚ ਮੇਥਾਮਫੇਟਾਮਾਈਨ ਅਤੇ ਹੋਰ ਨਸ਼ੀਲੇ ਪਦਾਰਥਾਂ ਨੂੰ ਲਿਜਾਣ ਦੀ ਯੋਜਨਾ ਬਣਾਈ ਸੀ। ਅੰਡਰਕਵਰ ਏਜੰਟਾਂ ਨੇ ਖਰੀਦਦਾਰ ਵਜੋਂ ਆਪਣੇ ਆਪ ਨੂੰ ਪੇਸ਼ ਕੀਤਾ ਅਤੇ 65 ਪੌਂਡ (32 ਕਿਲੋਗ੍ਰਾਮ) ਮੈਥਾਮਫੇਟਾਮਾਈਨ ਖਰੀਦਣ ਦਾ ਪ੍ਰਬੰਧ ਕੀਤਾ। 29 ਜੁਲਾਈ ਨੂੰ ਰਾਤ ਦੇ 10:15 ਵਜੇ ਦੇ ਕਰੀਬ, ਇੱਕ ਚਿੱਟੇ ਰੰਗ ਦਾ ਟਰੈਕਟਰ-ਟ੍ਰੇਲਰ ਨਸ਼ੀਲੇ ਪਦਾਰਥਾਂ ਦੀ ਡਿਲਿਵਰੀ ਕਰਨ ਲਈ ਐਂਡੋਵਰ ਵਿਚ ਇੱਕ ਪਹਿਲਾਂ ਤੋਂ ਨਿਰਧਾਰਤ ਸਥਾਨ ’ਤੇ ਪਹੁੰਚਿਆ। ਡਰਾਈਵਰ ਸਿਮਰਨਜੀਤ ਸਿੰਘ ਅਤੇ ਗੁਸਿਮਰਤ ਸਿੰਘ ਨੇ ਗੁਪਤ ਏਜੰਟਾਂ ਨੂੰ ਮੈਥਾਮਫੇਟਾਮਾਈਨ ਸੌਂਪੀ, ਜਿਸ ’ਤੇ ਉਨ੍ਹਾਂ ਨੂੰ ਤੁਰੰਤ ਹੀ ਗ੍ਰਿਫਤਾਰ ਕਰ ਲਿਆ ਗਿਆ। ਜਦੋਂ ਟਰੈਕਟਰ-ਟ੍ਰੇਲਰ ਦੀ ਤਲਾਸ਼ੀ ਲਈ ਗਈ, ਤਾਂ ਅਧਿਕਾਰੀਆਂ ਨੂੰ 400 ਕਿਲੋਗ੍ਰਾਮ ਤੋਂ ਵੱਧ ਸ਼ੱਕੀ ਕੋਕੀਨ ਮਿਲੀ, ਜਿਸਦੀ ਕੀਮਤ 10.5 ਮਿਲੀਅਨ ਡਾਲਰ ਤੋਂ ਵੱਧ ਦੱਸੀ ਜਾਦੀ ਹੈ। ਨਿਯੰਤਰਿਤ ਪਦਾਰਥਾਂ ਨੂੰ ਵੰਡਣ ਦੇ ਇਰਾਦੇ ਨਾਲ ਵੰਡਣ ਅਤੇ ਰੱਖਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ 20 ਸਾਲ ਤੱਕ ਦੀ ਕੈਦ ਦੇ ਨਾਲ ਨਿਗਰਾਨ ਰਿਹਾਈ ਘੱਟੋ-ਘੱਟ ਤਿੰਨ ਸਾਲ ਦੀ ਉਮਰ ਤੱਕ, ਅਤੇ 1,000,000 ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ।



## ਅਮਰੀਕਾ ਵੱਲੋਂ ਟਿਕਟਾਕ ਖ਼ਿਲਾਫ਼ ਕੇਸ

### -ਬੱਚਿਆਂ ਦੇ ਆਨਲਾਈਨ ਪ੍ਰਾਈਵੇਸੀ ਕਾਨੂੰਨ ਦੀ ਉਲੰਘਣਾ ਦਾ ਦੋਸ਼

**ਸੈਕਰਾਮੈਂਟੋ, (ਪੰਜਾਬ ਮੇਲ)**- ਅਮਰੀਕਾ ਦੇ ਨਿਆਂ ਵਿਭਾਗ ਨੇ ਸ਼ੁੱਕਰਵਾਰ ਨੂੰ ਟਿਕਟਾਕ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਵਿਚ ਕੰਪਨੀ ’ਤੇ ਬੱਚਿਆਂ ਦੇ ਆਨਲਾਈਨ ਪ੍ਰਾਈਵੇਸੀ ਕਾਨੂੰਨ ਦੀ ਉਲੰਘਣਾ ਕਰਨ ਅਤੇ ਇਕ ਹੋਰ ਸੰਘੀ ਏਜੰਸੀ ਨਾਲ ਹੋਏ ਸਮਝੌਤੇ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਕੈਲੀਫੋਰਨੀਆ ਦੀ ਇਕ ਸੰਘੀ ਅਦਾਲਤ ’ਚ ਫੈਡਰਲ ਟ੍ਰੇਡ ਕਮਿਸ਼ਨ ਦੇ ਨਾਲ ਮਿਲ ਕੇ ਇਹ ਸ਼ਿਕਾਇਤ ਅਜਿਹੇ ਸਮੇਂ ਵਿਚ ਦਰਜ ਕੀਤੀ ਗਈ ਹੈ, ਜਦੋਂ ਅਮਰੀਕਾ ਅਤੇ ਪ੍ਰਮੁੱਖ ਸੋਸ਼ਲ ਮੀਡੀਆ ਕੰਪਨੀ ਇਕ ਹੋਰ ਕਾਨੂੰਨੀ ਲੜਾਈ ਵਿਚ ਉਲਝੇ ਹੋਏ ਹਨ, ਜੋ ਇਹ ਨਿਰਧਾਰਤ ਕਰੇਗੀ ਕਿ ਕੀ ਟਿਕਟਾਕ ਦੇਸ਼ ਵਿਚ ਕੰਮ ਕਰਨਾ ਜਾਰੀ ਰੱਖ ਸਕੇਗੀ ਜਾਂ ਨਹੀਂ? ਹਾਲੀਆ ਮੁਕੱਦਮਾ ਯੁਵਾ ਖਪਤਕਾਰਾਂ ਵਿਚਾਲੇ ਪ੍ਰਸਿੱਧ ਮੰਚ ਟਿਕਟਾਕ ਅਤੇ ਇਸ ਦੀ ਚੀਨ ਸਥਿਤ ਮੂਲ ਕੰਪਨੀ ਬਾਈਟਡਾਂਸ ਦੇ ਇਕ ਸੰਘੀ ਕਾਨੂੰਨ ਦੀ ਉਲੰਘਣਾ ਨੂੰ ਲੈ ਕੇ ਹੈ। ਕਾਨੂੰਨ ਅਨੁਸਾਰ, ਬੱਚਿਆਂ ਨਾਲ ਸਬੰਧਤ ਐਪਾਂ ਅਤੇ ਵੈੱਬਸਾਈਟਾਂ ਨੂੰ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਨਿੱਜੀ ਜਾਣਕਾਰੀ ਇਕੱਠੀ ਕਰਨ ਤੋਂ ਪਹਿਲਾਂ ਮਾਪਿਆਂ ਦੀ ਸਹਿਮਤੀ ਲੈਣ ਦੀ ਲੋੜ ਹੁੰਦੀ ਹੈ। ਇਸ ਮਾਮਲੇ ’ਤੇ ਟਿਕਟਾਕ ਤੋਂ ਅਜੇ ਤੱਕ ਕੋਈ ਜਵਾਬ ਨਹੀਂ ਆਇਆ ਹੈ।

# ਅਮਰੀਕਾ ’ਚ ਸੈਟਲ ਹੋਣ ਲਈ ਨਵੀਂ ਸਕੀਮ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)**- ਭਾਰਤੀਆਂ ਲਈ ਅਮਰੀਕਾ ’ਚ ਰਹਿਣ ਦਾ ਰਸਤਾ ਆਸਾਨ ਹੋ ਗਿਆ ਹੈ। ਰਾਸ਼ਟਰਪਤੀ ਜੋਅ ਬਾਇਡਨ ਦੀ ਸਰਕਾਰ ‘ਸਟਾਰਟਅੱਪ ਐਂਡ ਸਟੇ’ ਤਹਿਤ ਇਕ ਨਵੀਂ ਸਕੀਮ ਲੈ ਕੇ ਆਈ ਹੈ। ਇਸ ਸਕੀਮ ਤਹਿਤ 2 ਕਰੋੜ ਰੁਪਏ ਦੇ ਨਿਵੇਸ਼ ਵਾਲੇ ਸਟਾਰਟਅੱਪ ਨੂੰ ਪੰਜ ਸਾਲ ਤੱਕ ਅਮਰੀਕਾ ’ਚ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ। ਉੱਦਮੀ ਦੀ ਪਤਨੀ ਜਾਂ ਪਤੀ ਅਤੇ ਸਟਾਰਟਅੱਪ ਦੇ ਤਿੰਨ ਹੋਰ ਕਰਮਚਾਰੀ ਵੀ ਅਮਰੀਕਾ ’ਚ ਨਾਲ ਰਹਿ ਸਕਣਗੇ। ਇਸ ਦੇ ਨਾਲ ਹੀ ਉੱਦਮੀ ਨੂੰ ਅਮਰੀਕਾ ਤੋਂ 2 ਕਰੋੜ ਰੁਪਏ ਦਾ ਨਿਵੇਸ਼ ਲੈਣਾ ਹੋਵੇਗਾ।

ਇਸ ਦੇ ਲਈ ਭਾਰਤ ਦੇ ਉੱਦਮੀ ਨੂੰ ਸਟਾਰਟਅਪ ਪਲਾਨ ਭੇਜਣਾ ਹੋਵੇਗਾ। ਇਸ ਵਿਚ ਸਟਾਰਟਅੱਪ ਤੋਂ ਰੁਜ਼ਗਾਰ ਦੇ ਮੌਕੇ ਅਤੇ ਨਵੀਆਂ ਸਹੂਲਤਾਂ ਦਾ ਜ਼ਿਕਰ ਕਰਨਾ ਹੋਵੇਗਾ। ਇਸ ਨੂੰ ‘ਸਟੇਟਮੈਂਟ ਆਫ ਪਰਪਜ਼’ ਕਿਹਾ ਗਿਆ ਹੈ। ਅਮਰੀਕਾ ਦਾ ਕੋਈ ਵੀ ਨਿਵੇਸ਼ਕ 2 ਕਰੋੜ ਰੁਪਏ ਦਾ ਨਿਵੇਸ਼ ਕਰਕੇ ਭਾਰਤ ਤੋਂ ਸਟਾਰਟਅੱਪ ਉੱਦਮੀਆਂ ਨੂੰ ਸੱਦਾ ਦੇ ਸਕਦਾ ਹੈ। ਇਸ ਸਕੀਮ ਦੇ ਇਕ ਹੋਰ ਪ੍ਰਬੰਧ ਦੇ ਤਹਿਤ, ਜੇਕਰ ਕਿਸੇ ਭਾਰਤੀ ਸਟਾਰਟਅੱਪ ਉਦਯੋਗਪਤੀ ਨੂੰ ਸਟਾਰਟਅੱਪ ਲਈ ਅਮਰੀਕੀ ਸਰਕਾਰ ਤੋਂ ਸਿੱਧੇ ਤੌਰ ’ਤੇ 88 ਲੱਖ ਰੁਪਏ ਦੀ ਗ੍ਰਾਂਟ ਮਿਲਦੀ ਹੈ, ਤਾਂ ਉਹ ਅਮਰੀਕਾ ਆ ਕੇ 5 ਸਾਲ ਲਈ ਰਹਿ ਸਕਦਾ ਹੈ। ਅਕਤੂਬਰ ਤੋਂ ਸ਼ੁਰੂ ਹੋਣ ਵਾਲੀ ਇਸ ਯੋਜਨਾ ਤੋਂ ਲਗਭਗ 60 ਹਜ਼ਾਰ ਭਾਰਤੀਆਂ ਨੂੰ ਲਾਭ ਮਿਲਣ ਦੀ ਉਮੀਦ ਹੈ।

■ ਨਿਵੇਸ਼ ਵਾਲੇ ਸਟਾਰਟਅੱਪ ਨੂੰ ਪੰਜ ਸਾਲ ਤੱਕ ਅਮਰੀਕਾ ’ਚ ਰਹਿਣ ਦੀ ਦਿੱਤੀ ਜਾਵੇਗੀ ਇਜਾਜ਼ਤ



ਅਮਰੀਕਾ ਨੇ ਭਾਰਤੀ ਸਟਾਰਟਅੱਪ ਤੋਂ ਸਥਾਨਕ ਰੁਜ਼ਗਾਰ ਨੂੰ ਉਤਸ਼ਾਹਿਤ ਕਰਨ ਦਾ ਟੀਚਾ ਰੱਖਿਆ ਹੈ। ਵਰਤਮਾਨ ਵਿਚ ਅਮਰੀਕਾ ਵਿਚ ਭਾਰਤੀਆਂ ਦੇ 9700 ਸਟਾਰਟਅੱਪ ਹਨ। ਲਗਭਗ 2 ਲੱਖ ਕਰੋੜ ਰੁਪਏ ਦੀ ਕੁੱਲ ਕੀਮਤ ਵਾਲੇ ਇਨ੍ਹਾਂ ਸਟਾਰਟਅੱਪਸ ਨੇ ਲਗਭਗ ਦੋ ਲੱਖ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਹੈ। ਅਮਰੀਕਾ ਇਸ ਨੂੰ ਪੰਜ ਸਾਲਾਂ ਵਿਚ ਦੁੱਗਣਾ ਕਰਨਾ ਚਾਹੁੰਦਾ ਹੈ। ਅਮਰੀਕਾ ਵਿਚ ਇਸ ਸਮੇਂ ਬੇਰੁਜ਼ਗਾਰੀ ਦੀ ਦਰ 4.10 ਫੀਸਦੀ ਹੈ। ਇਹ ਪਿਛਲੇ ਦੋ ਸਾਲਾਂ ਦੇ ਰਿਕਾਰਡ ਪੱਧਰ ’ਤੇ ਹੈ। ਸਥਾਨਕ ਉੱਦਮੀ ਰੁਜ਼ਗਾਰ ਦੇ ਮੌਕੇ ਵਧਾਉਣ ਦੇ ਸਮਰੱਥ ਨਹੀਂ ਹਨ। ਅਮਰੀਕੀ ਰੋਜ਼ਗਾਰ ਰਿਪੋਰਟ 2024 ਦੇ ਅਨੁਸਾਰ, ਭਾਰਤੀ ਸਟਾਰਟਅੱਪ ਰੁਜ਼ਗਾਰ ਦੇ ਮੌਕੇ ਵਧਾ ਸਕਦੇ ਹਨ।

# ਕੈਨੇਡੀਅਨ ਮਾਸਟਰਜ਼ ਗੇਮਾਂ ’ਚ ਪੰਜਾਬੀ ਚੋਬਰਾਂ ਨੇ ਲਿਆ ਹਿੱਸਾ

**ਫਰਿਜ਼ਨੋ, (ਪੰਜਾਬ ਮੇਲ)**- ਮਾਂਟਰੀਅਲ, ਕੈਨੇਡਾ ਵਿਚ 48ਵੀਂ ਕੈਨੇਡੀਅਨ ਮਾਸਟਰਜ਼ ਆਊਟਡੋਰ ਟਰੈਕ ਅਤੇ ਫੀਲਡ ਮੀਟ ਹੋਈ। ਇਸ ਵਿਚ ਵੱਖੋ-ਵੱਖ ਦੇਸ਼ਾਂ ਤੋਂ ਅਥਲੀਟ ਪਹੁੰਚੇ ਹੋਏ ਸਨ। ਇਨ੍ਹਾਂ ਖੇਡਾਂ ਵਿਚ ਅਮਰੀਕਾ ਤੋਂ ਪਹੁੰਚੇ ਪੰਜਾਬੀਆਂ ਨੇ ਹਿੱਸਾ ਲਿਆ। ਫਰਿਜ਼ਨੋ ਨਿਵਾਸੀ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿਚ ਗੋਲਡ ਮੈਡਲ ਅਤੇ ਵੇਟ ਥਰੋਅ ਵਿਚ ਗੋਲਡ ਮੈਡਲ ਜਿੱਤਿਆ। ਸ਼ਾਟ ਪੁੱਟ ਅਤੇ ਡਿਸਕਸ ਥਰੋਅ ਵਿਚ ਕਾਂਸੀ ਦਾ ਤਗਮਾ ਜਿੱਤਿਆ। ਫਰਿਜ਼ਨੋ ਨਿਵਾਸੀ ਸੁਖਨੈਨ ਸਿੰਘ ਨੇ ਲੰਬੀ ਛਾਲ ਵਿਚ ਸੋਨ ਤਗਮਾ ਜਿੱਤਿਆ ਅਤੇ ਟ੍ਰਿਪਲ ਜੰਪ ਵਿਚ ਵੀ ਸੋਨ ਤਗਮਾ ਜਿੱਤਿਆ। ਕਲੀਵਲੈਂਡ, ਓਹਾਇਓ ਦੇ ਗੁਰਦਿਆਲ ਸਿੰਘ ਨੇ 800 ਮੀਟਰ ਦੌੜ ਅਤੇ 1500 ਮੀਟਰ ਦੌੜ ਵਿਚ 2 ਸੋਨ ਤਗਮੇ ਜਿੱਤੇ। ਇਸ ਤੋਂ ਇਲਾਵਾ ਉਸ ਨੇ 4×400 ਮੀਟਰ ਰਿਲੇਅ ਦੌੜ ਵਿਚ ਸੋਨ ਤਗਮਾ ਜਿੱਤਿਆ। ਉਸਨੇ 400 ਮੀਟਰ, 1500 ਮੀਟਰ ਰੇਸ ਵਾਕ ਅਤੇ 10 ਕਿਲੋਮੀਟਰ ਦੌੜ ਵਿਚ 3 ਕਾਂਸੀ ਦੇ ਤਗਮੇ ਵੀ ਜਿੱਤੇ।



ਇਨ੍ਹਾਂ ਖੇਡਾਂ ਵਿਚ ਭਾਗ ਲੈਣ ਲਈ ਐਥਲੀਟ ਆਸਟ੍ਰੇਲੀਆ, ਨਿਊਜ਼ੀਲੈਂਡ, ਜਮਾਇਕਾ, ਤ੍ਰਿਨੀਦਾਦ, ਅਮਰੀਕਾ ਆਦਿ ਬਹੁਤ ਸਾਰੇ ਦੇਸ਼ਾਂ ਤੋਂ ਪਹੁੰਚੇ ਹੋਏ ਸਨ। ਇਸ ਟਰੈਕ ਅਤੇ ਫੀਲਡ ਮੀਟ ਵਿਚ ਦੁਨੀਆਂ ਭਰ ਦੇ 885 ਅਥਲੀਟਾਂ ਪੁਰਸ਼ ਅਤੇ ਔਰਤਾਂ ਨੇ ਹਿੱਸਾ ਲਿਆ।

Global Allianz
ਕਾਨੂੰਨੀ ਸਲਾਹਾਂ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਟਰੰਪ ਲਈ ਵੱਡਾ ਝਟਕਾ

■ ਨਵੇਂ ਸਰਵੇਖਣ 'ਚ ਕਮਲਾ ਹੈਰਿਸ ਸਭ ਤੋਂ ਅੱਗੇ



ਵਾਸ਼ਿੰਗਟਨ (ਰਾਜ ਗੋਗਨਾ/ ਪੰਜਾਬ ਮੇਲ)- ਤਾਜ਼ਾ ਸਰਵੇਖਣ ਵਿੱਚ ਕਮਲਾ ਹੈਰਿਸ ਸਭ ਤੋਂ ਅੱਗੇ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਕਮਲਾ ਹੈਰਿਸ ਦਾ ਹਮਲਾ ਜਾਰੀ ਹੈ। ਹਾਲ ਹੀ ਵਿਚ ਬਾਇਡਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਨੇ ਕਮਲਾ ਹੈਰਿਸ ਨੂੰ ਆਪਣੇ ਉਮੀਦਵਾਰ ਵਜੋਂ ਐਲਾਨਿਆ ਹੈ। ਭਾਰਤੀ ਮੂਲ ਦੀ ਕਮਲਾ ਹੈਰਿਸ ਦੇ ਰਿੰਗ ਵਿਚ ਦਾਖਲ ਹੋਣ ਤੋਂ ਬਾਅਦ ਇਸ ਕ੍ਰਮ ਵਿਚ ਮੁਕਾਬਲਾ ਹੋਰ ਦਿਲਚਸਪ ਹੋ ਗਿਆ ਹੈ। ਕਮਲਾ ਹੈਰਿਸ ਤਾਜ਼ਾ ਸਰਵੇਖਣ ਵਿਚ ਟਰੰਪ ਤੋਂ ਅੱਗੇ ਹੈ। ਇਸ ਸਮੇਂ ਪੂਰੀ ਦੁਨੀਆਂ ਦਾ ਧਿਆਨ ਅਮਰੀਕੀ ਰਾਸ਼ਟਰਪਤੀ ਚੋਣਾਂ 'ਤੇ ਹੈ।

ਅਮਰੀਕੀ ਰਾਸ਼ਟਰਪਤੀ ਚੋਣਾਂ ਦੀ ਲੜਾਈ ਦਿਨੋਂ-ਦਿਨ ਹੋਰ ਤਿੱਖੀ ਹੁੰਦੀ ਜਾ ਰਹੀ ਹੈ। ਹੁਣ ਤੱਕ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਅੱਗੇ ਚੱਲ ਰਹੇ ਸਨ। ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਕਮਲਾ ਹੈਰਿਸ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਵਿਚ ਸ਼ਾਮਲ ਹੋਣ ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਬਦਲ ਰਹੀ ਹੈ। ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦਾ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰੀ ਤੋਂ ਹਟਣਾ ਅਮਰੀਕੀ ਰਾਜਨੀਤੀ ਵਿਚ ਇੱਕ ਨਵਾਂ ਮੋੜ ਆ ਗਿਆ ਹੈ। ਉਸ ਤੋਂ ਬਾਅਦ ਕਮਲਾ ਹੈਰਿਸ, ਜੋ ਮੌਜੂਦਾ ਉਪ-ਰਾਸ਼ਟਰਪਤੀ ਹਨ ਅਤੇ ਰਾਸ਼ਟਰਪਤੀ ਦੀ ਦੌੜ ਵਿਚ ਕੁੱਦ ਪਈ। ਇਸ ਕ੍ਰਮ ਵਿਚ ਪਿਛਲੇ ਕੁਝ ਦਿਨਾਂ ਤੋਂ ਕਰਵਾਏ ਜਾ ਰਹੇ ਸਰਵੇਖਣਾਂ ਵਿਚ ਕਮਲਾ ਹੈਰਿਸ ਨੇ ਹਾਲ ਹੀ ਵਿਚ ਟਰੰਪ ਨੂੰ ਪਛਾੜ ਦਿੱਤਾ ਹੈ। ਕਮਲਾ ਹੈਰਿਸ ਨੇ ਤਾਜ਼ਾ ਚੋਣ ਸਰਵੇਖਣ ਵਿਚ ਟਰੰਪ ਨੂੰ ਪਿੱਛੇ ਧੱਕ ਦਿੱਤਾ ਹੈ।


ਸੀ.ਬੀ.ਐੱਸ. ਨਿਊਜ਼/ਯੂ.ਗਵਰਨਰ ਦੁਆਰਾ ਜਾਰੀ ਕੀਤੇ ਗਏ ਇਕ ਚੋਣ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ, ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਤੋਂ ਅੱਗੇ ਹੈ। ਅਮਰੀਕਾ ਦੀਆਂ ਕਈ ਸੰਸਥਾਵਾਂ ਦੇਸ਼ ਦੀਆਂ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਸਰਵੇਖਣ ਕਰ ਰਹੀਆਂ ਹਨ। ਕਿਹਾ ਜਾ ਰਿਹਾ ਹੈ ਕਿ ਕੁਝ ਰਾਜਾਂ 'ਚ ਦੋਵਾਂ ਵਿਚਾਲੇ ਟਕਰਾਅ ਜਾਰੀ ਰਹੇਗਾ। ਜਿਵੇਂ ਕਿ ਇਸ ਸਾਲ 5 ਨਵੰਬਰ ਨੂੰ ਅਮਰੀਕੀ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਟਰੰਪ ਅਤੇ ਕਮਲਾ ਹੈਰਿਸ ਜਿੱਤਣ ਲਈ ਜ਼ੋਰ-ਸ਼ੋਰ ਨਾਲ ਚੱਲ ਰਹੇ ਹਨ। ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਬਾਹਰ ਹੋਣ ਤੋਂ ਬਾਅਦ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਜਿੱਤਣ ਦੀਆਂ ਸੰਭਾਵਨਾਵਾਂ ਵਿਚ ਵਾਧਾ ਹੋਇਆ ਹੈ। ਹੁਣ ਇਹ ਡੈਮੋਕ੍ਰੇਟਿਕ ਪਾਰਟੀ ਲਈ ਰੈਲੀ ਪੁਆਇੰਟ ਬਣ ਗਈ ਹੈ।

ਕਮਲਾ ਹੈਰਿਸ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਵਿਚ ਸ਼ਾਮਲ ਹੋਣ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਨੂੰ ਭਾਰੀ ਮਾਤਰਾ ਵਿਚ ਦਾਨ ਦਾ ਖੁੱਲ੍ਹਾ ਪ੍ਰਵਾਹ ਚੱਲ ਰਿਹਾ ਹੈ। ਕਮਲਾ ਹੈਰਿਸ ਦੁਆਰਾ ਆਯੋਜਿਤ ਆਨਲਾਈਨ ਮੀਟਿੰਗਾਂ ਵਿਚ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਹੁੰਦੇ ਹਨ। ਲੱਗਦਾ ਹੈ ਕਿ ਕਮਲਾ ਹੈਰਿਸ ਜਲਦ ਹੀ ਆਪਣੇ ਰਨਿੰਗ ਸਾਥੀ ਦਾ ਐਲਾਨ ਕਰੇਗੀ। ਦੂਜੇ ਪਾਸੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਨੇ ਵੀ ਕਮਲਾ ਹੈਰਿਸ ਦਾ ਸਮਰਥਨ ਕੀਤਾ ਹੈ। ਜਿੰਮੀ ਕਾਰਟਰ ਦੇ ਪੋਤੇ ਜੇਸਨ ਨੇ ਹਾਲ ਹੀ 'ਚ ਇਸ ਗੱਲ ਦਾ ਖੁਲਾਸਾ ਕੀਤਾ ਹੈ। ਜਿੰਮੀ ਕਾਰਟਰ ਨੇ 1977-81 ਤੱਕ ਸੰਯੁਕਤ ਰਾਜ ਦੇ ਰਾਸ਼ਟਰਪਤੀ ਵਜੋਂ ਸੇਵਾ ਕੀਤੀ। ਵਾਸ਼ਿੰਗਟਨ ਪੋਸਟ ਅਨੁਸਾਰ ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼, ਪੈਨਸਿਲਵੇਨੀਆ ਦੇ ਗਵਰਨਰ ਜੋਸ਼ ਸ਼ਾਪੀਰੋ, ਅਰੀਜ਼ੋਨਾ ਦੇ ਸੈਨੇਟਰ ਮਾਰਕ ਕੈਲੀ ਨੇ ਬੀਤੇ ਦਿਨੀਂ ਐਤਵਾਰ ਨੂੰ ਵਾਸ਼ਿੰਗਟਨ ਵਿਚ ਹੈਰਿਸ ਨਾਲ ਮੁਲਾਕਾਤ ਕੀਤੀ। ਹਾਲਾਂਕਿ ਜੁਲਾਈ ਦੇ ਮਹੀਨੇ ਪੈਨਸਿਲਵੇਨੀਆ 'ਚ ਇਕ ਚੋਣ ਰੈਲੀ 'ਚ ਡੋਨਾਲਡ ਟਰੰਪ 'ਤੇ ਕਾਤਲਾਨਾ ਹਮਲਾ ਵੱਡਾ ਸਨਸਨੀ ਬਣ ਗਿਆ ਸੀ। ਇਸ ਤੋਂ ਬਾਅਦ ਅੰਤਰਰਾਸ਼ਟਰੀ ਮੀਡੀਆ ਨੇ ਕਿਹਾ ਕਿ ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਚੋਣ ਜਿੱਤਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਪਰ ਇਸ ਤੋਂ ਬਾਅਦ ਬਾਇਡਨ ਬਾਹਰ ਹੋ ਗਏ ਅਤੇ ਸਿਆਸੀ ਹਲਕਿਆਂ ਦਾ ਦਾਅਵਾ ਹੈ ਕਿ ਟਰੰਪ ਵੱਲੋਂ ਆਯੋਜਿਤ ਕਈ ਰੈਲੀਆਂ 'ਚ ਕਮਲਾ ਹੈਰਿਸ 'ਤੇ ਕੀਤੀਆਂ ਗਈਆਂ ਸਖਤ ਟਿੱਪਣੀਆਂ ਕਾਰਨ ਟਰੰਪ ਦਾ ਗ੍ਰਾਫ ਹੁਣ ਡਿੱਗ ਰਿਹਾ ਹੈ।

## ਅਮਰੀਕੀ ਯੂਨੀਵਰਸਿਟੀ 'ਚ ਦਾਖਲੇ ਲਈ ਫਰਜ਼ੀ ਦਸਤਾਵੇਜ਼ ਦੇਣ ਦਾ ਦੋਸ਼ੀ ਭਾਰਤੀ ਵਿਦਿਆਰਥੀ ਪਰਤੇਗਾ ਭਾਰਤ

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਵਿਚ ਇਕ ਯੂਨੀਵਰਸਿਟੀ 'ਚ ਦਾਖਲਾ ਲੈਣ ਲਈ ਕਾਗਜ਼ਾਤ ਵਿਚ ਹੇਰਾਫੇਰੀ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ ਭਾਰਤੀ ਵਿਦਿਆਰਥੀ ਨੂੰ ਅਮਰੀਕੀ ਅਧਿਕਾਰੀਆਂ ਨਾਲ ਹੋਏ ਇਕ ਸਮਝੌਤੇ ਤਹਿਤ ਵਤਨ ਭੇਜ ਦਿੱਤਾ ਜਾਵੇਗਾ। ਆਰੀਆ ਆਨੰਦ (19) ਨੇ ਵਿਦਿਅਕ ਸੈਸ਼ਨ 2023-24 ਵਿਚ ਪੈਨਸਿਲਵੇਨੀਆ ਦੀ ਲੇਹਾਏ ਯੂਨੀਵਰਸਿਟੀ ਵਿਚ ਦਾਖਲਾ ਲੈਣ ਲਈ ਫਰਜ਼ੀ ਦਸਤਾਵੇਜ਼ ਜਮ੍ਹਾਂ ਕਰਵਾਏ ਸਨ। ਲੇਹਾਏ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਪ੍ਰਕਾਸ਼ਿਤ ਅਖਬਾਰ 'ਦਿ ਬਰਾਊਨ ਐਂਡ ਵ੍ਹਾਈਟ' ਦੀ ਪਿਛਲੇ ਮਹੀਨੇ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਪੁਲਿਸ ਜਾਂਚ ਵਿਚ ਪਾਇਆ ਗਿਆ ਹੈ ਕਿ ਆਨੰਦ ਨੇ ਪ੍ਰਵੇਸ਼ ਤੇ ਵਿੱਤੀ ਸਹਾਇਤਾ ਸਬੰਧੀ ਦਸਤਾਵੇਜ਼ਾਂ 'ਚ ਹੇਰਾਫੇਰੀ ਕੀਤੀ ਹੈ। ਖ਼ਬਰ ਵਿਚ ਕਿਹਾ ਗਿਆ ਸੀ ਕਿ ਉਸ ਨੇ ਦਾਖਲਾ ਤੇ ਸਕਾਲਰਸ਼ਿਪ ਹਾਸਲ ਕਰਨ ਲਈ 'ਆਪਣੇ ਪਿਤਾ ਦੀ ਮੌਤ ਦਾ ਝੂਠਾ ਦਾਅਵਾ ਵੀ ਕੀਤਾ ਸੀ।" ਆਨੰਦ 'ਤੇ ਮੈਜਿਸਟਰੀਅਲ ਡਿਸਟ੍ਰਿਕਟ ਜੱਜ ਜੋਰਡਨ ਨਿਸਲੇ ਦੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ, ਜਿਸ ਦੀ ਜ਼ਮਾਨਤ ਰਾਸ਼ੀ 25,000 ਅਮਰੀਕੀ ਡਾਲਰ ਸੀ। ਉਸ ਨੇ ਜਾਅਲਸਾਜ਼ੀ ਦੇ ਦੋਸ਼ ਹੇਠ ਦੋਸ਼ੀ ਠਹਿਰਾਇਆ ਗਿਆ।

## ਕੈਲੀਫੋਰਨੀਆ 'ਚ ਲੁੱਟਮਾਰ ਦੇ ਮਾਮਲਿਆਂ 'ਚ 8 ਜਣਿਆਂ ਨੂੰ 1 ਤੋਂ 10 ਸਾਲ ਤੱਕ ਕੈਦ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਦੱਖਣੀ ਕੈਲੀਫੋਰਨੀਆ 'ਚ 17 ਮਿਲੀਅਨ ਡਾਲਰ ਤੋਂ ਵਧ ਦੇ ਲੁੱਟਮਾਰ ਮਾਮਲਿਆਂ ਵਿਚ 8 ਜਣਿਆਂ ਜਿਨ੍ਹਾਂ ਨੇ ਆਪਣਾ ਗੁਨਾਹ ਮੰਨ ਲਿਆ ਸੀ, ਨੂੰ 1 ਸਾਲ ਤੋਂ ਲੈ ਕੇ 10 ਸਾਲ ਤੋਂ ਵਧ ਕੈਦ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ ਹਨ। ਕੈਲੀਫੋਰਨੀਆ ਅਟਾਰਨੀ ਜਨਰਲ ਰਾਬ ਬੋਨਟਾ ਅਨੁਸਾਰ ਸ਼ੱਕੀ ਦੋਸ਼ੀਆਂ ਨੇ ਮਈ 2023 ਤੋਂ ਅਗਸਤ 2023 ਦਰਮਿਆਨ ਯੈਸ ਸੇਂਟ ਲੌਰੈਂਟ (ਵਾਈ.ਐੱਸ.ਐੱਲ.), ਨੋਰਡਸਟਰਾਮ ਤੇ ਲੋਇਸ ਵੂਈਟੋਨ ਸਮੇਤ ਹੋਰ ਪ੍ਰਚੂਨ ਸਟੋਰਾਂ ਨੂੰ ਨਿਸ਼ਾਨਾ ਬਣਾਇਆ ਸੀ। ਬੋਨਟਾ ਨੇ ਕਿਹਾ ਕਿ ਇਸ ਕਿਸਮ ਦੇ ਅਪਰਾਧ ਸਾਡੇ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ ਤੇ ਸਮਾਜ ਲਈ ਗੰਭੀਰ ਖਤਰਾ ਹਨ। ਉਨ੍ਹਾਂ ਕਿਹਾ ਕਿ ਅਸੀਂ ਇਸ ਕਿਸਮ ਦੀਆਂ ਅਪਰਾਧਿਕ ਗਤੀਵਿਧੀਆਂ ਖਤਮ ਕਰਕੇ ਹੀ ਦਮ ਲਵਾਂਗੇ। ਜਿਨ੍ਹਾਂ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਵਿਚ ਜੌਰਡਨ ਹੈਰਿਸ ਨੂੰ ਸਭ ਤੋਂ ਵਧ 10 ਸਾਲ 4 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਕਿਪ ਹੈਨਰੀ ਨੂੰ 7 ਸਾਲ 4 ਮਹੀਨੇ, ਡੈਵਨ ਪੈਰੀ ਨੂੰ 5 ਸਾਲ 4 ਮਹੀਨੇ, ਜ਼ੀਓਨਾ ਫੈਮਾਸੋ ਨੂੰ 4 ਸਾਲ 4 ਮਹੀਨੇ, ਅਲਾਨਾ ਹਾਰਟ ਨੂੰ 4 ਸਾਲ, ਟਰੇਵੈਲ ਹਮਬਲੈਟ ਨੂੰ 4 ਸਾਲ, ਜੈਸਨ ਸਮਿੱਥ ਨੂੰ 3 ਸਾਲ ਤੇ ਸਭ ਤੋਂ ਘੱਟ ਬਰੀਐਨਾ ਜਿਮਨੇਜ਼ ਨੂੰ 1 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। 9ਵੇਂ ਸ਼ੱਕੀ ਈਵਾਨ ਰਮੀਰੇਜ਼ ਨੂੰ ਅਗਲੇ ਸਾਲ ਸਜ਼ਾ ਸੁਣਾਈ ਜਾਵੇਗੀ, ਜੋ ਇਕ ਵੱਡੇ ਡਾਕੇ ਵਿਚ ਸ਼ਾਮਿਲ ਸੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਵਿਦਿਆਰਥੀਆਂ ਦੇ ਬਲੱਡ ਗਰੁੱਪ ਦੀ ਕੀਤੀ ਮੁਫ਼ਤ ਜਾਂਚ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਹਰ ਖੇਤਰ ਵਿਚ ਬਹੁਤ ਵੱਡਾ ਹੰਭਲਾ ਮਾਰਿਆ ਜਾ ਰਿਹਾ ਹੈ। ਜਦੋਂ ਕਿਤੇ ਵੀ ਮਾਨਵਤਾ ਤੇ ਕੋਈ ਵੀ ਮੁਸੀਬਤ ਆਉਂਦੀ ਹੈ, ਤਾਂ ਡਾਕਟਰ ਓਬਰਾਏ ਉੱਥੇ ਮਸੀਹਾ ਬਣ ਕੇ ਆਉਂਦੇ ਹਨ। ਪੰਜਾਬ ਸਰਕਾਰ ਵੱਲੋਂ ਸਕੂਲੀ ਵਿਦਿਆਰਥੀਆਂ ਦਾ ਰਿਕਾਰਡ ਤਿਆਰ ਕਰਨ ਲਈ ਉਸ ਵਿਚ ਬਲੱਡ ਗਰੁੱਪ ਭਰਨ ਲਈ ਕਿਹਾ ਗਿਆ ਹੈ, ਪਰ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਆਮ ਤੌਰ 'ਤੇ ਅਜਿਹੇ ਖਰਚੇ ਭਰਨ ਤੋਂ ਅਸਮਰਥ ਹੁੰਦੇ ਹਨ। ਸਕੂਲ ਮੁਖੀਆਂ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਇਕਾਈਆਂ ਨੂੰ ਬੱਚਿਆਂ ਦੇ ਬਲੱਡ ਗਰੁੱਪ ਚੈੱਕ ਕਰਨ ਲਈ ਪੱਤਰ ਭੇਜੇ ਗਏ ਸਨ, ਤਾਂ ਇਕਾਈਆਂ ਵੱਲੋਂ ਡਾਕਟਰ



ਡਾ. ਐੱਸ.ਪੀ. ਸਿੰਘ ਓਬਰਾਏ।

ਐੱਸ.ਪੀ. ਸਿੰਘ ਓਬਰਾਏ, ਸ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ, ਡਾਕਟਰ ਦਿਲਜੀਤ ਸਿੰਘ ਗਿੱਲ ਡਾਇਰੈਕਟਰ ਸਿਹਤ ਸੇਵਾਵਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਧਿਆਨ ਵਿਚ ਲਿਆਂਦਾ ਗਿਆ, ਤਾਂ ਡਾਕਟਰ ਓਬਰਾਏ ਵਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਬਲੱਡ ਗਰੁੱਪ ਮੁਫ਼ਤ ਚੈੱਕ ਕਰਨ ਲਈ ਤੁਰੰਤ ਸੰਨੀ ਓਬਰਾਏ ਕਲੀਨਿਕਲ ਲੈਬਾਂ ਨੂੰ ਆਦੇਸ਼ ਦਿੱਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸਰਕਾਰ ਪ੍ਰਾਇਮਰੀ ਸਕੂਲ ਚੱਕ ਗਾਂਧਾ ਸਿੰਘ ਵਾਲਾ ਵਿਖੇ ਸੰਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਕੱਚਾ ਥਾਂਦੇ ਵਾਲਾ ਰੋਡ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੂੰ ਨਾਲ ਲਿਆ ਕੇ ਬੱਚਿਆਂ ਦੇ ਬਲੱਡ ਗਰੁੱਪ ਦੀ ਮੁਫ਼ਤ ਜਾਂਚ ਕੀਤੀ ਗਈ। ਅਧਿਆਪਕਾਂ ਵੱਲੋਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਇਸ ਉਪਰਾਲੇ ਲਈ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੁਖਬੀਰ ਸਿੰਘ ਜੈਲਦਾਰ, ਸੋਮਨਾਥ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ, ਸਕੂਲ ਦੇ ਮੁੱਖ ਅਧਿਆਪਕ ਅਤੇ ਅਧਿਆਪਕ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦੀ ਤਰੀਕ 'ਚ ਮੁੜ ਵਾਧਾ

**-ਹੁਣ 16 ਸਤੰਬਰ ਤੱਕ ਬਣ ਸਕਣਗੀਆਂ ਵੋਟਾਂ**

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ ਵਿਚ ਇਕ ਵਾਰ ਮੁੜ ਵਾਧਾ ਕੀਤਾ ਗਿਆ ਹੈ। ਹੁਣ 16 ਸਤੰਬਰ ਤੱਕ ਵੋਟਾਂ ਬਣ ਸਕਣਗੀਆਂ। ਇਸ ਪ੍ਰਕਿਰਿਆ ਵਿਚ ਲਗਾਤਾਰ ਹੋ ਰਹੇ ਵਾਧੇ ਦੇ ਮੱਦੇਨਜ਼ਰ ਚੋਣਾਂ ਹੁਣ ਇਸ ਸਾਲ ਹੋਣ ਦੀ ਸੰਭਾਵਨਾ ਮੱਧਮ ਪੈ ਗਈ ਹੈ। ਵੋਟਾਂ ਬਣਾਉਣ ਲਈ 31 ਜੁਲਾਈ ਆਖਰੀ ਦਿਨ ਸੀ ਪਰ ਵੋਟਾਂ ਬਣਾਉਣ ਦੀ ਪ੍ਰਕਿਰਿਆ ਸੁਸਤ ਤੇ ਵੋਟਾਂ ਘੱਟ ਬਣਨ ਦੇ ਮੱਦੇਨਜ਼ਰ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਾਂ ਬਣਾਉਣ ਦੀ ਮਿਤੀ ਵਿਚ ਇਕ ਵਾਰ ਮੁੜ ਵਾਧਾ ਕਰਦਿਆਂ ਹੁਣ ਆਖਰੀ ਮਿਤੀ 16 ਸਤੰਬਰ ਰੱਖੀ ਗਈ ਹੈ। ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਕਮਿਸ਼ਨ ਨੇ ਇਸ ਵਾਰ ਵੋਟਰ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਹਦਾਇਤ ਕੀਤੀ ਹੈ।

# ਕੈਨੇਡਾ 'ਚ 3 ਸਿੱਖਾਂ 'ਤੇ ਨਫ਼ਰਤੀ ਹਮਲਾ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ 'ਚ 3 ਸਿੱਖਾਂ 'ਤੇ ਨਫ਼ਰਤੀ ਹਮਲਾ ਹੋਣ ਦੀ ਰਿਪੋਰਟ ਹੈ, ਜਿਨ੍ਹਾਂ ਦੀਆਂ ਦਸਤਾਰਾਂ ਹਮਲਾਵਰ ਨਾਲ ਲੈ ਗਏ ਅਤੇ ਕੁੱਟਮਾਰ ਕਰਨ ਮਗਰੋਂ ਗੱਡੀ ਹੇਠ ਦਰੜਨ ਦਾ ਯਤਨ ਵੀ ਕੀਤਾ। ਪਹਿਲਾ ਮਾਮਲਾ ਟੋਰਾਂਟੋ ਦੇ ਸਕਾਰਬ੍ਰੋਅ ਇਲਾਕੇ ਵਿਚ ਸਾਹਮਣੇ ਆਇਆ, ਜਿਥੇ ਰੁਪਿੰਦਰ ਸਿੰਘ ਨੂੰ ਨਿਸ਼ਾਨਾ ਬਣਾਇਆ ਗਿਆ, ਜਦੋਂ ਉਹ ਗੁਰਦੁਆਰਾ ਸਾਹਿਬ ਤੋਂ ਘਰ ਪਰਤ ਰਿਹਾ ਸੀ। ਦੂਜਾ ਮਾਮਲਾ ਪੀਟਰਬ੍ਰੋਅ ਵਿਖੇ ਸਾਹਮਣੇ ਆਇਆ, ਜਿਥੇ ਸਿੱਖ ਨੌਜਵਾਨ ਦੀ ਪੱਗ ਢਾਹੁਣ ਮਗਰੋਂ ਸਿਰ 'ਤੇ ਸੋਡਾ ਕੈਨ ਨਾਲ ਵਾਰ ਕੀਤੇ ਗਏ। ਤੀਜਾ ਮਾਮਲਾ ਸਡਬਰੀ ਵਿਖੇ ਸਾਹਮਣੇ ਆਇਆ, ਜਿਥੇ ਇਕ ਸਿੱਖ ਨੂੰ ਪਿਕਅੱਪ ਟਰੱਕ ਹੇਠ ਦਰੜਨ ਦਾ ਯਤਨ ਕੀਤਾ ਗਿਆ। ਰੁਪਿੰਦਰ ਸਿੰਘ ਨੇ ਦੱਸਿਆ ਕਿ ਇਕ ਕਾਰ 'ਚ ਸਵਾਰ ਕੁਝ ਲੋਕਾਂ ਨੇ ਉਸ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਜਿਉਂ ਹੀ ਉਹ ਆਪਣੇ ਘਰ ਨੇੜੇ ਪੁੱਜਾ, ਤਾਂ ਇਕ ਹਮਲਾਵਰ ਨੇ ਕਾਰ ਵਿਚੋਂ ਨਿਕਲਦਿਆਂ, ਉਸ ਦੀ ਦਸਤਾਰ ਨੂੰ ਹੱਥ ਪਾ ਲਿਆ। ਹਮਲਾਵਰ ਦਸਤਾਰ ਖਿੱਚ ਕੇ ਕਾਰ ਵੱਲ ਦੌੜਿਆ, ਜੋ ਗੋਲਡ-ਵਾਈਟ ਕਲਰ ਦੀ 7 ਸੀਟਰ ਸੀਐਨਾ ਗੱਡੀ ਸੀ। ਰੁਪਿੰਦਰ ਸਿੰਘ ਮੁਤਾਬਕ ਹਮਲਾਵਰਾਂ ਨੇ ਸਾਰੀ ਘਟਨਾ ਦੀ ਵੀਡੀਓ ਵੀ ਬਣਾਈ। ਰੁਪਿੰਦਰ ਸਿੰਘ ਨੇ 911 'ਤੇ ਕਾਲ ਕੀਤੀ ਅਤੇ ਪੁਲਿਸ ਮੌਕੇ 'ਤੇ ਪੁੱਜ ਗਈ ਪਰ 16 ਜੁਲਾਈ ਦੀ ਵਾਰਦਾਤ ਮਗਰੋਂ ਹੁਣ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋ ਸਕੀ। ਇਸੇ ਕਿਸਮ ਦੀ ਵਾਰਦਾਤ 25 ਜੁਲਾਈ ਨੂੰ ਓਨਟਾਰੀਓ ਦੇ ਪੀਟਰਬ੍ਰੋਅ ਵਿਖੇ ਵਾਪਰੀ, ਜਿਥੇ ਇਕ ਸਿੱਖ 'ਤੇ ਸੋਡਾ ਕੈਨ ਨਾਲ ਵਾਰ ਕੀਤੇ ਗਏ। ਹੰਟਰ ਸਟ੍ਰੀਟ ਈਸਟ ਅਤੇ ਮਾਰਕ ਸਟ੍ਰੀਟ ਵਿਚ ਹੋਈ ਵਾਰਦਾਤ ਨੂੰ ਪੁਲਿਸ ਨਫ਼ਰਤੀ ਅਪਰਾਧ ਮੰਨ ਰਹੀ ਹੈ। ਦੂਜੇ ਪਾਸੇ ਓਨਟਾਰੀਓ ਦੇ ਹੀ ਸਡਬਰੀ ਵਿਖੇ ਇਕ ਅੰਮ੍ਰਿਤਧਾਰੀ ਸਿੱਖ 'ਤੇ ਹਮਲਾ ਕਰਦਿਆਂ ਪਿਕਅੱਪ ਟਰੱਕ ਹੇਠ ਦਰੜਨ ਦਾ ਯਤਨ ਕੀਤਾ ਗਿਆ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਸਿੱਖਾਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਤੋਂ ਚਿੰਤਤ ਹੈ ਅਤੇ ਜਥੇਬੰਦੀ ਦਾ ਕਹਿਣਾ ਹੈ ਕਿ ਕੈਨੇਡੀਅਨ ਸਿੱਖਾਂ ਨੂੰ ਆਨਲਾਈਨ ਵੀ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

# ਦਿੱਲੀ ਅਦਾਲਤ ਟਾਈਟਲਰ ਖ਼ਿਲਾਫ਼ ਹੁਣ 16 ਅਗਸਤ ਨੂੰ ਤੈਅ ਕਰੇਗੀ ਦੋਸ਼

**ਨਵੀਂ ਦਿੱਲੀ, (ਪੰਜਾਬ ਮੇਲ)-**ਦਿੱਲੀ ਦੀ ਇਕ ਅਦਾਲਤ ਵੱਲੋਂ 1984 ਦੇ ਸਿੱਖ ਕਤਲੇਆਮ ਦੌਰਾਨ ਪੁਲ ਬੰਗਸ਼ ਗੁਰਦੁਆਰੇ ਦੇ ਸਾਹਮਣੇ ਤਿੰਨ ਵਿਅਕਤੀਆਂ ਦੇ ਕਥਿਤ ਕਤਲ ਨਾਲ ਸੰਬੰਧਿਤ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਬਾਰੇ ਫ਼ੈਸਲਾ ਸੁਣਾਇਆ ਜਾਣਾ ਸੀ, ਪਰ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਛੁੱਟੀ 'ਤੇ ਹੋਣ



ਕਾਰਨ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਹੁਣ ਇਹ ਫ਼ੈਸਲਾ 16 ਅਗਸਤ ਨੂੰ ਸੁਣਾਏ ਜਾਣ ਦੀ ਸੰਭਾਵਨਾ ਹੈ। ਦੱਸਣਯੋਗ ਹੈ ਕਿ ਬੀਤੇ 19 ਜੁਲਾਈ ਨੂੰ ਇਸ ਮਾਮਲੇ 'ਚ ਜੱਜ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ, ਜੋ 2 ਅਗਸਤ ਨੂੰ ਸੁਣਾਇਆ ਜਾਣਾ ਸੀ।




# ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਸੁਖਬੀਰ ਤੇ ਸ਼੍ਰੋਮਣੀ ਕਮੇਟੀ ਦੇ ਸਪੱਸ਼ਟੀਕਰਨ ਜਨਤਕ

- ਜਥੇਦਾਰਾਂ ਨੇ ਸਪੱਸ਼ਟੀਕਰਨਾਂ ਬਾਰੇ ਭੁਲੇਖੇ ਦੂਰ ਕਰਨ ਲਈ ਵਿਚਾਰ-ਚਰਚਾ ਮਗਰੋਂ ਲਿਆ ਫ਼ੈਸਲਾ
- ਸੁਖਬੀਰ ਨੇ ਬਿਨਾ ਸ਼ਰਤ ਕੀਤੀ ਖਿਮਾ ਯਾਚਨਾ



**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਦਿੱਤੇ ਸਪੱਸ਼ਟੀਕਰਨ ਜਨਤਕ ਕਰ ਦਿੱਤੇ ਹਨ। ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਮਿਲੇ ਹਨ ਤੇ ਗੈਰ-ਰਸਮੀ ਮੀਟਿੰਗ ਕੀਤੀ। ਮੀਟਿੰਗ ਦੌਰਾਨ ਹੋਈ ਵਿਚਾਰ-ਚਰਚਾ ਮਗਰੋਂ ਇਹ ਦੋਵੇਂ ਸਪੱਸ਼ਟੀਕਰਨ ਜਨਤਕ ਕੀਤੇ ਗਏ ਹਨ। ਜਥੇਦਾਰ ਦੇ ਮੀਡੀਆ ਸਕੱਤਰ ਤਲਵਿੰਦਰ ਸਿੰਘ ਬੁੱਟਰ ਨੇ ਕਿਹਾ ਕਿ ਸਪੱਸ਼ਟੀਕਰਨਾਂ ਸਬੰਧੀ ਪਾਏ ਜਾ ਰਹੇ ਭਰਮ-ਭੁਲੇਖੇ ਦੂਰ ਕਰਨ ਲਈ ਦੋਵੇਂ ਪੱਤਰ ਜਨਤਕ ਕੀਤੇ ਗਏ ਹਨ।

ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਵਿਚ ਉਨ੍ਹਾਂ ਕਿਹਾ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹਨ। ਉਨ੍ਹਾਂ ਕਿਹਾ ਕਿ ਉਸ ਖਿਲਾਫ਼ ਜੋ ਵੀ ਲਿਖ ਕੇ ਦਿੱਤਾ ਗਿਆ ਹੈ, ਉਹ ਉਸ ਵਾਸਤੇ ਗੁਰੂ ਸਾਹਿਬ ਤੇ ਗੁਰੂ ਪੰਥ ਪਾਸੋਂ ਬਿਨਾਂ ਸ਼ਰਤ ਖਿਮਾ ਯਾਚਨਾ ਕਰਦੇ ਹਨ। ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਉਹ ਸਾਰੀਆਂ ਭੁੱਲਾਂ ਆਪਣੀ ਝੋਲੀ ਪਾਉਂਦੇ ਹਨ। ਚਾਹੇ ਉਹ ਭੁੱਲਾਂ ਪਾਰਟੀ ਕੋਲੋਂ ਹੋਈਆਂ ਹਨ ਜਾਂ ਸਰਕਾਰ ਕੋਲੋਂ ਅਤੇ ਚੇਤ-ਅਚੇਤ ਵਿਚ ਹੋਈਆਂ। ਇਨ੍ਹਾਂ ਸਾਰੀਆਂ ਭੁੱਲਾਂ ਲਈ ਉਹ ਖਿਮਾ ਦੇ ਜਾਚਕ ਹਨ। ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਵੱਲੋਂ ਜੋ ਵੀ ਫ਼ੈਸਲਾ ਕੀਤਾ ਜਾਵੇਗਾ, ਉਨ੍ਹਾਂ ਨੂੰ ਸਿਰ-ਮੱਥੇ ਪ੍ਰਵਾਨ ਹੋਵੇਗਾ। ਤਿੰਨ ਸਫਿਆਂ ਦੇ ਸਪੱਸ਼ਟੀਕਰਨ ਵਿਚ ਉਨ੍ਹਾਂ ਕਿਹਾ ਕਿ 2007 ਤੋਂ ਲੈ ਕੇ 2015 ਤੱਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਕਈ ਦੁਖਦਾਈ ਘਟਨਾਵਾਂ ਪੰਜਾਬ ਵਿਚ ਵਾਪਰੀਆਂ ਸਨ। ਇਨ੍ਹਾਂ ਘਟਨਾਵਾਂ ਨੂੰ ਲੈ ਕੇ ਉਸ ਵੇਲੇ ਦੇ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਕੋਲ 17 ਅਕਤੂਬਰ 2015 ਨੂੰ ਨਿੱਜੀ ਤੌਰ 'ਤੇ ਹਾਜ਼ਰ ਹੋਏ ਸਨ। ਉਨ੍ਹਾਂ ਇਕ ਲਿਖਤੀ ਪੱਤਰ ਵਿਚ ਜਥੇਦਾਰ ਨੂੰ ਸੌਂਪਿਆ ਸੀ। ਸਪੱਸ਼ਟੀਕਰਨ ਦੇ ਨਾਲ ਇਹ ਪੱਤਰ ਵੀ ਸ਼ਾਮਿਲ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਵਿਚ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ 24 ਸਤੰਬਰ 2015 ਨੂੰ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਵੱਲੋਂ ਡੇਰਾ ਸਿਰਸਾ ਦੇ ਮੁਖੀ ਦੇ ਮਾਮਲੇ ਬਾਰੇ ਇੱਕ ਗੁਰਮਤਾ ਕੀਤਾ ਸੀ, ਜਿਸ ਮਗਰੋਂ ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਮਰਹੂਮ ਅਵਤਾਰ ਸਿੰਘ ਮੱਕੜ ਦੇ ਹੁਕਮਾਂ 'ਤੇ ਉਸ ਵੇਲੇ ਦੇ ਮੁੱਖ ਸਕੱਤਰ ਮਰਹੂਮ ਹਰਚਰਨ ਸਿੰਘ ਵੱਲੋਂ ਇਸ਼ਤਿਹਾਰ ਜਾਰੀ ਕਰਵਾਏ ਗਏ ਸਨ। ਇਹ ਇਸ਼ਤਿਹਾਰ ਸ੍ਰੀ ਅਕਾਲ ਤਖ਼ਤ ਦੇ ਮਾਣ-ਸਤਿਕਾਰ ਅਤੇ ਹੁਕਮ ਦੇ ਸਤਿਕਾਰ, ਹੋਈਆਂ ਬੇਅਦਬੀਆਂ ਦੇ ਪਸ਼ਚਾਤਾਪ ਵਜੋਂ ਗੁਰਦੁਆਰਾ ਕਮੇਟੀਆਂ ਨੂੰ ਸ੍ਰੀ ਅਖੰਡ ਪਾਠ ਕਰਵਾਉਣ, ਹੋ ਰਹੀਆਂ ਬੇਅਦਬੀਆਂ ਦੇ ਮਾਮਲੇ ਵਿਚ ਸੁਚੇਤ ਰਹਿਣ ਅਤੇ ਗੁਰਦੁਆਰਿਆਂ ਵਿਚ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਅਪੀਲ ਨਾਲ ਸਬੰਧਤ ਸਨ।

# ਚੋਣ ਕਮਿਸ਼ਨ ਨੇ ਪੰਜਾਬ ਦੇ 6 ਆਗੂ ਅਯੋਗ ਐਲਾਨੇ

- ਅਗਲੇ 3 ਸਾਲ ਤੱਕ ਨਹੀਂ ਲੜ ਸਕਣਗੇ ਚੋਣਾਂ




**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਹੁਕਮਾਂ ਅਨੁਸਾਰ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 6 ਉਮੀਦਵਾਰਾਂ ਨੂੰ ਅਯੋਗ ਐਲਾਨਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਇਨ੍ਹਾਂ ਉਮੀਦਵਾਰਾਂ ਨੇ ਲੋਕ ਪ੍ਰਤੀਨਿਧੀ ਐਕਟ, 1951 ਦੇ ਸੈਕਸ਼ਨ 78 ਅਨੁਸਾਰ ਨਿਸ਼ਚਿਤ ਸਮਾਂ ਸੀਮਾ ਅੰਦਰ ਆਪਣੇ ਚੋਣ ਖਰਚੇ ਦਾ ਵੇਰਵਾ ਕਮਿਸ਼ਨ ਕੋਲ ਜਮ੍ਹਾਂ ਨਹੀਂ ਕਰਵਾਇਆ, ਜਿਸ ਕਰਕੇ ਅਗਲੇ 3 ਸਾਲ ਤੱਕ ਇਨ੍ਹਾਂ ਉਮੀਦਵਾਰਾਂ ਨੂੰ ਚੋਣ ਲੜਨ ਦੇ ਅਯੋਗ ਕਰਾਰ ਦਿੱਤਾ ਗਿਆ ਹੈ।

ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਸਾਰੇ 6 ਉਮੀਦਵਾਰ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਹਨ। 15 ਜੁਲਾਈ 2024 ਨੂੰ ਭਾਰਤੀ ਚੋਣ ਕਮਿਸ਼ਨ ਵੱਲੋਂ ਕੀਤੇ ਹੁਕਮਾਂ ਰਾਹੀਂ ਬਟਾਲਾ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਸੁੱਚਾ ਸਿੰਘ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਕਾਦੀਆਂ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਪ੍ਰੇਮ ਸਿੰਘ ਅਤੇ ਹਰਦੀਪ ਸਿੰਘ ਨੂੰ ਵੀ ਅਯੋਗ ਐਲਾਨਿਆ ਗਿਆ ਹੈ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਗੁਰਦਾਸਪੁਰ ਵਿਧਾਨ ਸਭਾ ਸੀਟ ਤੋਂ ਉਮੀਦਵਾਰ ਸੰਨੀ, ਕਰਨਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਨੂੰ ਵੀ ਭਾਰਤੀ ਚੋਣ ਕਮਿਸ਼ਨ ਨੇ ਅਗਲੇ 3 ਸਾਲ ਤੱਕ ਚੋਣ ਲੜਨ ਦੇ ਅਯੋਗ ਐਲਾਨਿਆ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਖੱਟੜਾ ਨੂੰ ਕਾਨੂੰਨੀ ਕਾਰਵਾਈ ਦੀ ਚਿਤਾਵਨੀ

- ਖੱਟੜਾ ਦੇ ਦੋਸ਼ ਗੁੰਮਰਾਹਕੁਨ ਤੇ ਤੱਥਹੀਣ ਬਿਆਨਬਾਜ਼ੀ ਕਰਾਰ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਕਾ ਆਈ.ਜੀ. ਰਣਬੀਰ ਸਿੰਘ ਖੱਟੜਾ ਨੂੰ ਕਰੜੇ ਹੱਥੀਂ ਲਿਆ ਹੈ ਅਤੇ ਉਸ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਗੁੰਮਰਾਹਕੁਨ ਤੇ ਤੱਥਹੀਣ ਬਿਆਨਬਾਜ਼ੀ ਕਰਾਰ ਦਿੱਤਾ ਹੈ। ਸਿੱਖ ਸੰਸਥਾ ਨੇ ਉਸ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਸੰਗਤਾਂ ਨੂੰ ਗੁਮਰਾਹ ਕਰਨ ਤੋਂ ਗੁਰੇਜ਼ ਕਰੇ ਨਹੀਂ ਤਾਂ ਸ਼੍ਰੋਮਣੀ ਕਮੇਟੀ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੋਸ਼ ਲਾਇਆ ਕਿ ਸਾਬਕਾ ਆਈ.ਜੀ. ਸਿੱਖ ਸੰਸਥਾ ਵਿਰੁੱਧ ਬੇਬਨਿਆਦ ਦੋਸ਼ ਲਾ ਰਹੇ ਹਨ ਅਤੇ ਇਹ ਸਿੱਧ ਕਰਨ ਦਾ ਯਤਨ ਕਰ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਨੇ ਬੇਅਦਬੀ ਮਾਮਲੇ ਵਿਚ ਸੀ.ਬੀ.ਆਈ. ਕਲੋਜ਼ਰ ਰਿਪੋਰਟ ਦੇ ਪੱਖ ਵਿਚ ਹਲਫ਼ੀਆ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਕਿ 2015 ਵਿਚ ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਸਬੰਧੀ ਕੇਸਾਂ ਵਿਚ ਕੇਂਦਰੀ ਜਾਂਚ ਏਜੰਸੀ ਵੱਲੋਂ 2019 ਵਿਚ ਅਦਾਲਤ 'ਚ ਕਲੋਜ਼ਰ ਰਿਪੋਰਟ ਦਰਜ ਕੀਤੀ ਗਈ ਸੀ, ਜਿਸ ਦਾ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕਰਦਿਆਂ, ਇਸ ਨੂੰ ਰੱਦ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਸੀ, ਜੋ ਕਿ ਨਿਰੰਤਰ ਜਾਰੀ ਹੈ।




# ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਦੱਖਣ-ਪੂਰਬੀ ਏਸ਼ੀਆ ਨਾਲ ਪੰਜਾਬ ਦੇ ਹਵਾਈ ਸੰਪਰਕ ਨੂੰ ਵੱਡਾ ਹੁਲਾਰਾ

**■ ਕੁਆਲਾਲੰਪੁਰ-ਅੰਮ੍ਰਿਤਸਰ ਵਿਚਕਾਰ ਉਡਾਣਾਂ 'ਚ ਵਾਧੇ ਦਾ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵੱਲੋਂ ਸੁਆਗਤ**



ਯੋਗੇਸ਼ ਕਾਮਰਾ, ਸਮੀਪ ਸਿੰਘ ਗੁਮਟਾਲਾ, ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ, ਗੁੜਗਾਓਂ ਵਿਖੇ ਮਲੇਸ਼ੀਆ ਏਅਰਲਾਈਨਜ਼ ਦੇ ਖੇਤਰੀ ਮੈਨੇਜਰ ਅਮਿਤ ਮਹਿਤਾ ਨਾਲ।

ਅੰਮ੍ਰਿਤਸਰ, (ਪੰਜਾਬ ਮੇਲ)- ਪੰਜਾਬ ਦੇ ਸਭ ਤੋਂ ਵੱਡੇ ਅਤੇ ਵਿਅਸਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਸੰਪਰਕ ਵਿਚ ਅਗਸਤ ਦੇ ਮਹੀਨੇ ਤੋਂ ਮਹੱਤਵਪੂਰਨ ਵਾਧਾ ਹੋਇਆ ਹੈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਭਾਰਤ ਦੇ ਕਨਵੀਨਰ ਯੋਗੇਸ਼ ਕਾਮਰਾ ਨੇ ਦੱਸਿਆ ਕਿ ਮਲੇਸ਼ੀਆ ਏਅਰਲਾਈਨਜ਼ ਨੇ 1 ਅਗਸਤ ਤੋਂ ਕੁਆਲਾਲੰਪੁਰ ਅਤੇ ਅੰਮ੍ਰਿਤਸਰ ਦਰਮਿਆਨ ਆਪਣੀਆਂ ਹਫ਼ਤੇ 'ਚ ਚਾਰ ਉਡਾਣਾਂ ਦੀ ਗਿਣਤੀ ਨੂੰ ਰੋਜ਼ਾਨਾ ਕਰ ਦਿੱਤਾ ਹੈ।

ਮਲੇਸ਼ੀਆ ਏਅਰਲਾਈਨਜ਼ ਦੀਆਂ ਹੁਣ ਰੋਜ਼ਾਨਾਂ ਉਡਾਣਾਂ ਦੇ ਨਾਲ-ਨਾਲ ਏਅਰ ਏਸ਼ੀਆ ਐਕਸ ਦੀਆਂ ਹਫ਼ਤੇ 'ਚ ਚਾਰ ਅਤੇ ਬੈਟਿਕ ਏਅਰ ਦੀਆਂ ਤਿੰਨ ਉਡਾਣਾਂ ਨਾਲ ਕੁਆਲਾਲੰਪੁਰ ਅਤੇ ਅੰਮ੍ਰਿਤਸਰ ਵਿਚਕਾਰ ਉਪਲੱਬਧ ਸੀਟਾਂ 'ਚ ਮਹੱਤਵਪੂਰਨ ਵਾਧਾ ਹੋਇਆ ਹੈ। ਪੰਜਾਬ ਦੇ ਯਾਤਰੀਆਂ ਤੋਂ ਇਲਾਵਾ, ਇਨ੍ਹਾਂ 28 ਹਫ਼ਤਾਵਾਰੀ ਉਡਾਣਾਂ ਤੋਂ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼, ਜੰਮੂ ਅਤੇ ਹਰਿਆਣਾ ਦੇ ਯਾਤਰੀ ਵੀ ਲਾਭ ਲੈ ਰਹੇ ਹਨ।

ਉਡਾਣਾਂ ਵਿਚ ਵਾਧੇ ਨਾਲ ਸਾਡੇ ਭਾਈਚਾਰੇ ਲਈ ਦਿੱਲੀ ਦੀ ਬਜਾਏ ਸਿੱਧਾ ਪੰਜਾਬ ਪਹੁੰਚਣਾਂ ਹੁਣ ਹੋਰ ਸੁਖਾਲਾ ਹੋ ਗਿਆ ਹੈ। ਆਸਟ੍ਰੇਲੀਆ ਦੇ ਮੈਲਬੌਰਨ, ਸਿਡਨੀ, ਐਡੀਲੇਡ, ਬ੍ਰਿਸਬੇਨ, ਅਤੇ ਪਰਥ ਅਤੇ ਨਿਊਜ਼ੀਲੈਂਡ ਦੇ ਆਕਲੈਂਡ ਵਰਗੇ ਸ਼ਹਿਰਾਂ 'ਚ ਵੱਸਦੇ ਪੰਜਾਬੀ ਕੁਆਲਾਲੰਪੁਰ ਵਿਖੇ ਦੋ ਤੋਂ ਤਿੰਨ ਘੰਟੇ ਰੁੱਕ ਕੇ ਵੀ ਸਿਰਫ 15 ਤੋਂ 18 ਘੰਟਿਆਂ 'ਚ ਪੰਜਾਬ ਲਈ ਆਪਣੀ ਯਾਤਰਾ ਪੂਰੀ ਕਰ ਸਕਦੇ ਹਨ। ਇਸ ਦੇ ਨਾਲ ਸਿੰਗਾਪੁਰ ਏਅਰਲਾਈਨਜ਼ ਦੀ ਸਹਾਇਕ ਏਅਰਲਾਈਨ ਸਕੂਟ ਵੀ ਯਾਤਰੀਆਂ ਨੂੰ ਸਿੰਗਾਪੁਰ ਅਤੇ ਦੱਖਣ-ਪੂਰਬੀ ਏਸ਼ੀਆ ਨਾਲ ਹਫ਼ਤੇ 'ਚ ਪੰਜ ਉਡਾਣਾਂ ਨਾਲ ਜੋੜਦੀ ਹੈ। ਇਨ੍ਹਾਂ ਸਾਰੀਆਂ ਏਅਰਲਾਈਨਾਂ ਰਾਹੀਂ ਵੱਡੀ ਗਿਣਤੀ 'ਚ ਸੈਲਾਨੀ ਬਹੁਤ ਹੀ ਘੱਟ ਸਮੇਂ ਅਤੇ ਕਿਰਾਏ 'ਚ ਬਾਲੀ, ਬੈਂਕਾਕ, ਫੂਕੇਟ, ਵੀਅਤਨਾਮ ਆਦਿ ਵੀ ਆ ਜਾ ਸਕਦੇ ਹਨ।

ਅੰਮ੍ਰਿਤਸਰ ਤੋਂ ਅੰਤਰਰਾਸ਼ਟਰੀ ਅਤੇ ਘਰੇਲੂ ਉਡਾਣਾਂ ਵਧਣ, ਇੱਥੋਂ ਔਸਤਨ ਰੋਜ਼ਾਨਾ 65 ਉਡਾਣਾਂ ਅਤੇ 10,000 ਯਾਤਰੀਆਂ ਦੇ ਆਉਣ ਜਾਣ ਦੇ ਬਾਵਜੂਦ, ਹਵਾਈ ਅੱਡੇ 'ਤੇ ਅਜੇ ਵੀ ਸੂਬਾ ਸਰਕਾਰ ਦੁਆਰਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਬੱਸ ਸੇਵਾ ਨਹੀਂ ਸ਼ੁਰੂ ਕੀਤੀ ਜਾ ਰਹੀ ਹੈ। ਗੁਮਟਾਲਾ ਨੇ ਨਮੋਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਫਲਾਈ ਅੰਮ੍ਰਿਤਸਰ ਵੱਲੋਂ ਅਸੀਂ ਏਅਰਲਾਈਨਾਂ ਤੱਕ ਪਹੁੰਚ ਕਰਕੇ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਨ ਅਤੇ ਪੰਜਾਬੀਆਂ ਨੂੰ ਅੰਮ੍ਰਿਤਸਰ ਤੋਂ ਉਡਾਣਾਂ ਨੂੰ ਤਰਜੀਹ ਦੇਣ ਦੀ ਬੇਨਤੀ ਕਰ ਰਹੇ ਹਾਂ, ਪਰ ਇਸ ਦੇ ਉਲਟ ਮਾਨ ਸਰਕਾਰ ਪੰਜਾਬ ਤੋਂ ਦਿੱਲੀ ਹਵਾਈ ਅੱਡੇ ਲਈ ਹੋਰ ਬੱਸਾਂ ਅਤੇ ਉੱਥੇ ਸੂਚਨਾ ਕੇਂਦਰ ਖੋਲ੍ਹ ਕੇ ਦਿੱਲੀ ਹਵਾਈ ਅੱਡੇ ਤੋਂ ਯਾਤਰਾ ਨੂੰ ਉਤਸ਼ਾਹਿਤ ਕਰ ਰਹੀ ਹੈ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਸਰਪ੍ਰਸਤ ਸ. ਢੀਂਡਸਾ ਨੂੰ ਪਾਰਟੀ 'ਚੋਂ ਕੱਢਿਆ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਨੇ



ਪਾਰਟੀ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਇਹ ਫੈਸਲਾ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਗੁਲਜ਼ਾਰ ਸਿੰਘ ਰਣੀਕੇ ਵੀ ਮੌਜੂਦ ਸਨ। ਕਮੇਟੀ ਨੇ ਢੀਂਡਸਾ 'ਤੇ ਪਾਰਟੀ ਨੂੰ ਕਮਜ਼ੋਰ ਕਰਨ ਅਤੇ ਵੰਡਣ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ ਲਾਏ ਹਨ। ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਪਾਰਟੀ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਆਪਣੇ ਅਹੁਦੇ ਦੀ ਮਰਿਆਦਾ ਕਾਇਮ ਨਹੀਂ ਰੱਖ ਸਕੇ। ਕਮੇਟੀ ਮੈਂਬਰਾਂ ਨੇ ਬਰਖਾਸਤ ਆਗੂਆਂ ਨੂੰ ਕਿਹਾ ਕਿ ਉਹ ਵਰਕਿੰਗ ਕਮੇਟੀ ਦੀ ਮੀਟਿੰਗ ਸੱਦਣ ਲਈ ਆਜ਼ਾਦ ਹਨ। ਵਰਕਿੰਗ ਕਮੇਟੀ ਦੇ 98 ਫੀਸਦੀ ਮੈਂਬਰਾਂ ਨੇ ਬਾਦਲ ਦੀ ਅਗਵਾਈ ਵਿਚ ਵਿਸ਼ਵਾਸ ਜਤਾਇਆ ਹੈ।

ਮਹੇਸ਼ਇੰਦਰ ਸਿੰਘ ਗਰੇਵਾਲ ਨੇ ਪੁਰਾਣੀ ਗੱਲ ਚੇਤੇ ਕਰਵਾਉਂਦਿਆਂ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਨੇ ਅਨੁਸ਼ਾਸਨੀ ਕਮੇਟੀ ਦੇ ਪ੍ਰਧਾਨ ਹੁੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੂੰ ਪਾਰਟੀ 'ਚੋਂ ਬਰਖਾਸਤ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਅਪੀਲ ਕੀਤੀ ਸੀ ਕਿ ਉਨ੍ਹਾਂ ਨੂੰ ਪਾਰਟੀ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਜਾਵੇ।

## ਪੰਜਾਬ ਦੇ ਵਿਧਾਇਕ ਸਾਹਿਬਾਨ ਵੱਲੋਂ 'ਪਾਵਰਫੁੱਲ' ਹੋਣ ਲਈ ਕਸਰਤਾਂ !

**ਰਾਮਪੁਰਾ ਫੂਲ, (ਪੰਜਾਬ ਮੇਲ)-** ਪੰਜਾਬ 'ਚ ਮਨਪਸੰਦ ਡੀ.ਐੱਸ.ਪੀ. ਲਗਵਾ ਕੇ 'ਪਾਵਰ ਫੁੱਲ' ਹੋਣ ਲਈ ਕਸਰਤਾਂ ਕਰ ਰਹੇ ਵਿਧਾਇਕ ਸਾਹਿਬਾਨ ਨੂੰ ਕਥਿਤ ਖ਼ੁਫ਼ੀਆ ਵਿੰਗ ਦੀ ਸੂਚੀ ਦੇ ਦਰਸ਼ਨ ਕਰਵਾਉਣ ਤੋਂ ਬਾਅਦ ਨੇਤਾਵਾਂ ਦੇ 'ਸਾਹ ਫੁੱਲ' ਗਏ ਹਨ। ਸੱਤਾਧਾਰੀ ਧਿਰ ਦੇ ਇਕ ਸੀਨੀਅਰ ਆਗੂ ਨੇ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਵਿਧਾਇਕਾਂ ਦੀ ਸ਼ਿਕਾਇਤ ਰਹੀ ਹੈ ਕਿ ਉਨ੍ਹਾਂ ਦੀ ਮੁਕਾਮੀ ਜ਼ਿਲ੍ਹਾ ਤੇ ਸਕੱਤਰੇਤ ਪੱਧਰ ਦੇ ਅਧਿਕਾਰੀਆਂ ਵੱਲੋਂ ਸਹੀ ਤਰੀਕੇ ਨਾਲ ਸੁਣਵਾਈ ਨਹੀਂ ਕੀਤੀ ਜਾਂਦੀ। ਇਥੋਂ ਤੱਕ ਕੇ ਲੋਕਾਂ ਦੇ ਕੰਮ-ਕਾਜ ਨੂੰ ਵੀ ਅਫਸਰਾਂ ਵੱਲੋਂ ਤਰਜੀਹ ਤੌਰ 'ਤੇ ਨਹੀਂ ਲਿਆ ਜਾਂਦਾ। ਇਸ ਦੇ ਚੱਲਦਿਆਂ ਹੀ ਕਈ ਮਾਮਲਿਆਂ ਨੂੰ ਲੈ ਕੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਗਿਲੇ-ਸ਼ਿਕਵੇ ਹੋਣ ਦੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਹੋ ਗਿਆ। ਜਿਸ ਨੂੰ ਬਾਅਦ ਵਿਚ ਇਕ ਨੇਤਾਗਣ ਦੀ ਹਾਜ਼ਰੀ 'ਚ ਚਾਹ ਦੇ ਕੱਪ ਦੀ ਸਾਂਝ ਪਿਆਲੀ ਉਪਰੰਤ ਸਭ ਅੱਛਾ ਹੈ, ਹੋਣ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ ਸੀ।

ਭਰੋਸੇਯੋਗ ਸੂਤਰ ਨੇ ਦਾਅਵਾ ਕੀਤਾ ਕਿ ਇਸੇ ਦੌਰਾਨ ਸਰਕਾਰ ਵੱਲੋਂ ਖ਼ੁਫ਼ੀਆ ਵਿੰਗ ਨੂੰ 100 ਡੀ.ਐੱਸ.ਪੀ. ਜਿਨ੍ਹਾਂ ਦਾ ਸਰਵਿਸ ਰਿਕਾਰਡ ਮਾੜਾ ਹੋਣ ਦੇ ਨਾਲ-ਨਾਲ ਲੋਕਾਂ ਨਾਲ ਵਰਤਾਓ ਠੀਕ ਨਾ ਰਿਹਾ ਹੋਵੇ, ਸਬੰਧੀ ਜਾਣਕਾਰੀ ਦੇਣ ਲਈ ਕਿਹਾ। ਇਹ ਕਿ ਉਕਤ ਦੋਵੇਂ ਆਗੂਆਂ ਵੱਲੋਂ ਜਦੋਂ ਵਿਧਾਇਕਾਂ ਦੇ ਦੁੱਖ-ਦਰਦ ਜਾਣਨ ਲਈ ਮੀਟਿੰਗਾਂ ਦਾ ਉਪਬੰਧ ਕੀਤਾ ਗਿਆ ਤਾਂ ਉਸ ਸਮੇਂ ਖ਼ੁਫ਼ੀਆ ਵਿੰਗ ਦੀ 100 ਨੰਬਰ ਸੂਚੀ ਵਾਲੀ 'ਪੰਡ' ਖੋਲ੍ਹ ਲਈ ਗਈ। ਇਹ ਵੀ ਕਿ ਸੁਣਵਾਈ ਨਾ ਹੋਣ ਦੀ ਸ਼ਿਕਾਇਤ ਕਰਨ ਵਾਲੇ ਵਿਧਾਇਕਾਂ ਵੱਲੋਂ ਆਪਣੇ-ਆਪਣੇ ਹਲਕਿਆਂ ਅੰਦਰ ਜਿਹੜੇ ਡੀ.ਐੱਸ.ਪੀਜ਼ ਦੇ ਨਾਂ ਲਗਵਾਉਣ ਲਈ ਦਿੱਤੇ ਗਏ ਸਨ, ਕਥਿਤ ਤੌਰ 'ਤੇ ਜ਼ਿਆਦਾ 100 ਨੰਬਰ ਸੂਚੀ ਵਾਲੇ ਸਨ। ਇਹ ਕਿ ਵਿਧਾਇਕਾਂ ਨੂੰ ਉਕਤ ਸੂਚੀ ਦੇ ਦਰਸ਼ਨਾਂ ਤੋਂ ਬਾਅਦ ਬੁੱਲ੍ਹਾਂ 'ਤੇ ਉਂਗਲ ਰੱਖਣੀ ਪਈ ਅਤੇ ਸਰਕਾਰ ਵਲੋਂ ਉਨ੍ਹਾਂ ਨੂੰ ਚੰਗੀ ਦਿੱਖ ਵਾਲੇ ਅਫ਼ਸਰ ਲਗਵਾਉਣ ਦਾ ਗਿਆਨ ਵੰਡਿਆ ਗਿਆ।

ਪੰਜਾਬ ਅੰਦਰ ਡੀ.ਐੱਸ.ਪੀ. ਦੀਆਂ ਲਗਭਗ 590 ਅਸਾਮੀਆਂ ਮਨਜ਼ੂਰਸ਼ੁਦਾ ਹਨ, ਜੋਕਿ ਤਕਰੀਬਨ ਭਰੀਆਂ ਹੋਈਆਂ ਹਨ। ਹਾਲਾਂਕਿ ਐੱਸ.ਪੀ. ਰੈਂਕ ਦੀਆਂ ਮਨਜ਼ੂਰਸ਼ੁਦਾ 270 ਅਸਾਮੀਆਂ ਦੇ ਮੁਕਾਬਲੇ 5 ਦਰਜਨ ਤੋਂ ਵੱਧ ਖਾਲੀ ਪਈਆਂ ਹਨ ਤੇ ਕਈ ਜ਼ਿਲ੍ਹਿਆਂ ਵਿਚ ਤਾਂ ਇਕ ਐਸ.ਪੀ. ਹੀ ਤੈਨਾਤ ਦੱਸਿਆ ਜਾ ਰਿਹਾ ਹੈ। ਉਧਰ ਪੁਲਿਸ ਦੇ ਇਕ ਉੱਚ ਪੱਧਰ ਦੇ ਅਧਿਕਾਰੀ ਨੇ ਕਿਹਾ ਕਿ ਪੰਜਾਬ ਅੰਦਰ ਆਈ.ਪੀ.ਐੱਸ. ਲਾਬੀ ਦੀ ਪਕੜ ਇੰਨੀ ਮਜ਼ਬੂਤ ਹੈ ਕਿ ਉਹ ਆਪਣੀ ਪੋਸਟਿੰਗ ਦੀ ਕਾਇਮੀ ਲਈ ਉੱਚ ਪੱਧਰ 'ਤੇ ਤਿਆਰ ਹੋਈ ਸੂਚੀ ਨੂੰ ਆਪਣੇ ਰਾਜਸੀ ਆਕਾਵਾਂ ਕੋਲ ਪਹਿਲਾਂ ਹੀ ਲੀਕ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਕਈ ਅਫ਼ਸਰ ਤਾਂ ਅਜਿਹੇ ਹਨ, ਜੋ ਅਕਾਲੀ ਕਾਂਗਰਸੀ ਤੇ ਤਤਕਾਲੀ ਸਰਕਾਰ ਵਿਚ ਵੀ ਚੰਗੀਆਂ ਪੋਸਟਿੰਗਾਂ ਦਾ ਆਨੰਦ ਮਾਣਦੇ ਹਨ ਤੇ ਕਈ ਇਮਾਨਦਾਰੀ ਦਿੱਖ ਵਾਲੇ ਖੁੱਡੇ ਲਾਈਨ ਹੀ ਰਹਿੰਦੇ ਹਨ।




# ਲੋਕ ਸਭਾ ਚੋਣਾਂ ਤੋਂ ਬਾਅਦ ਭਾਜਪਾ ’ਚ ਵੱਡੇ ਬਦਲਾਅ ਹੋਣ ਦੀ ਸੰਭਾਵਨਾ

- **ਕੌਮੀ ਪ੍ਰਧਾਨ ਨੂੰ ਲੈ ਕੇ ਅਜੀਬੋ-ਗਰੀਬ ਸਥਿਤੀ ’ਚ ਭਾਜਪਾ!**
- **ਮੋਦੀ-ਸ਼ਾਹ ਦੇ ਦੱਸੇ ਨਾਂ ’ਤੇ ਸੰਘ ਖਾਮੋਸ਼**



**ਜਲੰਧਰ, (ਪੰਜਾਬ ਮੇਲ)-** ਭਾਜਪਾ ’ਚ ਲੋਕ ਸਭਾ ਚੋਣਾਂ ਤੋਂ ਬਾਅਦ ਵੱਡੇ ਬਦਲਾਅ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਪਰ ਸ਼ੁਰੂਆਤ ਕੌਮੀ ਪ੍ਰਧਾਨ ਦੇ ਅਹੁਦੇ ਤੋਂ ਹੋਣ ਜਾ ਰਹੀ ਹੈ। ਕੌਮੀ ਪ੍ਰਧਾਨ ਦੇ ਅਹੁਦੇ ’ਤੇ ਇਸ ਸਮੇਂ ਜੇ.ਪੀ. ਨੱਡਾ ਤਾਇਨਾਤ ਹਨ ਅਤੇ ਉਨ੍ਹਾਂ ਦਾ ਕਾਰਜਕਾਲ ਇਸ ਸਾਲ ਦੇ ਸ਼ੁਰੂ ’ਚ ਖਤਮ ਹੋ ਗਿਆ ਸੀ। ਉਂਝ ਵੀ ਜੇ.ਪੀ. ਨੱਡਾ ਨੂੰ ਕੇਂਦਰੀ ਸਿਹਤ ਮੰਤਰੀ ਵਜੋਂ ਮੋਦੀ 3.0 ਕੈਬਨਿਟ ’ਚ ਸ਼ਾਮਲ ਕੀਤਾ ਗਿਆ ਹੈ। ਹੁਣ ਅਜਿਹੇ ’ਚ ਕੌਮੀ ਪ੍ਰਧਾਨ ਦੇ ਅਹੁਦੇ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਕਿਆਸਅਰਾਈਆਂ ਸ਼ੁਰੂ ਹੋ ਗਈਆਂ ਹਨ।

ਸੂਤਰਾਂ ਤੋਂ ਖ਼ਬਰ ਮਿਲੀ ਹੈ ਕਿ ਕੌਮੀ ਪ੍ਰਧਾਨ ਦੇ ਅਹੁਦੇ ਲਈ ਫਿਲਹਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਟੀਮ ਨੇ ਧਰਮਿੰਦਰ ਪ੍ਰਧਾਨ ਦਾ ਨਾਂ ਪੇਸ਼ ਕੀਤਾ ਹੈ। ਧਰਮਿੰਦਰ ਪ੍ਰਧਾਨ ਫਿਲਹਾਲ ਕੇਂਦਰ ’ਚ ਮੰਤਰੀ ਅਹੁਦੇ ’ਤੇ ਤਾਇਨਾਤ ਹਨ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਪ੍ਰਧਾਨ ਬਣਾਉਣ ਲਈ ਉਨ੍ਹਾਂ ਦਾ ਨਾਂ ਪ੍ਰਸਤਾਵਿਤ ਕੀਤਾ ਗਿਆ ਹੈ ਪਰ ਇਸ ਸਭ ਦਰਮਿਆਨ ਇਹ ਖਬਰ ਵੀ ਆ ਰਹੀ ਹੈ ਕਿ ਪ੍ਰਧਾਨ ਦੇ ਨਾਂ ਨੂੰ ਲੈ ਕੇ ਰਾਸ਼ਟਰੀ ਸਵੈਮਸੇਵਕ ਸੰਘ ਵੱਲੋਂ ਨਾ ਤਾਂ ਕੋਈ ਮੋਹਰ ਲਾਈ ਗਈ ਹੈ ਅਤੇ ਨਾ ਹੀ ਸੰਗਠਨ ਨੇ ਕੋਈ ਨਾਂ ਦੱਸਿਆ ਹੈ। ਇਸ ਸਭ ਨੂੰ ਲੈ ਕੇ ਭਾਜਪਾ ਦੇ ਅੰਦਰ ਬੜੀ ਅਜੀਬੋ-ਗਰੀਬ ਸਥਿਤੀ ਪੈਦਾ ਹੋ ਗਈ ਹੈ।

ਇਹ ਵੀ ਜਾਣਕਾਰੀ ਸਾਹਮਣੇ ਆ ਰਹੀ ਹੈ ਕਿ ਲੋਕ ਸਭਾ ਚੋਣਾਂ ’ਚ ਭਾਜਪਾ ਨੂੰ ਉਸ ਤਰ੍ਹਾਂ ਦੀ ਸਫਲਤਾ ਨਹੀਂ ਮਿਲੀ, ਜਿਸ ਤਰ੍ਹਾਂ ਦੀ ਉਮੀਦ ਰੱਖੀ ਗਈ ਸੀ। ਇਸ ਦੇ ਕਾਰਨ ਭਾਜਪਾ ’ਚ ਹੁਣ ਮੋਦੀ ਤੇ ਸ਼ਾਹ ਦੀ ਉਹ ਸਥਿਤੀ ਨਹੀਂ ਰਹੀ, ਜੋ ਪਹਿਲਾਂ ਸੀ। ਪਿਛਲੇ 10 ਸਾਲਾਂ ਦੀ ਸਰਕਾਰ ’ਚ ਮੋਦੀ-ਸ਼ਾਹ ਦੀ ਜੋੜੀ ਨੇ ਕਿਸੇ ਵੀ ਵੱਡੇ ਫੈਸਲੇ ’ਚ ਨਾ ਤਾਂ ਕਿਸੇ ਦੀ ਦਖਲਅੰਦਾਜ਼ੀ ਬਰਦਾਸ਼ਤ ਕੀਤੀ ਤੇ ਨਾ ਹੀ ਕਿਸੇ ਕੋਲੋਂ ਕੋਈ ਸਲਾਹ ਲਈ। ਜੋ ਪਾਰਟੀ ਦੇ ਹਿਸਾਬ ਨਾਲ ਠੀਕ ਲੱਗਿਆ, ਕਰ ਦਿੱਤਾ। ਦੋਵਾਂ ਦੇ ਫੈਸਲੇ ਨੂੰ ਲੈ ਕੇ ਵੀ ਕੋਈ ਕਿੰਤੂ-ਪ੍ਰੰਤੂ ਕਦੇ ਨਹੀਂ ਹੋਈ ਪਰ ਹੁਣ ਸਥਿਤੀ ਕੁਝ ਵੱਖਰੀ ਹੈ। ਭਾਜਪਾ ਨੂੰ ਸੰਭਾਵਿਤ ਸਫਲਤਾ ਨਾ ਮਿਲਣ ਕਾਰਨ ਸੰਗਠਨ ਵੱਲੋਂ ਵੀ ਜ਼ਿਆਦਾ ਦਿਲਚਸਪੀ ਨਹੀਂ ਦਿਖਾਈ ਜਾ ਰਹੀ।

# ਮੁੱਖ ਮੰਤਰੀ ਭਗਵੰਤ ਮਾਨ ਨੂੰ ਫਰਾਂਸ ਦੌਰੇ ਦੀ ਨਹੀਂ ਮਿਲੀ ਇਜਾਜ਼ਤ

- **ਕੇਂਦਰ ਨੇ ਸੁਰੱਖਿਆ ਅਤੇ ਪੱਤਰ ਦੇਰੀ ਨਾਲ ਭੇਜਣ ਦੇ ਕਾਰਨਾਂ ਦਾ ਹਵਾਲਾ ਦੇ ਕੇ ਕੀਤਾ ਇਨਕਾਰ**



**ਚੰਡੀਗੜ੍ਹ, (ਪੰਜਾਬ ਮੇਲ)-**ਕੇਂਦਰੀ ਵਿਦੇਸ਼ ਮੰਤਰਾਲੇ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੇ 10 ਮੈਂਬਰੀ ਵਫ਼ਦ ਨੂੰ ਪੈਰਿਸ ਓਲੰਪਿਕ ਵਿਚ ਸ਼ਾਮਲ ਭਾਰਤੀ ਖਿਡਾਰੀਆਂ ਲਈ ਉਲੀਕੇ ‘ਹੌਸਲਾ ਵਧਾਊ ਦੌਰੇ’ ਨੂੰ ਰਾਜਸੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਇਹ ਇਨਕਾਰ ਫਰਾਂਸ ਦੌਰੇ ਦੀ ਤੈਅ ਤਰੀਕ ਤੋਂ ਇਕ ਦਿਨ ਪਹਿਲਾਂ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਹਾਕੀ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਲਈ ਪੈਰਿਸ ਜਾਣਾ ਚਾਹੁੰਦੇ ਸਨ। ਦਸ ਮੈਂਬਰੀ ਵਫ਼ਦ ਨੇ 3 ਅਗਸਤ ਤੋਂ 9 ਅਗਸਤ ਤੱਕ ਫਰਾਂਸ ਦਾ ਦੌਰਾ ਕਰਨਾ ਸੀ। ਪੈਰਿਸ ਓਲੰਪਿਕ ਵਿਚ ਖੇਡ ਰਹੀ ਭਾਰਤੀ ਹਾਕੀ ਟੀਮ ਦੇ ਕੁੱਲ 19 (ਸਮੇਤ ਤਿੰਨ ਰਾਖਵੇਂ ਖਿਡਾਰੀ) ਖਿਡਾਰੀਆਂ ’ਚੋਂ ਦਸ ਪੰਜਾਬੀ ਹਨ। ਹਾਕੀ ਟੀਮ ਦੀ ਕਪਤਾਨੀ ਅਤੇ ਉਪ ਕਪਤਾਨੀ ਵੀ ਪੰਜਾਬ ਦੇ ਖਿਡਾਰੀਆਂ ਕੋਲ ਹੈ। ਭਗਵੰਤ ਮਾਨ ਅਜਿਹੇ ਤੀਜੇ ‘ਆਪ’

## ਕੇਂਦਰ ਵੱਲੋਂ ਸੰਧਵਾਂ ਨੂੰ ਅਮਰੀਕਾ ਦੌਰੇ ਲਈ ਪ੍ਰਵਾਨਗੀ ਤੋਂ ਇਨਕਾਰ



**ਚੰਡੀਗੜ੍ਹ, (ਪੰਜਾਬ ਮੇਲ)-** ਕੇਂਦਰੀ ਵਿਦੇਸ਼ ਮੰਤਰਾਲੇ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੈਰਿਸ ਓਲੰਪਿਕ ’ਚ ਜਾਣ ਦੀ ਪ੍ਰਵਾਨਗੀ ਨਾ ਦਿੱਤੇ ਜਾਣ ਮਗਰੋਂ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਅਮਰੀਕਾ ਜਾਣ ਦੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਅਮਰੀਕਾ ਵੱਲੋਂ ‘ਨੈਸ਼ਨਲ ਲੈਜਿਸਲੇਚਰ ਕਾਨਫਰੰਸ’ ਸੱਦੀ ਗਈ ਹੈ, ਜਿਸ ਵਿਚ ਭਾਰਤ ਦੇ ਵੱਖ-ਵੱਖ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਸਪੀਕਰਾਂ ਸਣੇ ਦੁਨੀਆਂ ਭਰ ਤੋਂ ਲਗਪਗ ਤਿੰਨ ਹਜ਼ਾਰ ਆਗੂਆਂ ਨੂੰ ਸੱਦਾ ਦਿੱਤਾ ਗਿਆ ਹੈ। ਪੰਜਾਬ ਵਿਧਾਨ ਸਭਾ ਸਪੀਕਰ ਨੇ ਅਮਰੀਕਾ ਵਿਚ ਨੈਸ਼ਨਲ ਲੈਜਿਸਲੇਚਰ ਕਾਨਫਰੰਸ ਵਿਚ ਹਿੱਸਾ ਲੈਣ ਲਈ ਜਾਣਾ ਸੀ, ਜਿਨ੍ਹਾਂ ਨੂੰ ਕੇਂਦਰੀ ਵਿਦੇਸ਼ ਮੰਤਰਾਲੇ ਨੇ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇੰਨਾ ਹੀ ਨਹੀਂ, ਕੇਂਦਰੀ ਵਿਦੇਸ਼ ਮੰਤਰਾਲੇ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਦੇ ਨਾਲ-ਨਾਲ ਹਿਮਾਚਲ ਪ੍ਰਦੇਸ਼, ਕਰਨਾਟਕ ਤੇ ਕੇਰਲ ਦੇ ਸਪੀਕਰਾਂ ਨੂੰ ਵੀ ਇਸ ਲਈ ਪ੍ਰਵਾਨਗੀ ਨਹੀਂ ਦਿੱਤੀ ਹੈ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਨਵੀਂ 23 ਮੈਂਬਰੀ ਕੋਰ ਕਮੇਟੀ ਦਾ ਐਲਾਨ



**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਨੇ 23 ਮੈਂਬਰੀ ਨਵੀਂ ਕੋਰ ਕਮੇਟੀ ਦਾ ਐਲਾਨ ਕਰ ਦਿੱਤਾ ਗਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਰਕਿੰਗ ਕਮੇਟੀ ਨੇ ਮਤਾ ਪਾਸ ਕਰਕੇ ਕੋਰ ਕਮੇਟੀ ਦੇ ਪੁਨਰਗਠਨ ਦੇ ਅਧਿਕਾਰ ਦਿੱਤੇ ਸਨ। ਇਸ ਤੋਂ ਪਹਿਲਾਂ ਪਾਰਟੀ ’ਚ ਬਗ਼ਾਵਤੀ ਸੁਰਾਂ ਉਭਰਨ ਮਗਰੋਂ ਸੁਖਬੀਰ ਬਾਦਲ ਨੇ 23 ਜੁਲਾਈ ਨੂੰ ਕੋਰ ਕਮੇਟੀ ਭੰਗ ਕਰ ਦਿੱਤੀ ਸੀ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੋਰ ਕਮੇਟੀ ਵਿਚ 4 ਐਕਸ ਆਫੀਸ਼ੀਓ ਮੈਂਬਰ ਵਿਸ਼ੇਸ਼ ਇਨਵਾਇਟੀ ਵਜੋਂ ਸ਼ਾਮਲ ਕੀਤੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਨਵੀਂ ਕੋਰ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਣੇ ਹੋਰ ਕਈ ਆਗੂਆਂ ਨੂੰ ਸ਼ਾਮਲ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਨਵੀਂ ਕੋਰ ਕਮੇਟੀ ਦੇ ਮੈਂਬਰਾਂ ਵਿਚ ਹਰਜਿੰਦਰ ਸਿੰਘ ਧਾਮੀ, ਬਲਵਿੰਦਰ ਸਿੰਘ ਭੂੰਦੜ, ਨਰੇਸ਼ ਗੁਜਰਾਲ, ਗੁਲਜ਼ਾਰ ਸਿੰਘ ਰਣੀਕੇ, ਜਨਮੇਜਾ ਸਿੰਘ ਸੇਖੋਂ, ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਬਿਕਰਮ ਸਿੰਘ ਮਜੀਠੀਆ, ਅਨਿਲ ਜੋਸ਼ੀ, ਸ਼ਰਨਜੀਤ ਸਿੰਘ ਢਿੱਲੋਂ, ਸੋਹਣ ਸਿੰਘ ਠੰਡਲ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ, ਇਕਬਾਲ ਸਿੰਘ ਝੂੰਦਾ, ਪ੍ਰੋ. ਵਿਰਸਾ ਸਿੰਘ ਵਲਟੋਹਾ, ਗੁਰਬਚਨ ਸਿੰਘ ਬੱਬੇਹਾਲੀ, ਡਾ. ਸੁਖਵਿੰਦਰ ਸੁੱਖੀ, ਲਖਬੀਰ ਸਿੰਘ ਲੋਧੀਨੰਗਲ, ਐੱਨ.ਕੇ. ਸ਼ਰਮਾ, ਮਨਤਾਰ ਸਿੰਘ ਬਰਾੜ, ਹਰਮੀਤ ਸਿੰਘ ਸੰਧੂ, ਬਲਦੇਵ ਸਿੰਘ ਖਹਿਰਾ ਅਤੇ ਉਹ ਖੁਦ ਸ਼ਾਮਲ ਹਨ। ਡਾ. ਚੀਮਾ ਨੇ ਕਿਹਾ ਕਿ ਕਮੇਟੀ ਦੇ ਐਕਸ ਆਫੀਸ਼ੀਓ ਮੈਂਬਰ ਵਜੋਂ ਸੰਸਦ ਵਿਚ ਪਾਰਟੀ ਦੇ ਆਗੂ, ਯੂਥ ਅਕਾਲੀ ਦਲ ਦੇ ਪ੍ਰਧਾਨ, ਇਸਤਰੀ ਅਕਾਲੀ ਦਲ ਦੇ ਪ੍ਰਧਾਨ ਅਤੇ ਲੀਗਲ ਸੈੱਲ ਦੇ ਪ੍ਰਧਾਨ ਨੂੰ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 23 ਜੁਲਾਈ ਨੂੰ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਮੀਟਿੰਗ ਮਗਰੋਂ ਪਾਰਟੀ ਦੀ ਕੋਰ ਕਮੇਟੀ ਨੂੰ ਭੰਗ ਕਰ ਦਿੱਤਾ ਸੀ।

# ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਨੂੰ ਚੁਣੌਤੀ ਵਾਲੀ ਪਟੀਸ਼ਨ ’ਤੇ ਸੁਣਵਾਈ 28 ਅਗਸਤ ਨੂੰ



**ਚੰਡੀਗੜ੍ਹ, (ਪੰਜਾਬ ਮੇਲ)-**ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਕੌਮੀ ਸੁਰੱਖਿਆ ਕਾਨੂੰਨ (ਐੱਨ.ਐੱਸ. ਏ.) ਤਹਿਤ ਨਜ਼ਰਬੰਦੀ ਦੇ ਹੁਕਮਾਂ ਖ਼ਿਲਾਫ਼ ਇਕ ਵਕੀਲ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ’ਚ ਪਟੀਸ਼ਨ ਦਾਇਰ ਕੀਤੀ ਹੈ, ਜਿਸ ’ਤੇ ਅਗਲੀ ਸੁਣਵਾਈ 28 ਅਗਸਤ ਨੂੰ ਹੋਵੇਗੀ। ਵਕੀਲ ਅਮਰਜੀਤ ਸਿੰਘ ਨੇ ਦੱਸਿਆ ਕਿ ਅਸੀਂ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਦੇ ਹੁਕਮਾਂ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਹੈ। ਚੀਫ ਜਸਟਿਸ ਨੇ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਨੋਟਿਸ ਜਾਰੀ ਕੀਤੇ ਹਨ ਅਤੇ 28 ਅਗਸਤ ਨੂੰ ਅਗਲੀ ਸੁਣਵਾਈ ’ਤੇ ਪੇਸ਼ ਹੋਣ ਲਈ ਆਖਿਆ ਹੈ।

ਦੱਸਣਯੋਗ ਹੈ ਕਿ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅਤੇ ਸੰਸਦੀ ਹਲਕੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਜੋ ਕਿ ਐੱਨ.ਐੱਸ.ਏ. ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ’ਚ ਬੰਦ ਹਨ, ਨੇ ਐੱਨ.ਐੱਸ.ਏ. ਤਹਿਤ ਆਪਣੀ ਨਜ਼ਰਬੰਦੀ ਨੂੰ 20 ਜੁਲਾਈ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ’ਚ ਚੁਣੌਤੀ ਦਿੱਤੀ ਸੀ।






# ਅਮਰੀਕਾ, ਯੂ.ਕੇ. ਨਾਲੋਂ ਕੈਨੇਡਾ ਪੰਜਾਬੀ ਵਿਦਿਆਰਥੀਆਂ ਦੀ ਪਹਿਲੀ ਪਸੰਦ

ਨਵੀਂ ਦਿੱਲੀ/ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਵਿਚ ਹਾਲ ਹੀ ਦੇ ਸਮੇਂ ਵਿਚ ਘਟਦੇ ਰੁਜ਼ਗਾਰ ਅਤੇ ਮਕਾਨਾਂ ਦੀ ਕਮੀ ਦੀ ਸਮੱਸਿਆ ਤੇਜ਼ੀ ਨਾਲ ਵਧੀ ਹੈ। ਇਸ ਦੇ ਲਈ ਸਥਾਨਕ ਲੋਕਾਂ ਨੇ ਵਿਦੇਸ਼ੀ ਵਿਦਿਆਰਥੀਆਂ ਖਾਸ ਕਰਕੇ ਭਾਰਤੀਆਂ ਵੱਲ ਉਂਗਲ ਉਠਾਈ ਹੈ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਕੈਨੇਡੀਅਨ ਸਰਕਾਰ ਨੇ ਕਈ ਨਿਯਮ ਵੀ ਬਦਲੇ ਹਨ, ਤਾਂ ਜੋ ਵਿਦੇਸ਼ੀਆਂ ਦੀ ਗਿਣਤੀ ਘਟਾਈ ਜਾ ਸਕੇ। ਮੌਜੂਦਾ ਸਾਲ ਵਿਚ ਕੈਨੇਡਾ ਵਿਚ ਭਾਰਤੀ ਵਿਦਿਆਰਥੀਆਂ ਦੇ ਦਾਖਲੇ ਵਿਚ ਵੀ ਕਮੀ ਆਈ ਹੈ। ਇਸ ਦੇ ਬਾਵਜੂਦ ਵੀ ਜਿਸ ਦੇਸ਼ ਵਿਚ ਭਾਰਤੀ ਵਿਦਿਆਰਥੀ ਸਭ ਤੋਂ ਵੱਧ ਹਨ, ਉਹ ਕੈਨੇਡਾ ਹੈ। ਕਿਸੇ ਵੀ ਹੋਰ ਦੇਸ਼ ਨਾਲੋਂ ਕੈਨੇਡਾ ਵਿਚ ਸਭ ਤੋਂ ਵੱਧ ਭਾਰਤੀ ਵਿਦਿਆਰਥੀ ਹਨ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸੰਸਦ ਨੂੰ ਦੱਸਿਆ ਕਿ ਭਾਰਤ ਦੇ ਕੁੱਲ 13,35,878 ਭਾਰਤੀ ਵਿਦਿਆਰਥੀ ਇਸ ਸਮੇਂ ਵੱਖ-ਵੱਖ ਅੰਤਰਰਾਸ਼ਟਰੀ ਸੰਸਥਾਵਾਂ ਵਿਚ ਪੜ੍ਹ ਰਹੇ ਹਨ। ਕੈਨੇਡਾ ਵਿਚ ਸਭ ਤੋਂ ਵੱਧ ਭਾਰਤੀ ਵਿਦਿਆਰਥੀ ਹਨ। ਕੈਨੇਡਾ ਵਿਚ 4,27,000 ਭਾਰਤੀ ਵਿਦਿਆਰਥੀ ਹਨ। ਕੈਨੇਡਾ ਤੋਂ ਬਾਅਦ ਅਮਰੀਕਾ ਵਿਚ 3,37,630 ਵਿਦਿਆਰਥੀ ਹਨ। ਭਾਰਤ ਦੇ 1,85,000 ਵਿਦਿਆਰਥੀ ਯੂ.ਕੇ. ਵਿਚ,



122,202 ਵਿਦਿਆਰਥੀ ਆਸਟ੍ਰੇਲੀਆ ਵਿਚ ਅਤੇ 42,997 ਵਿਦਿਆਰਥੀ ਜਰਮਨੀ ਵਿਚ ਪੜ੍ਹ ਰਹੇ ਹਨ। ਅੰਕੜੇ ਦੱਸਦੇ ਹਨ ਕਿ ਪਿਛਲੇ ਕੁਝ ਸਾਲਾਂ ਵਿਚ ਵਿਦੇਸ਼ਾਂ ਵਿਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਪਿਛਲੇ ਛੇ ਸਾਲਾਂ ਵਿਚ ਇਹ ਅੰਕੜਾ ਲਗਭਗ ਦੁੱਗਣਾ ਹੋ ਗਿਆ ਹੈ। 2019 ਵਿਚ ਵਿਦੇਸ਼ਾਂ ਵਿਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 675,541 ਸੀ, ਜੋ ਕਿ 2024 ਵਿਚ ਵੱਧ ਕੇ 1,335,878 ਹੋਣ ਦੀ ਸੰਭਾਵਨਾ ਹੈ।

ਕੈਨੇਡਾ ਵਿਚ ਪੜ੍ਹਨ ਵਾਲੇ ਕੁੱਲ ਵਿਦੇਸ਼ੀ ਵਿਦਿਆਰਥੀਆਂ ਵਿਚ ਭਾਰਤ ਦੇ ਵਿਦਿਆਰਥੀ 40 ਫ਼ੀਸਦੀ ਹਨ। ਕੈਨੇਡਾ ਨੇ ਹਾਲ ਹੀ ਵਿਚ ਸਟੱਡੀ ਵੀਜ਼ਾ ਅਤੇ ਨਾਗਰਿਕਤਾ ਦੇ ਨਿਯਮਾਂ ਵਿਚ ਬਦਲਾਅ ਕੀਤਾ ਹੈ। ਇਹੀ ਕਾਰਨ ਹੈ, ਜੋ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਦਾ ਪਸੰਦੀਦਾ ਬਣਾਉਂਦਾ ਰਿਹਾ ਹੈ। ਕੈਨੇਡਾ ਵਿਚ ਅਜੋਕੇ ਸਮੇਂ ਵਿਚ ਸਿੱਖਿਆ ਦਾ ਖਰਚਾ ਵਧਿਆ ਹੈ। ਇਸ ਦੇ ਬਾਵਜੂਦ ਅਮਰੀਕਾ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਨਾਲੋਂ ਕੈਨੇਡਾ ਵਿਚ ਪੜ੍ਹਾਈ ਸਸਤੀ ਹੈ। ਕੈਨੇਡਾ ਵਿਚ ਵਿਦਿਆਰਥੀਆਂ ਲਈ ਪੜ੍ਹਾਈ ਦੌਰਾਨ ਨੌਕਰੀ ਪ੍ਰਾਪਤ ਕਰਨਾ ਆਸਾਨ ਹੈ ਅਤੇ ਕੈਨੇਡਾ ਵਿਚ ਬਹੁਤ ਸਾਰੀਆਂ ਸਕਾਲਰਸ਼ਿਪ ਸਕੀਮਾਂ ਹਨ, ਜੋ ਵਿਦਿਆਰਥੀਆਂ ਲਈ ਚੀਜ਼ਾਂ ਨੂੰ ਆਸਾਨ ਬਣਾਉਂਦੀਆਂ ਹਨ।

ਕੈਨੇਡਾ ਵਿਚ ਪੜ੍ਹਾਈ ਕਰਨ ਤੋਂ ਬਾਅਦ, ਨੌਕਰੀ ਅਤੇ ਨਾਗਰਿਕਤਾ ਪ੍ਰਾਪਤ ਕਰਨਾ ਦੂਜੇ ਦੇਸ਼ਾਂ ਦੇ ਮੁਕਾਬਲੇ ਆਸਾਨ ਹੈ। ਕੈਨੇਡਾ ਨੇ ਹਾਲ ਹੀ ਵਿਚ ਨਿਯਮਾਂ ਵਿਚ ਬਦਲਾਅ ਕੀਤਾ ਹੈ, ਫਿਰ ਵੀ ਇੱਥੇ ਨਾਗਰਿਕਤਾ ਪ੍ਰਾਪਤ ਕਰਨ ਦੇ ਨਿਯਮ ਕਈ ਦੇਸ਼ਾਂ ਨਾਲੋਂ ਆਸਾਨ ਹਨ। ਇਨ੍ਹਾਂ ਸਾਰੇ ਕਾਰਨਾਂ ਤੋਂ ਇਲਾਵਾ ਕੈਨੇਡਾ ਵਿਚ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੀ ਵੱਡੀ ਗਿਣਤੀ ਹੈ। ਕੈਨੇਡਾ ਵਿਚ ਵੀ ਪੰਜਾਬੀਆਂ ਦੇ ਅਹਿਮ ਅਹੁਦਿਆਂ 'ਤੇ ਕੰਮ ਕਰ ਰਹੇ ਹਨ। ਇਸ ਨਾਲ ਭਾਰਤੀਆਂ ਨੂੰ ਵੀ ਇਕ ਤਰ੍ਹਾਂ ਦੀ ਆਸਾਨੀ ਹੁੰਦੀ ਹੈ। ਹਾਲਾਂਕਿ ਕੈਨੇਡੀਅਨ ਸਰਕਾਰ ਦੇ ਤਾਜ਼ਾ ਕਦਮਾਂ ਤੋਂ ਬਾਅਦ ਆਉਣ ਵਾਲੇ ਸਾਲਾਂ ਵਿਚ ਭਾਰਤੀਆਂ ਦੀ ਗਿਣਤੀ ਵਿਚ ਕਮੀ ਆ ਸਕਦੀ ਹੈ।

## ਪੰਜਾਬ 'ਚ ਸੱਤਾਧਾਰੀ ਧਿਰ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਨਾਂਹ ਦੇ ਬਰਾਬਰ

ਫ਼ਿਰੋਜ਼ਪੁਰ, (ਪੰਜਾਬ ਮੇਲ)-ਆਮ ਆਦਮੀ ਪਾਰਟੀ ਸਰਕਾਰ ਦੇ ਢਾਈ ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਿਆ ਹੈ। ਇਸ ਸਮੇਂ ਦੌਰਾਨ ਲੋਕ ਸਭਾ ਚੋਣਾਂ ਵੀ ਹੋ ਚੁੱਕੀਆਂ ਹਨ। ਸੂਬੇ ਅੰਦਰ ਪੰਚਾਇਤੀ ਚੋਣਾਂ, ਜ਼ਿਲ੍ਹਾ ਪ੍ਰੀਸ਼ਦ, ਕਾਰਪੋਰੇਸ਼ਨਾਂ, ਨਗਰ ਕੌਂਸਲਾਂ ਦੀਆਂ ਚੋਣਾਂ ਬਾਕੀ ਹਨ। ਪਰ ਸੂਬੇ ਦੀਆਂ ਸੱਤਾਧਾਰੀ ਧਿਰ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਨਾਂਹ ਦੇ ਬਰਾਬਰ ਹਨ। ਬੀਤੀਆਂ ਲੋਕ ਸਭਾ ਚੋਣਾਂ ਅੰਦਰ ਸੱਤਾ ਧਿਰ ਆਮ ਆਦਮੀ ਪਾਰਟੀ ਨੂੰ ਮੂੰਹ ਦੀ ਖਾਣੀ ਪਈ। ਕਾਂਗਰਸ ਪਾਰਟੀ ਸੱਤਾਧਿਰ ਦੀ ਵੋਟਰਾਂ ਨਾਲ ਨਾਰਾਜ਼ਗੀ, ਅਕਾਲੀ-ਭਾਜਪਾ ਸਮਝੌਤਾ ਨਾ ਸਿਰੇ ਚੜ੍ਹਨ ਦਾ ਨਾਲ ਉਠਾਉਂਦਿਆਂ ਲੋਕ ਸਭਾ ਚੋਣਾਂ ਵਿਚ ਵੱਧ ਸੀਟਾਂ ਜਿੱਤਣ ਵਿਚ ਕਾਮਯਾਬ ਹੋ ਗਈ। ਸ਼੍ਰੋਮਣੀ ਅਕਾਲੀ ਜੋ ਪੰਜਾਬ ਦੀ ਮਾਂ ਸਿਆਸੀ ਪਾਰਟੀ ਵਜੋਂ ਜਾਣੀ ਜਾਂਦੀ ਹੈ। ਬੀਤੇ ਸਮੇਂ ਵਿਚ ਅਕਾਲੀ ਦਲ ਦੇ ਆਗੂਆਂ ਵੱਲੋਂ ਕੀਤੀਆਂ ਗ਼ਲਤੀਆਂ ਦਾ ਖ਼ਮਿਆਜ਼ਾ ਸਮੁੱਚੀ ਪਾਰਟੀ ਨੂੰ ਭੁਗਤਣਾ ਪੈ ਰਿਹਾ ਹੈ। ਲੋਕ ਸਭਾ ਚੋਣਾਂ ਵਿਚ ਸਿਰਫ਼ 1 ਹੀ ਸੀਟ 'ਤੇ ਪਾਰਟੀ ਨੂੰ ਜਿੱਤ ਨਸੀਬ ਹੋਈ। ਇਸ ਤਰ੍ਹਾਂ ਪਾਰਟੀ ਦੇ ਹੇਠਲੇ ਪੱਧਰ ਦਾ ਕੇਡਰ ਪਾਰਟੀ ਤੋਂ ਨਿਰਾਸ਼ ਘਰ ਬੈਠਿਆ ਹੈ। ਪਾਰਟੀ ਦੇ ਆਗੂ ਚੌਧਰ ਦੀ ਖ਼ਾਤਰ ਅਕਾਲੀ ਦਲ ਦਾਅ 'ਤੇ ਲਗਾਈ ਬੈਠੇ ਹਨ। ਕਾਂਗਰਸ ਨੇ ਪੰਜਾਬ ਦੀਆਂ 7 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ।

# ਸਾਬਕਾ ਮੰਤਰੀ ਆਸ਼ੂ ਦੀ ਵਿਦੇਸ਼ੀ ਲੈਣ-ਦੇਣ ਦੀ ਜਾਣਕਾਰੀ ਈ.ਡੀ. ਹੱਥ ਲੱਗੀ



ਲੁਧਿਆਣਾ, (ਪੰਜਾਬ ਮੇਲ)- ਟਰਾਂਸਪੋਰਟੇਸ਼ਨ ਘਪਲੇ ਦੇ ਮਾਮਲੇ ਵਿਚ ਵਿਜੀਲੈਂਸ ਤੋਂ ਬਾਅਦ ਹੁਣ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਪੰਜ ਰੋਜ਼ਾ ਰਿਮਾਂਡ 'ਤੇ ਲਿਆ ਹੋਇਆ ਹੈ। ਸੂਤਰਾਂ ਮੁਤਾਬਕ ਸਾਬਕਾ ਮੰਤਰੀ ਦੇ ਵਿਦੇਸ਼ੀ ਲੈਣ-ਦੇਣ ਦੀ ਜਾਣਕਾਰੀ ਈ.ਡੀ. ਹੱਥ ਲੱਗੀ ਹੈ। ਈ.ਡੀ. ਦੀ ਜਾਂਚ 'ਚ ਪਤਾ ਲੱਗਿਆ ਕਿ ਭਾਰਤ ਭੂਸ਼ਣ ਆਸ਼ੂ ਨੇ ਕਈ ਫ਼ਰਜ਼ੀ ਸੰਸਥਾਵਾਂ ਰਾਹੀਂ ਵੀ ਪੈਸੇ ਕਮਾਏ ਹਨ। ਆਸ਼ੂ ਨੇ ਆਪਣੇ ਅਤੇ ਆਪਣੇ ਪਰਿਵਾਰ ਦੇ ਨਾਮ 'ਤੇ ਕਈ ਜਾਇਦਾਦਾਂ ਖ਼ਰੀਦੀਆਂ। ਹੁਣ ਜਾਂਚ ਏਜੰਸੀ ਨੇ ਆਸ਼ੂ ਦੇ ਕਰੀਬੀਆਂ ਦੀ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਵਿਚ ਈ.ਡੀ. ਨੂੰ ਆਸ਼ੂ ਤੇ ਉਸ ਦੇ ਕਰੀਬੀਆਂ ਦੇ ਖਾਤਿਆਂ 'ਚ ਵਿਦੇਸ਼ੀ ਐਂਟਰੀਆਂ ਮਿਲੀਆਂ ਹਨ। ਆਸ਼ੂ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਈ.ਡੀ. ਨੇ 24 ਅਗਸਤ 2023, 4 ਸਤੰਬਰ 2023 ਅਤੇ 6 ਸਤੰਬਰ 2023 ਨੂੰ ਭਾਰਤ ਭੂਸ਼ਣ ਆਸ਼ੂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਘਰਾਂ ਤੇ ਦਫ਼ਤਰਾਂ 'ਤੇ ਛਾਪੇ ਮਾਰੇ ਸਨ। ਤਲਾਸ਼ੀ ਦੌਰਾਨ ਨਕਦੀ ਜ਼ਬਤ ਕੀਤੀ ਗਈ ਸੀ ਅਤੇ ਬੈਂਕ ਖਾਤੇ ਵੀ ਫਰੀਜ਼ ਕੀਤੇ ਗਏ ਸਨ। ਇਸ ਮਾਮਲੇ 'ਚ ਜ਼ਬਤ ਤੇ ਫਰੀਜ਼ ਕੀਤੇ ਗਏ ਸਾਮਾਨ ਦੀ ਕੁੱਲ ਕੀਮਤ 8.46 ਕਰੋੜ ਰੁਪਏ ਸੀ।

### ■ ਆਸ਼ੂ ਦੇ ਕਰੀਬੀ ਵੀ ਈ.ਡੀ. ਦੀ ਰਡਾਰ 'ਤੇ

ਭਾਰਤ ਭੂਸ਼ਣ ਆਸ਼ੂ ਤੋਂ ਕੀਤੀ ਜਾ ਰਹੀ ਪੁੱਛ-ਪੜਤਾਲ ਮਗਰੋਂ ਹੁਣ ਉਨ੍ਹਾਂ ਦੇ ਕਈ ਕਰੀਬੀ ਵੀ ਈ.ਡੀ. ਦੇ ਰਡਾਰ 'ਤੇ ਹਨ। ਆਸ਼ੂ 'ਤੇ ਦੋਸ਼ ਲੱਗ ਰਹੇ ਹਨ ਕਿ ਉਨ੍ਹਾਂ ਨੇ ਆਪਣੀ ਕਰੀਬੀਆਂ ਜ਼ਰੀਏ ਵਿਦੇਸ਼ਾਂ ਵਿਚ ਕੁੱਝ ਲੈਣ-ਦੇਣ ਕੀਤਾ ਹੈ। ਕਰੀਬੀਆਂ ਨਾਲ ਪ੍ਰਾਪਰਟੀ ਖ਼ਰੀਦਣ ਦੇ ਵੀ ਦੋਸ਼ ਹਨ। ਇਸ ਤੋਂ ਇਲਾਵਾ ਟਰਾਂਸਪੋਰਟ ਘਪਲੇ ਵਿਚ ਠੇਕੇਦਾਰ ਕੋਲੋਂ ਵੀ ਪੁੱਛ-ਪੜਤਾਲ ਕੀਤੀ ਜਾ ਸਕਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

TAKHAR URGENT CARE
& Family Medicine



Paramjit S. Takhar, M.D.
Board Certified Family Medicine
Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Designed By Punjab Mail USA

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay



# 9/11 ਦੇ ਮਾਸਟਰਮਾਈਂਡ ਨਾਲ ਅਮਰੀਕਾ ਵੱਲੋਂ ਸਮਝੌਤਾ

■ ਮੌਤ ਦੀ ਸਜ਼ਾ ਮੁਆਫ ਕਰਨ ਲਈ ਤਿਆਰ

ਵਾਸ਼ਿੰਗਟਨ, (ਪੰਜਾਬ ਮੇਲ)- ਸੰਯੁਕਤ ਰਾਜ ਅਮਰੀਕਾ 9/11 ਦੇ ਕਥਿਤ ਮਾਸਟਰਮਾਈਂਡ ਖਾਲਿਦ ਸ਼ੇਖ ਮੁਹੰਮਦ



ਅਤੇ ਦੋ ਹੋਰ ਬਚਾਅ ਪੱਖਾਂ ਨਾਲ ਇਕ ਪਟੀਸ਼ਨ ਸੌਦੇ 'ਤੇ ਪਹੁੰਚ ਗਿਆ ਹੈ। ਅਮਰੀਕੀ ਰੱਖਿਆ ਵਿਭਾਗ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਪੈਂਟਾਗਨ ਨੇ ਦੱਸਿਆ ਕਿ ਅਮਰੀਕੀ ਵਕੀਲ 9/11 ਦੇ ਮਾਸਟਰਮਾਈਂਡ ਖਾਲਿਦ ਸ਼ੇਖ ਮੁਹੰਮਦ ਨਾਲ ਇੱਕ ਪਟੀਸ਼ਨ ਸੌਦੇ 'ਤੇ ਪਹੁੰਚ ਗਏ ਹਨ। ਇਸ ਸਮਝੌਤੇ ਤਹਿਤ ਅਮਰੀਕਾ ਮਾਸਟਰਮਾਈਂਡ ਖਾਲਿਦ ਸ਼ੇਖ ਦੁਆਰਾ ਦੋਸ਼ਾਂ ਨੂੰ ਸਵੀਕਾਰ ਕਰਨ ਦੇ ਬਦਲੇ ਮੌਤ ਦੀ ਸਜ਼ਾ ਨੂੰ ਖਤਮ ਕਰਨ ਲਈ ਤਿਆਰ ਹੈ। ਇਹ ਸਮਝੌਤਾ ਲੰਮੇ ਸਮੇਂ ਤੋਂ ਚੱਲ ਰਹੇ ਮਾਮਲਿਆਂ ਨੂੰ ਸੁਲਝਾਉਣ ਲਈ ਕੀਤਾ ਗਿਆ ਸੀ। ਪੈਂਟਾਗਨ ਵੱਲੋਂ ਜਾਰੀ ਬਿਆਨ ਮੁਤਾਬਕ ਫਿਲਹਾਲ ਇਸ ਪ੍ਰਸਤਾਵ ਨਾਲ ਜੁੜਿਆ ਕੋਈ ਵੀ ਵੇਰਵਾ ਜਨਤਕ ਨਹੀਂ ਕੀਤਾ ਜਾਵੇਗਾ। ਪਿਛਲੇ ਸਾਲ ਵੀ ਅਜਿਹਾ ਹੀ ਪ੍ਰਸਤਾਵ ਰੱਖਿਆ ਗਿਆ ਸੀ ਪਰ 11 ਸਤੰਬਰ 2001 ਦੇ ਹਮਲਿਆਂ ਵਿਚ ਮਾਰੇ ਗਏ ਕਰੀਬ 3000 ਲੋਕਾਂ ਦੇ ਪਰਿਵਾਰਾਂ ਦਾ ਮੰਨਣਾ ਸੀ ਕਿ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਹਾਲਾਂਕਿ ਖਾਲਿਦ ਸ਼ੇਖ ਅਤੇ ਦੋ ਹੋਰ ਦੋਸ਼ੀਆਂ ਦੇ ਲੰਬੇ ਸਮੇਂ ਤੋਂ ਚੱਲ ਰਹੇ ਕੇਸਾਂ ਦਾ ਨਿਪਟਾਰਾ ਹੋ ਗਿਆ ਹੈ। ਉਹ ਕਈ ਸਾਲਾਂ ਤੱਕ ਕਿਊਬਾ ਦੇ ਗਵਾਂਟਾਨਾਮੋ ਬੇ ਮਿਲਟਰੀ ਬੇਸ ਵਿਚ ਕੈਦ ਰਿਹਾ। ਅਮਰੀਕੀ ਮੀਡੀਆ ਨੇ ਦੱਸਿਆ ਕਿ ਖਾਲਿਦ ਸ਼ੇਖ ਮੁਹੰਮਦ, ਵਾਲਿਦ ਬਿਨ ਅਤਾਸ਼ ਅਤੇ ਮੁਸਤਫਾ ਅਲ-ਹਵਾਸਵੀ ਉਮਰ ਕੈਦ ਦੀ ਸਜ਼ਾ ਦੇ ਬਦਲੇ ਸਾਜ਼ਿਸ਼ ਰਚਣ ਲਈ ਦੋਸ਼ੀ ਮੰਨਣ ਲਈ ਸਹਿਮਤ ਹੋ ਗਏ ਸਨ। ਮਾਰਚ 2003 ਵਿਚ ਪਾਕਿਸਤਾਨ 'ਚ ਫੜੇ ਜਾਣ ਤੋਂ ਪਹਿਲਾਂ ਖਾਲਿਦ ਸ਼ੇਖ ਮੁਹੰਮਦ ਨੂੰ ਅਲ-ਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਦਾ ਸਭ ਤੋਂ ਭਰੋਸੇਮੰਦ ਆਦਮੀ ਮੰਨਿਆ ਜਾਂਦਾ ਸੀ। ਉਸਨੇ 2006 'ਚ ਗਵਾਂਤਾਨਾਮੋ ਪਹੁੰਚਣ ਤੋਂ ਪਹਿਲਾਂ ਸੀ.ਆਈ.ਏ. ਦੀਆਂ ਗੁਪਤ ਜੇਲ੍ਹਾਂ 'ਚ ਤਿੰਨ ਸਾਲ ਬਿਤਾਏ।

ਖਾਲਿਦ ਸ਼ੇਖ ਨੇ ਖੁਲਾਸਾ ਕੀਤਾ ਕਿ ਉਹ 9/11 ਹਮਲਿਆਂ ਦਾ ਮਾਸਟਰਮਾਈਂਡ ਸੀ। ਇਸ ਤੋਂ ਇਲਾਵਾ ਉਹ ਅਮਰੀਕਾ ਵਿਰੁੱਧ ਕਈ ਸਾਜ਼ਿਸ਼ਾਂ ਵਿਚ ਵੀ ਸ਼ਾਮਲ ਸੀ। ਤੁਹਾਨੂੰ ਦੱਸ ਦੇਈਏ ਕਿ ਉਸ ਨੇ ਅਮਰੀਕੀ ਯੂਨੀਵਰਸਿਟੀ ਤੋਂ ਹੀ ਆਪਣੀ ਪੜ੍ਹਾਈ ਪੂਰੀ ਕੀਤੀ ਸੀ। ਟਵਿਨ ਟਾਵਰਾਂ ਨੂੰ ਢਾਹੁਣ ਦੀ ਯੋਜਨਾ ਤੋਂ ਇਲਾਵਾ ਖਾਲਿਦ ਸ਼ੇਖ ਨੇ 2002 'ਚ ਅਮਰੀਕੀ ਪੱਤਰਕਾਰ ਡੇਨੀਅਲ ਪਰਲ ਦਾ ਸਿਰ ਕਲਮ ਕਰਨ ਦਾ ਦਾਅਵਾ ਕੀਤਾ ਸੀ। ਇਸ ਤੋਂ ਇਲਾਵਾ 1993 'ਚ ਉਸ ਨੇ ਵਰਲਡ ਟਰੇਡ ਸੈਂਟਰ 'ਤੇ ਵੀ ਬੰਬ ਧਮਾਕਾ ਕੀਤਾ ਸੀ, ਜਿਸ 'ਚ ਛੇ ਲੋਕਾਂ ਦੀ ਮੌਤ ਹੋ ਗਈ ਸੀ।


## ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## ਮੈਟਰੀਮੋਨੀਅਲ

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ, ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸਾਫਟਵੇਅਰ ਇੰਜੀਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨ ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਇਨੋਸੈਂਟ ਇਸੂਲੈਸ, ਡਾਇਵੋਰਸੀ ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਫਿਰ ਵਟਸਅਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ ਆਈ ਡੀ: CJSINGH55@gmail.com ਸਕਦੇ ਹੋ।

## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5'-4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## MATRIMONIAL

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage) Call: +1-510-281-7065, WhatsApp: +91 98993 79442 Email: cjsingh55@gmail.com

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL


Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨ ਨੇ ਛੱਡਿਆ ਦੇਸ਼; ਫੌਜ ਹੱਥ ਆਈ ਕਮਾਨ

- ਹਸੀਨਾ ਦਾ ਜਹਾਜ਼ ਗਾਜ਼ੀਆਬਾਦ ਨੇੜੇ ਹਿੰਡਨ ਏਅਰਬੇਸ 'ਤੇ ਉਤਰਿਆ; ਕੌਮੀ ਸੁਰੱਖਿਆ ਸਲਾਹਕਾਰ ਡੋਵਾਲ ਨਾਲ ਕੀਤੀ ਮੁਲਾਕਾਤ
- ਥਲ ਸੈਨਾ ਮੁਖੀ ਨੇ ਫੌਜ ਤੇ ਪੁਲਿਸ ਨੂੰ ਗੋਲੀ ਚਲਾਉਣ ਤੋਂ ਵਰਜਿਆ
- ਪ੍ਰਦਰਸ਼ਨਕਾਰੀਆਂ ਵੱਲੋਂ ਹਸੀਨਾ ਦੀ ਸਰਕਾਰੀ ਰਿਹਾਇਸ਼ 'ਚ ਵੜ ਕੇ ਲੁੱਟ-ਖੋਹ, ਹਸੀਨਾ ਦੇ ਦਫ਼ਤਰ ਨੂੰ ਅੱਗ ਲਾਈ



ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਅਸਤੀਫਾ ਦੇਣ ਦੀ ਖ਼ਬਰ ਆਉਣ ਮਗਰੋਂ ਢਾਕਾ ਵਿਚ ਸਰਕਾਰੀ ਇਮਾਰਤ 'ਤੇ ਚੜ੍ਹ ਕੇ ਜਸ਼ਨ ਮਨਾਉਂਦੇ ਹੋਏ ਪ੍ਰਦਰਸ਼ਨਕਾਰੀ।



ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਅਸਤੀਫਾ ਦੇਣ ਮਗਰੋਂ ਮੁਜ਼ਾਹਰਾਕਾਰੀ ਸੰਸਦ 'ਚ ਦਾਖਲ ਹੁੰਦੇ ਹੋਏ।

**ਢਾਕਾ/ਨਵੀਂ ਦਿੱਲੀ, (ਪੰਜਾਬ ਮੇਲ)-** ਸਰਕਾਰੀ ਨੌਕਰੀਆਂ 'ਚ ਵਿਵਾਦਿਤ ਰਾਖਵੇਂਕਰਨ ਖਿਲਾਫ਼ ਦੇਸ਼ ਭਰ ਵਿਚ ਜਾਰੀ ਹਿੰਸਕ ਪ੍ਰਦਰਸ਼ਨਾਂ ਦਰਮਿਆਨ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਚੋਰੀ ਛੁਪੇ ਪਹਿਲਾਂ ਹੈਲੀਕਾਪਟਰ ਰਾਹੀਂ ਅਗਰਤਲਾ (ਤ੍ਰਿਪੁਰਾ) ਤੇ ਉਥੋਂ ਹਵਾਈ ਸੈਨਾ ਦੇ ਮਾਲਵਾਹਕ ਜਹਾਜ਼ (ਸੀ-130ਜੇ) 'ਤੇ ਸਵਾਰ ਹੋ ਕੇ ਭਾਰਤ ਦੇ ਹਿੰਡਨ ਏਅਰਬੇਸ ਲਈ ਰਵਾਨਾ ਹੋ ਗਏ। ਉਨ੍ਹਾਂ ਦੇ ਅੱਗੇ ਲੰਡਨ ਜਾਣ ਦੀਆਂ ਕਨਸੋਆਂ ਹਨ। ਉਧਰ ਬੰਗਲਾਦੇਸ਼ ਦੀ ਫੌਜ ਨੇ ਅੰਤਰਿਮ ਸਰਕਾਰ ਦੀ ਕਮਾਨ ਆਪਣੇ ਹੱਥਾਂ ਵਿਚ ਲੈ ਲਈ ਹੈ। ਥਲ ਸੈਨਾ ਮੁਖੀ ਵਕਾਰ-ਉਜ਼-ਜ਼ਮਾਨ ਨੇ ਫੌਜ ਤੇ ਪੁਲਿਸ ਨੂੰ ਮੁਜ਼ਾਹਰਾਕਾਰੀਆਂ 'ਤੇ ਗੋਲੀ ਨਾ ਚਲਾਉਣ ਦੇ ਹੁਕਮ ਦਿੱਤੇ ਹਨ। ਬੰਗਲਾਦੇਸ਼ 'ਚ ਪ੍ਰਦਰਸ਼ਨਾਂ ਦੇ ਬੀਤੇ ਦਿਨ ਹਿੰਸਕ ਰੂਪ ਧਾਰਨ ਮਗਰੋਂ ਪਿਛਲੇ ਦੋ ਦਿਨਾਂ ਵਿਚ 100 ਤੋਂ ਵੱਧ ਲੋਕਾਂ ਦੀ ਜਾਨ ਜਾਂਦੀ ਰਹੀ ਹੈ। ਮੁਲਕ ਦੀ ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਨੇ ਦੇਸ਼ ਦੀ ਅਵਾਮ ਨੂੰ ਸ਼ਾਂਤੀ ਬਣਾ ਕੇ ਰੱਖਣ ਦੀ ਅਪੀਲ ਕੀਤੀ ਹੈ। ਬੰਗਲਾਦੇਸ਼ ਦੇ ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ ਜੇਲ੍ਹ 'ਚ ਬੰਦ ਵਿਰੋਧੀ ਧਿਰ ਦੀ ਆਗੂ ਤੇ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਨੂੰ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ।

ਇਸ ਦੌਰਾਨ ਲੰਡਨ ਜਾਂਦਿਆਂ ਹਸੀਨਾ ਦਾ ਜਹਾਜ਼ ਸ਼ਾਮੀਂ ਸਾਢੇ ਪੰਜ ਵਜੇ ਦੇ ਕਰੀਬ ਨਵੀਂ ਦਿੱਲੀ ਨੇੜੇ ਗਾਜ਼ੀਆਬਾਦ ਵਿਚ ਹਿੰਡਨ ਏਅਰਬੇਸ 'ਤੇ ਉੱਤਰਿਆ। ਕੂਟਨੀਤਕ ਸੂਤਰਾਂ ਨੇ ਕਿਹਾ ਕਿ ਹਸੀਨਾ ਦਿੱਲੀ ਅਧਾਰਿਤ ਆਪਣੀ ਧੀ ਸਾਇਮਾ ਵਾਜ਼ਿਦ, ਜੋ ਦੱਖਣ-ਪੂਰਬ ਏਸ਼ੀਆ ਲਈ ਕੌਮੀ ਸਿਹਤ ਸੰਸਥਾ (ਡਬਲਯੂ.ਐੱਚ.ਓ.) ਦੀ ਖੇਤਰੀ ਡਾਇਰੈਕਟਰ ਹੈ, ਨੂੰ ਮਿਲਣ ਲਈ ਆਈ ਹੈ। ਦਿੱਲੀ ਪਹੁੰਚਣ 'ਤੇ ਹਸੀਨਾ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੂੰ ਵੀ ਮਿਲੀ। ਉਨ੍ਹਾਂ ਡੋਵਾਲ ਨਾਲ ਬੰਗਲਾਦੇਸ਼ ਦੇ ਮੌਜੂਦਾ ਹਾਲਾਤ ਤੇ ਆਪਣੀ ਭਵਿੱਖੀ ਯੋਜਨਾ ਬਾਰੇ ਚਰਚਾ ਕੀਤੀ। ਭਾਰਤੀ ਹਵਾਈ ਸੈਨਾ ਤੇ ਹੋਰਨਾਂ ਸੁਰੱਖਿਆ ਏਜੰਸੀਆਂ ਵੱਲੋਂ ਹਸੀਨਾ ਨੂੰ ਸੁਰੱਖਿਆ ਮੁਹੱਈਆ ਕੀਤੀ ਜਾ ਰਹੀ ਹੈ ਤੇ ਸੂਤਰਾਂ ਮੁਤਾਬਕ ਹਸੀਨਾ ਨੂੰ ਸੁਰੱਖਿਅਤ ਟਿਕਾਣੇ 'ਤੇ ਤਬਦੀਲ ਕੀਤਾ ਜਾ ਰਿਹਾ ਹੈ। ਉਧਰ ਹਸੀਨਾ ਦੇ ਪੁੱਤਰ ਤੇ ਸਾਬਕਾ ਅਧਿਕਾਰਤ ਸਲਾਹਕਾਰ ਸਾਜੀਬ ਵਾਜ਼ਿਦ ਜੋਏ ਨੇ ਕਿਹਾ ਕਿ ਉਨ੍ਹਾਂ ਦੀ ਮਾਂ ਨੂੰ ਪਰਿਵਾਰ ਦੇ ਜ਼ੋਰ ਪਾਉਣ 'ਤੇ ਆਪਣੀ ਸੁਰੱਖਿਆ ਕਰਕੇ ਦੇਸ਼ ਛੱਡਣਾ ਪਿਆ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਵੱਲੋਂ ਢਾਕਾ ਛੱਡਣ ਮਗਰੋਂ ਬੰਗਲਾਦੇਸ਼ ਦੇ ਥਲ ਸੈਨਾ ਮੁਖੀ ਨੇ ਟੈਲੀਵਿਜ਼ਨ 'ਤੇ ਆਪਣੇ ਸੰਬੋਧਨ ਦੌਰਾਨ ਕਿਹਾ, "ਮੈਂ (ਦੇਸ਼ ਦੀ) ਸਾਰੀ ਜ਼ਿੰਮੇਵਾਰੀ ਲੈ ਰਿਹਾ ਹਾਂ। ਕ੍ਰਿਪਾ ਕਰਕੇ ਸਹਿਯੋਗ ਦਿਓ।" ਥਲ ਸੈਨਾ ਮੁਖੀ ਨੇ ਕਿਹਾ ਕਿ ਉਨ੍ਹਾਂ ਸਿਆਸੀ ਆਗੂਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਦੱਸ ਦਿੱਤਾ ਹੈ ਕਿ ਫੌਜ ਨੇ ਦੇਸ਼ ਦੇ ਅਮਨ ਤੇ ਕਾਨੂੰਨ ਦੀ ਜ਼ਿੰਮੇਵਾਰੀ ਲੈ ਲਈ ਹੈ। ਹਾਲਾਂਕਿ ਇਸ ਬੈਠਕ ਵਿਚ ਹਸੀਨਾ ਦੀ ਅਵਾਮੀ ਲੀਗ ਪਾਰਟੀ ਦਾ ਕੋਈ ਵੀ ਆਗੂ ਮੌਜੂਦ ਨਹੀਂ ਸੀ। ਬੰਗਲਾਦੇਸ਼ ਦੇ ਬਾਨੀ ਸ਼ੇਖ ਮੁਜੀਬੁਰ ਰਹਿਮਾਨ ਦੀ ਧੀ ਹਸੀਨਾ (76) ਇਸ ਦੱਖਣ ਏਸ਼ਿਆਈ ਮੁਲਕ 'ਤੇ 2009 ਤੋਂ ਰਾਜ ਕਰ ਰਹੀ ਹੈ। ਇਸ ਸਾਲ ਜਨਵਰੀ ਵਿਚ ਹੋਈਆਂ 12ਵੀਆਂ ਆਮ ਚੋਣਾਂ ਦੌਰਾਨ ਉਹ ਲਗਾਤਾਰ ਰਿਕਾਰਡ ਚੌਥੀ ਵਾਰ ਤੇ ਕੁੱਲ ਮਿਲਾ ਕੇ 5ਵੀਂ ਵਾਰ ਚੁਣੀ ਗਈ ਸੀ। ਇਨ੍ਹਾਂ ਚੋਣਾਂ ਦਾ ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਦੀ ਮੁੱਖ ਵਿਰੋਧੀ ਪਾਰਟੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐੱਨ.ਪੀ.) ਤੇ ਉਸ ਦੇ ਭਾਈਵਾਲਾਂ ਨੇ ਬਾਈਕਾਟ ਕੀਤਾ ਸੀ।

ਪਿਛਲੇ ਦਿਨਾਂ ਦੌਰਾਨ ਹਸੀਨਾ ਸਰਕਾਰ ਖਿਲਾਫ਼ ਜਾਰੀ ਪ੍ਰਦਰਸ਼ਨਾਂ 'ਚ ਸੌ ਤੋਂ ਵੱਧ ਲੋਕਾਂ ਦੀ ਜਾਨ ਜਾਂਦੀ ਰਹੀ ਹੈ। 1971 ਵਿਚ ਬੰਗਲਾਦੇਸ਼ ਦੀ ਆਜ਼ਾਦੀ ਲਈ ਜੰਗ ਲੜਨ ਵਾਲਿਆਂ ਦੇ ਸਕੇ-ਸਬੰਧੀਆਂ ਨੂੰ ਸਰਕਾਰੀ ਨੌਕਰੀਆਂ ਵਿਚ 30 ਫੀਸਦੀ ਰਾਖਵਾਂਕਰਨ ਦੇਣ ਦੇ ਵਿਵਾਦਿਤ ਫੈਸਲੇ ਖਿਲਾਫ਼ ਦੇਸ਼ ਵਿਚ ਜਾਰੀ ਰੋਸ ਪ੍ਰਦਰਸ਼ਨਾਂ ਨੇ ਹਿੰਸਕ ਰੂਪ ਧਾਰ ਲਿਆ ਸੀ। ਪੂਰੇ ਦੇਸ਼ ਵਿਚ ਜਾਰੀ ਪ੍ਰਦਰਸ਼ਨਾਂ ਦਰਮਿਆਨ ਥਲ ਸੈਨਾ ਮੁਖੀ ਨੇ ਥਲ ਸੈਨਾ ਤੇ ਪੁਲਿਸ ਨੂੰ ਗੋਲੀ ਨਾ ਚਲਾਉਣ ਦੀ ਹਦਾਇਤ ਕੀਤੀ ਹੈ। ਜ਼ਮਾਨ ਨੇ ਪ੍ਰਦਰਸ਼ਨਕਾਰੀਆਂ ਨੂੰ ਵੀ ਜ਼ਾਬਤੇ ਵਿਚ ਰਹਿਣ ਤੇ ਹਿੰਸਾ ਖ਼ਤਮ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਵਾਅਦਾ ਕੀਤਾ ਕਿ ਸਾਰਿਆਂ ਨੂੰ 'ਨਿਆਂ' ਮਿਲੇਗਾ। ਥਲ ਸੈਨਾ ਮੁਖੀ ਵੱਲੋਂ ਹਸੀਨਾ ਦੇ ਅਸਤੀਫ਼ੇ ਦੇ ਕੀਤੇ ਐਲਾਨ ਮਗਰੋਂ ਸੈਂਕੜੇ ਪ੍ਰਦਰਸ਼ਨਕਾਰੀ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ 'ਗਣਭਵਨ' ਵਿਚ ਦਾਖ਼ਲ ਹੋ ਗਏ। ਤਸਵੀਰਾਂ ਵਿਚ ਪ੍ਰਦਰਸ਼ਨਕਾਰੀ ਹਸੀਨਾ ਦੀ ਸਰਕਾਰੀ ਰਿਹਾਇਸ਼ ਵਿਚ ਲੁੱਟ-ਮਾਰ ਕਰਦੇ ਨਜ਼ਰ ਆਏ। ਕੁਝ ਲੋਕ ਤਾਂ ਕੁਰਸੀਆਂ ਤੇ ਸੋਫੇ ਚੁੱਕ ਕੇ ਲਿਜਾਂਦੇ ਵੀ ਦਿਸੇ। ਸਥਾਨਕ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਕਿ ਪ੍ਰਦਰਸ਼ਨਕਾਰੀਆਂ ਨੇ ਰਾਜਧਾਨੀ ਢਾਕਾ ਵਿਚ ਹਸੀਨਾ ਦੇ 3/ਏ ਧਾਨਮੰਡੀ ਸਥਿਤ ਦਫ਼ਤਰ ਨੂੰ ਅੱਗ ਲਾ ਦਿੱਤੀ। ਮੁਜ਼ਾਹਰਾਕਾਰੀਆਂ ਨੇ ਗ੍ਰਹਿ ਮੰਤਰੀ ਅਸਦੂਜ਼ਮਾਨ ਖ਼ਾਨ ਦੇ ਘਰ ਵਿਚ ਦਾਖ਼ਲ ਹੋ ਕੇ ਭੰਨ-ਤੋੜ ਕੀਤੀ। ਪ੍ਰਦਰਸ਼ਨਕਾਰੀਆਂ ਨੇ ਹਸੀਨਾ ਦੇ ਦੇਸ਼ ਛੱਡ ਕੇ ਜਾਣ ਦਾ ਜਸ਼ਨ ਮਨਾਉਂਦਿਆਂ ਉਨ੍ਹਾਂ ਦੇ ਪਿਤਾ ਮੁਜੀਬੁਰ ਰਹਿਮਾਨ ਦੇ ਬੁੱਤ ਦੀ ਹਥੌੜੇ ਨਾਲ ਭੰਨ-ਤੋੜ ਕੀਤੀ। ਹਜੂਮ ਨੇ ਹਸੀਨਾ ਦੇ ਸ਼ੌਹਰ ਡਾ. ਵਾਜਿਦ ਮੀਆਂ ਦੇ ਘਰ ਨੂੰ ਵੀ ਨਹੀਂ ਛੱਡਿਆ। ਹਿੰਸਾ ਉੱਤੇ ਉਤਾਰੂ ਹਜੂਮ ਨੇ ਢਾਕਾ ਵਿਚ ਭਾਰਤੀ ਕਲਚਰਲ ਸੈਂਟਰ ਦੀ ਵੀ ਭੰਨ-ਤੋੜ ਕੀਤੀ ਤੇ ਪੂਰੇ ਦੇਸ਼ ਵਿਚ ਚਾਰ ਹਿੰਦੂ ਮੰਦਿਰਾਂ ਨੂੰ 'ਮਾਮੂਲੀ' ਨੁਕਸਾਨ ਪੁੱਜਾ। ਹਿੰਦੂ ਬੋਧੀ ਕ੍ਰਿਸਚੀਅਨ ਯੂਨਿਟੀ ਕੌਂਸਲ ਦੇ ਆਗੂ ਕਾਜੋਲ ਦੇਬਨਾਥ ਨੇ ਕਿਹਾ ਕਿ ਉਨ੍ਹਾਂ ਨੂੰ ਬੰਗਲਾਦੇਸ਼ ਵਿਚ ਘੱਟੋ ਘੱਟ ਚਾਰ ਹਿੰਦੂ ਮੰਦਿਰ ਨੁਕਸਾਨੇ ਜਾਣ ਦੀਆਂ ਰਿਪੋਰਟਾਂ ਮਿਲੀਆਂ ਹਨ।

ਪ੍ਰਦਰਸ਼ਨਕਾਰੀਆਂ ਵੱਲੋਂ ਲੋਕਾਂ ਨੂੰ 'ਢਾਕਾ ਤੱਕ ਮਾਰਚ' ਦੇ ਦਿੱਤੇ ਸੱਦੇ ਮਗਰੋਂ ਸਰਕਾਰ ਨੇ ਪੂਰੇ ਦੇਸ਼ ਵਿਚ ਇੰਟਰਨੈੱਟ ਸੇਵਾਵਾਂ ਬੰਦ ਕਰਨ ਦੇ ਹੁਕਮ ਦਿੱਤੇ ਸਨ। ਹਾਲਾਂਕਿ ਸਰਕਾਰੀ ਏਜੰਸੀ ਨੇ ਸੋਮਵਾਰ ਨੂੰ ਸਵਾ ਇਕ ਵਜੇ ਦੇ ਕਰੀਬ ਬਰੌਡਬੈਂਡ ਇੰਟਰਨੈੱਟ ਸ਼ੁਰੂ ਕਰਨ ਦੇ ਜ਼ੁਬਾਨੀ ਕਲਾਮੀ ਹੁਕਮ ਦੇ ਦਿੱਤੇ।

ਇਸ ਦੌਰਾਨ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਗੁਆਂਢ ਮੱਥੇ ਬੰਗਲਾਦੇਸ਼ ਵਿਚ ਜਾਰੀ ਅਸ਼ਾਂਤੀ ਦੇ ਮੱਦੇਨਜ਼ਰ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਮਨ-ਸ਼ਾਂਤੀ ਬਣਾ ਕੇ ਰੱਖਣ ਤੇ ਕਿਸੇ ਵੀ ਤਰ੍ਹਾਂ ਦੀ ਭੜਕਾਹਟ ਤੋਂ ਬਚਣ। ਮੁੱਖ ਮੰਤਰੀ ਨੇ ਪੱਛਮੀ ਬੰਗਾਲ ਅਸੈਂਬਲੀ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬੰਗਲਾਦੇਸ਼ ਦੇ ਘਟਨਾਕ੍ਰਮ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਵਿਦੇਸ਼ ਮੰਤਰਾਲੇ ਨਾਲ ਜੁੜਿਆ ਮਸਲਾ ਹੈ। ਉਂਜ ਇਹਤਿਆਤ ਵਜੋਂ ਪੱਛਮੀ ਬੰਗਾਲ ਵਿਚ ਭਾਰਤ-ਬੰਗਲਾਦੇਸ਼ ਸਰਹੱਦ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਉਧਰ ਮੇਘਾਲਿਆ ਨੇ ਵੀ ਬੰਗਲਾਦੇਸ਼ ਸਰਹੱਦ ਨਾਲ ਲੱਗਦੇ ਇਲਾਕੇ ਵਿਚ ਰਾਤ ਦਾ ਕਰਫਿਊ ਲਾ ਦਿੱਤਾ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਇਟਲੀ ’ਚ ਦੂਜੀ ਵਿਸ਼ਵ ਜੰਗ ਦੌਰਾਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਦੀ ਯਾਦ ’ਚ ਸ਼ਹੀਦੀ ਸਮਾਗਮ ਕਰਵਾਇਆ







**ਮਿਲਾਨ (ਇਟਲੀ), (ਸਾਬੀ ਚੀਨੀਆ/ਗੋਗਨਾ/ਪੰਜਾਬ ਮੇਲ)**- ਇਟਲੀ ਦੇ ਸ਼ਹਿਰ ਫੋਰਲੀ ਵਿਖੇ ਸਿੱਖ ਫ਼ੌਜੀਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਵਰਲਡ ਸਿਖ ਸ਼ਹੀਦ ਮਿਲਟਰੀ ਯਾਦਗਾਰ ਕਮੇਟੀ (ਰਜਿ.) ਨੇ ਇਟਲੀ ਦੀ ਕਮੂਨੇ ਅਤੇ ਫੋਰਲੀ ਦੀ ਸੰਗਤ ਨਾਲ ਮਿਲਕੇ 15ਵਾਂ ਸ਼ਹੀਦੀ ਸਮਾਗਮ ਕਰਵਾਇਆ, ਜਿਸ ਦੀ ਆਰੰਭਤਾ ਸ੍ਰੀ ਆਖੰਡ ਪਾਠ ਸਾਹਿਬ ਦੇ ਜੀ ਦੇ ਪਾਠ ਨਾਲ ਹੋਈ। ਜਿਸ ਵਿਚ ਇਟਲੀ ਦੇ ਪ੍ਰਸਿੱਧ ਢਾਡੀ ਸੁਖਵੀਰ ਸਿੰਘ ਭੌਰ ਨੇ ਸ਼ਹੀਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਫੋਰਲੀ ਦੇ ਪ੍ਰਸ਼ਾਸਨ ਅਧਿਕਾਰੀਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਰਧਾਂਲੀ ਭੇਟ ਕਰਨ ਵਾਲਿਆਂ ’ਚ ਫੋਰਲੀ, ਫੈਂਸਾ, ਮੁਰਾਦੀ, ਕਾਵਾਲਾਰਾ, ਪਾਲਾ ਸੋਲੋ, ਮਰਕਾਤੋ ਸਰਾਚੀਨੋ, ਕਾਸਤੋ ਫਰਾਂਕੋ, ਨੋਵੋਲਾਰਾ, ਫਰੈਂਸੇ ਦੇ ਮੇਅਰ ਤੇ ਫੋਰਲੀ ਦੀ ਪਰਫੈਤੋ, ਕਾਰਾਬਨੇਰੀ, ਪੁਲਿਸ, ਨਗਰ ਕੌਂਸਲ ਫੋਰਲੀ, ਮਿਲਟਰੀ ਤੋਂ ਪਹੁੰਚੇ ਕਈ ਅਧਿਕਾਰੀਆਂ ਨੇ ਸ਼ਰਧਾ ਦੇ ਫੁੱਲ ਅਰਪਣ ਕੀਤੇ। ਇਸ ਮੌਕੇ ਵਰਲਡ ਸਿੱਖ ਸ਼ਹੀਦ ਮਿਲਟਰੀ (ਰਜਿ.) ਇਟਲੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ, ਸੇਵਾ ਸਿੰਘ ਫੌਜੀ, ਸਤਿਨਾਮ ਸਿੰਘ, ਜਸਵੀਰ ਸਿੰਘ ਧਨੋਤਾ, ਗੁਰਮੇਲ ਸਿੰਘ ਭੱਟੀ ਪ੍ਰਧਾਨ ਰਾਜਪੂਤ ਸੇਵਾ ਸੁਸਾਇਟੀ, ਇੰਦਰਜੀਤ ਸਿੰਘ ਫੋਰਲੀ, ਜਸਪ੍ਰੀਤ ਸਿੰਘ ਸਿੱਧੂ ਕੋਰੇਜੋ, ਰਾਜ ਕੁਮਾਰ ਕੋਰੇਜੋ, ਭੁਪਿੰਦਰ ਸਿੰਘ ਪ੍ਰਧਾਨ ਪਾਰਮਾ ਗੁਰੂ ਘਰ, ਹਰੀ ਸਿੰਘ, ਸੁਰਜੀਤ ਸਿੰਘ ਬੇਗੋਵਾਲ, ਮਨਿਜੰਦਰ ਸਿੰਘ ਸੁਜਾਰਾ ਆਦਿ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਇਸ ਮੌਕੇ ਲੰਗਰਾਂ ਦੀ ਸੇਵਾ ਵੱਖ-ਵੱਖ ਸ਼ਹਿਰਾਂ ਬੋਲੋਨੀਆ, ਕੋਰੇਜੋ, ਅਨਕੋਨਾ, ਸੁਜਾਰਾ, ਪਾਰਮਾ ਅਤੇ ਨੋਵੋਲਾਰਾ ਦੇ ਗੁਰਦੁਆਰਾ ਸਾਹਿਬ ਦੀ ਸੰਗਤ ਨੇ ਕੀਤੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

## ਪੰਜਾਬ ਸਰਕਾਰ ਰੱਬ ਆਸਰੇ : ਪਿਛਲੇ ਪੰਜ ਮਹੀਨਿਆਂ ਤੋਂ ਨਹੀਂ ਹੋਈ ਮੰਤਰੀ ਮੰਡਲ ਦੀ ਬੈਠਕ

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਜਿੱਥੇ ਮੰਤਰੀ ਮੰਡਲ ਦੀ ਬੈਠਕ ਹਰ ਹਫ਼ਤੇ ਕਰਨ ਦੀ ਰਵਾਇਤ ਸੀ, ਤਾਂ ਜੋ ਸਰਕਾਰ ਨੂੰ ਦਰਪੇਸ਼ ਆਉਣ ਵਾਲੇ ਮਾਮਲਿਆਂ ਨੂੰ ਫ਼ੌਰੀ ਤੌਰ ’ਤੇ ਵਿਚਾਰਿਆ ਜਾ ਸਕੇ ਅਤੇ ਨਜਿੱਠਿਆ ਜਾਵੇ ਪਰ ਮੌਜੂਦਾ ਭਗਵੰਤ ਮਾਨ ਸਰਕਾਰ ਵਲੋਂ ਮਗਰਲੇ ਪੰਜ ਮਹੀਨਿਆਂ ਦੌਰਾਨ ਮੰਤਰੀ ਮੰਡਲ ਦੀ ਬੈਠਕ ਕਰਨ ਦੀ ਲੋੜ ਹੀ ਨਹੀਂ ਸਮਝੀ ਗਈ। ਰਾਜ ਮੰਤਰੀ ਮੰਡਲ ਦੀ ਮਗਰਲੀ ਮੀਟਿੰਗ 9 ਮਾਰਚ, 2024 ਨੂੰ ਹੋਈ ਸੀ। ਰਾਜ ਸਰਕਾਰ ਦੀ ਪ੍ਰਸ਼ਾਸਨਿਕ ਮਾਮਲਿਆਂ ਪ੍ਰਤੀ ਦਿਲਚਸਪੀ ਅਤੇ ਕਾਰਜਸ਼ੈਲੀ ਦੀ ਇਹ ਆਪਣੇ ਆਪ ਵਿਚ ਮੂੰਹ ਬੋਲਦੀ ਉਦਾਹਰਨ ਹੈ। ਹਾਲਾਂਕਿ ਸਰਕਾਰ ਦਾ ਤਰਕ ਹੈ ਕਿ ਪਾਰਲੀਮੈਂਟਰੀ ਚੋਣਾਂ ਦਾ ਚੋਣ ਜ਼ਾਬਤਾ 16 ਮਾਰਚ ਤੋਂ ਲਾਗੂ ਹੋ ਗਿਆ ਸੀ, ਜਿਸ ਕਾਰਨ ਬੈਠਕ ਨਹੀਂ ਹੋਈ। ਪ੍ਰੰਤੂ ਚੋਣ ਜ਼ਾਬਤੇ ਕਾਰਨ ਮੰਤਰੀ ਮੰਡਲ ਦੀ ਬੈਠਕ ’ਤੇ ਕਿਸੇ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਹੁੰਦੀ ਅਤੇ ਦੂਸਰਾ ਦੇਸ਼ ਵਿਚ ਪਾਰਲੀਮੈਂਟਰੀ ਚੋਣਾਂ ਲਈ ਚੋਣ ਪ੍ਰਕਿਰਿਆ 5 ਜੂਨ ਨੂੰ ਖ਼ਤਮ ਹੋ ਗਈ ਸੀ। ਸਰਕਾਰ ਵੱਲੋਂ ਉਸ ਤੋਂ ਬਾਅਦ ਵੀ ਮੰਤਰੀ ਮੰਡਲ ਦੀ ਬੈਠਕ ਨਹੀਂ ਕੀਤੀ ਗਈ। ਸੂਚਨਾ ਅਨੁਸਾਰ ਕੁਝ ਉੱਚ ਅਧਿਕਾਰੀ ਮਗਰਲੇ ਕੁਝ ਦਿਨਾਂ ਤੋਂ ਮੰਤਰੀ ਮੰਡਲ ਦੀ ਬੈਠਕ ਲਈ ਯਤਨਸ਼ੀਲ ਸਨ, ਕਿਉਂਕਿ ਸਰਕਾਰੀ ਪੱਧਰ ’ਤੇ ਮੰਤਰੀ ਮੰਡਲ ਵਿਚ ਜਾਣ ਵਾਲੇ ਕਾਫ਼ੀ ਏਜੰਡੇ ਇਕੱਠੇ ਹੋਏ ਪਏ ਹਨ, ਪ੍ਰੰਤੂ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਦੇ ਪੈਰਿਸ ਹਾਕੀ ਮੈਚ ਦੇਖਣ ਲਈ ਜਾਣ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ ਕਾਰਨ ਇਸ ਸਬੰਧੀ ਕੋਈ ਫ਼ੈਸਲਾ ਨਹੀਂ ਹੋ ਸਕਿਆ। ਮੁੱਖ ਮੰਤਰੀ ਜੋ ਪੈਰਿਸ ਵਿਖੇ 4 ਅਗਸਤ ਨੂੰ ਮੈਚ ਵੇਖਣਾ ਚਾਹੁੰਦੇ ਹਨ, 4-5 ਦਿਨ ਬਾਹਰ ਰੁਕ ਸਕਦੇ ਹਨ।

# ਸੰਗੀਤ ਖੇਤਰ ਦਾ ਬੇਸ਼ਕੀਮਤੀ ਹੀਰਾ ‘ਸੰਗੀਤਕਾਰ ਅਮਦਾਦ ਅਲੀ’



**ਜਲੰਧਰ, (ਬਲਦੇਵ ਰਾਹੀ/ਪੰਜਾਬ ਮੇਲ)**- ਸੰਗੀਤ ਅੱਲ੍ਹਾ ਪਾਕ ਦੀ ਅਤਾ ਕੀਤੀ ਹੋਈ ਦਾਤ ਹੈ। ਇਸ ਦੇ ਨਾਲ ਉਹ ਹੀ ਚੰਗਿਆਂ ਨਸੀਬਾਂ ਵਾਲੇ ਇੰਨਸਾਨ ਬਾਵਸਤਾ ਹੁੰਦੇ ਹਨ, ਜਿਨ੍ਹਾਂ ਨੂੰ ਉਹ ਸੱਚਾ ਰੱਬ ਤੌਫ਼ੀਕ ਬਖਸ਼ਦਾ ਹੈ। ਅਸੀਂ ਇੱਥੇ ਗੱਲ ਇੱਕ ਉਸ ਖ਼ਾਨ ਸਾਹਿਬ ਦੀ ਕਰਾਂਗੇ, ਜਿਸਨੇ ਸਟੂਡੀਓ ਵਿਚ ਗਾਇਕ ਕਲਾਕਾਰਾਂ ਦੇ ਗਾਣੇ ਰਿਕਾਰਡ ਕਰਕੇ, ਤਰਾਸ਼ ਕੇ ਪੰਜਾਬੀ ਸਰੋਤਿਆਂ ਦੀ ਝੋਲੀ ਵਿਚ ਪਾਇਆ। ਉਹ ਗੀਤ ਲੋਕਾਂ ਦੀ ਪਸੰਦੀਦਾ ਬਣੇ ਅਤੇ ਕਲਾਕਾਰ ਵੀ ਸਟਾਰ ਬਣੇ। ਉਹ ਨੌਜਵਾਨ ਦੋਆਬੇ ਦੇ ਪਿੰਡ ਮੂਸਾ ਪੁਰ, ਨਵਾਂ ਸ਼ਹਿਰ ਦਾ ਜੰਮਪਲ ਅੱਜਕੱਲ੍ਹ ਮੋਹਾਲੀ, ਚੰਡੀਗੜ੍ਹ ਆਪਣਾ ਸਟੂਡੀਓ ਖੋਲ੍ਹ ਕੇ ਨਾਮ ’ਤੇ ਨਾਵਾਂ ਕਮਾ ਰਿਹਾ ਹੈ। ਇਸ ਆਰਟਿਸਟ ਮੇਕਰ ਮਿਊਜ਼ਿਕ ਡਾਇਰੈਕਟਰ ਦਾ ਨਾਂਅ ਹੈ ਜਨਾਬ ਅਮਦਾਦ ਅਲੀ। ਹੱਸਮੁੱਖ ਸੁਭਾਅ ਦਾ ਮਿਲਣਸਾਰ ਤੇ ਉਂਝ ਸੰਜੀਦਾ ਰਹਿਣ ਵਾਲਾ ਅਮਦਾਦ ਅਲੀ ਨੇ ਬਕਾਇਦਾ ਸਟਾਰ ਗਾਇਕ ਸਿੰਗਰਾਂ ਨਾਲ ਸਟੇਜ ਸ਼ੋਅਜ਼ ਵੀ ਲਾਏ, ਇਸ ਗੁਣ ਦੀ ਬਦੌਲਤ ਉਸ ਨੇ ਪੂਰੀ ਦੁਨੀਆਂ ਦੇ ਚੱਕਰ ਵੀ ਲਾਏ। ਸੰਗੀਤ ਦੀ ਡਿਗਰੀ ਹਾਸਲ ਕਰਨ ਵਾਲੇ ਇਸ ਸੰਗੀਤਕਾਰ ਨੂੰ ਪੰਜਾਬ ਸਰਕਾਰ ਵੱਲੋਂ ਉਸ ਵੇਲੇ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜੀ ਪਾਸੋਂ ਫਿਲਮਾਂ ਵਿਚ ਪਿੱਠਵਰਤੀ ਮਿਊਜ਼ਿਕ ਡਾਇਰੈਕਟਰ ਵਜੋਂ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਕ੍ਰਿਪਾ ਸਦਕਾ ਸਰਵੋਤਮ ਪੁਰਸਕਾਰ ਵੀ ਮਿਲਿਆ। ਸਤਿਕਾਰਤ ਮਾਤਾ ਹਮੀਦਾ ਅਤੇ ਪਿਤਾ ਮੰਨਜ਼ੂਰ ਹੁਸੈਨ ਜੀ ਦਾ ਇਹ ਲਾਡਲਾ ਤੇ ਗੁਣੀਂ ਸਪੁੱਤਰ ਦੇ ਜਿੰਨੇ ਪਿਆਰ ਸਦਕਾ ਕਮਾਏ ਹੋਏ ਮਿੱਤਰਾਂ ਦੀ ਗਿਣਤੀ ਅਤੇ ਰਿਕਾਰਡ ਕੀਤੇ ਸਿੰਗਰਾਂ ਵਿਚ ਕੋਈ ਸੱਜਣ ਰਹਿ ਗਿਆ, ਤਾਂ ਅਗਲੀ ਵਾਰੀ ਜ਼ਿਕਰ ਕਰਾਂਗੇ। ਵਿਸ਼ੇਸ਼ ਤੌਰ ’ਤੇ ਜੱਸੀ ਬੰਗਾਂ, ਮੱਖਣ ਲੋਹਾਰ, ਮਿੰਟੂ ਹੇਅਰ, ਬਾਬਾ ਗੁਲਾਬ ਸਿੰਘ ਜੀ ਅਤੇ ਸ. ਸ਼ਰਨਜੀਤ ਸਿੰਘ ਬੈਂਸ ਹਨ। ਉਸਤਾਦ ਪ੍ਰੋਫੈਸਰ ਸ਼ਮਸ਼ਾਦ ਅਲੀ ਜੀ ਤੋਂ ਸੰਗੀਤ ਦੀਆਂ ਬਾਰੀਕੀਆਂ ਸਿੱਖਣ ਵਾਲੇ ਇਸ ਮਾਣਮੱਤੇ ਮਿਊਜ਼ਿਕ ਡਾਇਰੈਕਟਰ ਅਮਦਾਦ ਅਲੀ ਨੇ ਹੁਣ ਤੱਕ ਜਿਨ੍ਹਾਂ ਗਾਇਕ ਕਲਾਕਾਰਾਂ ਦੀ ਆਵਾਜ਼ ਨੂੰ ਆਪਣੇ ਮਿਊਜ਼ਿਕ ਨਾਲ ਸ਼ਿੰਗਾਰਿਆ, ਉਨ੍ਹਾਂ ਵਿਚ ਹੰਸ ਰਾਜ ਹੰਸ, ਸਰਦੂਲ ਸਿਕੰਦਰ, ਨਛੱਤਰ ਗਿੱਲ, ਰੋਸ਼ਨ ਪ੍ਰਿੰਸ, ਰਣਜੀਤ ਰਾਣਾ, ਆਤਮਾ ਬੁੱਢੇਵਾਲ, ਗੁਰਮਿੰਦਰ ਬਰਾੜ, ਨਿਸ਼ਾ ਬਾਨੋ, ਕਰਮਜੀਤ ਅਨਮੋਲ, ਕੈਮ ਸਿੱਧੂ, ਅਮਰਿੰਦਰ ਬੌਬੀ, ਅਮਨ ਰੋਜ਼ੀ, ਅੰਮ੍ਰਿਤਾ ਵਿਰਕ, ਸੁਰਿੰਦਰ ਲਾਡੀ, ਰਿੱਕ ਨੂਰ, ਬੂਟਾ ਮੁਹੰਮਦ, ਦੁਰਗਾ ਰੰਗੀਲਾ, ਸ਼ੈਰੀ ਵੀ, ਸੁਨੀਲ ਡੋਗਰਾ, ਸੋਨੂੰ ਢਿੱਲੋਂ, ਮਨਜੀਤ ਰੂਪੋਵਾਲੀਆ, ਸੰਗਰਾਮ ਹੰਜਰਾਂ, ਕੁਲਵਿੰਦਰ ਕੈਲੀ, ਗੁਰਲੇਜ਼ ਅਖਤਰ, ਅਖ਼ਤਰ ਅਲੀ ਮਤੋਈ, ਫਿਰੋਜ਼ ਖਾਨ, ਬਾਈ ਭੋਲਾ ਯਮਲਾ, ਕੰਠ ਕਲੇਰ, ਮਾਸ਼ਾ ਅਲੀ, ਜਸਪਿੰਦਰ ਨਰੂਲਾ, ਕੈਲਾਸ਼ ਖੇਰ, ਰਾਹਤ ਫਤਿਹ ਅਲੀ ਖਾਨ, ਸੁਖਵਿੰਦਰ ਸਿੰਘ ਮੁੰਬਈ, ਹਰਸ਼ਦੀਪ ਕੌਰ, ਮਿਸ ਪੂਜਾ, ਸੁੱਚਾ ਰੰਗੀਲਾ ਅਤੇ ਮੰਨਦੀਪ ਮੈਂਡੀ ਵਿਸ਼ੇਸ਼ ਹਨ।



# ਪੰਜਾਬ 'ਚ 'ਆਪ' ਸਰਕਾਰ ਕਰਜ਼ੇ ਚੁੱਕ-ਚੁੱਕ ਲਿਆ ਰਹੀ ਬਦਲਾਅ!

- 'ਆਪ' ਸਰਕਾਰ ਨੇ 700 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕਿਆ
- ਢਾਈ ਸਾਲ ਦੀ ਸਰਕਾਰ ਤੇ 11 ਸਾਲਾਂ ਲਈ ਚੁੱਕਿਆ ਕਰਜ਼ਾ



**ਚੰਡੀਗੜ੍ਹ, (ਪੰਜਾਬ ਮੇਲ)**-ਸੂਬੇ 'ਚ ਬਦਲਾਅ ਦੇ ਨਾਂ 'ਤੇ ਸੱਤਾ 'ਚ ਆਉਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਰਜ਼ੇ ਚੁੱਕ-ਚੁੱਕ ਕੇ ਬਦਲਾਅ ਲਿਆਂਦਾ ਜਾ ਰਿਹਾ ਹੈ। ਇਹ ਗੱਲ ਹੁਣ ਆਮ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ ਕਿ ਕੀ ਮੁੱਖ ਮੰਤਰੀ ਭਗਵੰਤ ਮਾਨ ਕਰਜ਼ਾ ਚੁੱਕ-ਚੁੱਕ ਕੇ ਸੂਬੇ ਨੂੰ ਰੰਗਲਾ ਬਣਾਉਣਗੇ, ਜਿਸ ਦਾ ਉਹ ਹਮੇਸ਼ਾ ਆਪਣੇ ਜਨਤਕ ਭਾਸ਼ਨ 'ਚ ਜ਼ਿਕਰ ਕਰਦੇ ਰਹਿੰਦੇ ਹਨ।

ਸੱਤਾ 'ਚ ਆਉਣ ਤੋਂ ਪਹਿਲਾਂ ਪੰਜਾਬ ਸਿਰ ਚੜ੍ਹੀ ਕਰਜ਼ਿਆਂ ਦੀ ਪੰਡ ਉਤਾਰਨ ਅਤੇ ਹੋਰ ਕਰਜ਼ੇ ਨਾ ਲੈਣ ਦੇ ਦਾਅਵੇ ਕਰਨ ਵਾਲੀ 'ਆਪ' ਸੱਤਾ 'ਚ ਆਉਣ ਮਗਰੋਂ ਪੰਜਾਬ ਸਿਰ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਕਰਦੀ ਦਿਖਾਈ ਦੇ ਰਹੀ ਹੈ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਅਗਸਤ ਮਹੀਨਾ ਚੜ੍ਹਦੇ ਹੀ 700 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕ ਲਿਆ ਹੈ ਅਤੇ ਇਸ ਦੀ ਵਾਪਸੀ 31 ਜੁਲਾਈ 2035 ਤੱਕ ਕਰਨੀ ਤੈਅ ਕੀਤੀ ਗਈ ਹੈ। ਸਰਕਾਰ ਕੋਲ ਮਹਿਜ਼ ਢਾਈ ਸਾਲ ਦੇ ਕਰੀਬ ਸਮਾਂ ਬਾਕੀ ਹੈ ਪਰ ਸਰਕਾਰ ਨੇ ਇਹ ਕਰਜ਼ਾ 11 ਸਾਲਾਂ ਲਈ ਚੁੱਕ ਲਿਆ ਹੈ। ਇਸ ਤੋਂ ਪਹਿਲਾਂ 'ਆਪ' ਦੀ ਸਰਕਾਰ ਨੇ 1 ਅਪ੍ਰੈਲ ਤੋਂ 25 ਜੂਨ ਤੱਕ 12000 ਕਰੋੜ ਦਾ ਕਰਜ਼ਾ ਚੁੱਕਿਆ ਸੀ। ਆਰ.ਬੀ.ਆਈ. ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ 2 ਅਪ੍ਰੈਲ ਨੂੰ 3000 ਕਰੋੜ, 8 ਅਪ੍ਰੈਲ ਨੂੰ 1000 ਕਰੋੜ, 23 ਅਪ੍ਰੈਲ ਨੂੰ 500 ਕਰੋੜ, 30 ਅਪ੍ਰੈਲ ਨੂੰ 1500 ਕਰੋੜ, 7 ਮਈ ਨੂੰ 500 ਕਰੋੜ, 14 ਮਈ ਨੂੰ 1000 ਕਰੋੜ, 28 ਮਈ ਨੂੰ 2000 ਕਰੋੜ, 4 ਜੂਨ ਨੂੰ 1000 ਕਰੋੜ, 11 ਜੂਨ ਨੂੰ 500 ਕਰੋੜ, 18 ਜੂਨ ਨੂੰ 500 ਕਰੋੜ ਅਤੇ 25 ਜੂਨ ਨੂੰ ਫਿਰ 500 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਸੀ।

ਇਸ ਸੰਬੰਧੀ ਵੇਰਵਾ ਸਰਕਾਰ ਵੱਲੋਂ ਆਰ.ਬੀ.ਆਈ. ਨੂੰ ਕਰਜ਼ਾ ਚੁੱਕਣ ਤੋਂ ਪਹਿਲਾਂ ਲਿਖਤੀ ਤੌਰ 'ਤੇ ਭੇਜਿਆ ਗਿਆ ਸੀ ਕਿ ਅਪ੍ਰੈਲ ਤੋਂ ਜੂਨ ਤੱਕ ਸਰਕਾਰ ਇਸ ਮਿਆਦ ਵਿਚ ਇੰਨਾ ਕਰਜ਼ਾ ਚੁੱਕੇਗੀ। ਦੱਸਣਯੋਗ ਹੈ ਕਿ ਬੀਤੇ ਸਾਲ 29 ਦਸੰਬਰ 2023 ਨੂੰ ਪੰਜਾਬ ਸਰਕਾਰ ਨੇ ਆਰ.ਬੀ.ਆਈ. ਨੂੰ ਲਿਖ ਕੇ ਦੇ ਦਿੱਤਾ ਸੀ ਕਿ ਸਰਕਾਰ ਵੱਲੋਂ ਜਨਵਰੀ, ਫਰਵਰੀ ਅਤੇ ਮਾਰਚ ਮਹੀਨੇ ਕਿੰਨਾ ਕਰਜ਼ਾ ਚੁੱਕਿਆ ਜਾਵੇਗਾ, ਜਿਸ ਤਹਿਤ ਸਰਕਾਰ ਵੱਲੋਂ ਜਨਵਰੀ ਅਤੇ ਫਰਵਰੀ ਮਹੀਨੇ ਵਿਚ 3899 ਕਰੋੜ ਰੁਪਏ ਕਰਜ਼ਾ ਚੁੱਕਿਆ ਅਤੇ ਫਿਰ ਮਾਰਚ ਵਿਚ 3800 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕ ਲਿਆ। ਇਹ ਕਰਜ਼ਾ ਪੰਜਾਬ ਸਰਕਾਰ ਵਲੋਂ ਆਰ.ਬੀ.ਆਈ. ਤੋਂ ਰਿਣ ਪੱਤਰਾਂ ਦੀ ਨਿਲਾਮੀ ਦੁਆਰਾ ਚੁੱਕਿਆ ਜਾ ਰਿਹਾ ਹੈ।

## ਨਵੀਂ ਹਲਕਾਬੰਦੀ ਮੁਤਾਬਕ ਨਹੀਂ ਹੋਣਗੀਆਂ ਓਨਟਾਰੀਓ ਵਿਧਾਨ ਸਭਾ ਚੋਣਾਂ

**ਓਨਟਾਰੀਓ, (ਪੰਜਾਬ ਮੇਲ)**- ਓਨਟਾਰੀਓ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ ਫੈਡਰਲ ਹਲਕਾਬੰਦੀ ਮੁਤਾਬਕ ਨਹੀਂ ਹੋਣਗੀਆਂ ਅਤੇ 124 ਸੀਟਾਂ 'ਤੇ ਹੀ ਮੁਕਾਬਲਾ ਹੋਵੇਗਾ। ਪ੍ਰੀਮੀਅਰ ਡਗ ਫੋਰਡ ਨੇ ਕਿਹਾ ਕਿ ਓਨਟਾਰੀਓ ਇਸ ਵਾਰ ਰਵਾਇਤ ਤੋੜ ਰਿਹਾ ਹੈ ਅਤੇ ਫੈਡਰਲ ਸਰਕਾਰ ਦੀ ਨਵੀਂ ਹਲਕਾਬੰਦੀ ਮੁਤਾਬਕ ਵਧੀਆਂ ਹੋਈਆਂ ਸੀਟਾਂ 'ਤੇ ਚੋਣਾਂ ਨਹੀਂ ਕਰਵਾਈਆਂ ਜਾਣਗੀਆਂ। ਡਗ ਫੋਰਡ ਦੇ ਇਸ ਐਲਾਨ ਦਾ ਸਿੱਧਾ ਮਤਲਬ ਇਹ ਵੀ ਨਿਕਲਦਾ ਹੈ ਕਿ ਟੋਰਾਂਟੋ ਸਿਟੀ ਕੌਂਸਲ ਦੀ ਹੱਦਬੰਦੀ ਨਵੇਂ ਸਿਰੇ ਤੋਂ ਨਹੀਂ ਘੜੀ ਜਾਵੇਗੀ ਅਤੇ ਸ਼ਹਿਰ ਵਿਚ 25 ਕੌਂਸਲਰ ਹੀ ਰਹਿਣਗੇ। 2026 ਦੀਆਂ ਮਿਊਂਸਪਲ ਚੋਣਾਂ ਦੌਰਾਨ 25 ਦੀ ਬਜਾਏ 24 ਕੌਂਸਲਰ ਰਹਿ ਜਾਣਗੇ। ਡਗ ਫੋਰਡ ਨੇ ਸਵਾਲੀਆ ਲਹਿਜ਼ੇ ਵਿਚ ਕਿਹਾ ਕਿ ਸਿਰਫ ਇਸ ਕਰਕੇ ਤਬਦੀਲੀ ਕਿਉਂ ਕੀਤੀ ਜਾਵੇ ਕਿ ਫੈਡਰਲ ਸਰਕਾਰ ਨਵੀਂ ਹਲਕਾਬੰਦੀ ਚਾਹੁੰਦੀ ਹੈ। ਲੇਕਰਿੱਜ ਹੈਲਥ ਔਸ਼ਵਾ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਓਨਟਾਰੀਓ ਦੇ ਪ੍ਰੀਮੀਅਰ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕਾਂ ਨੇ ਕੀਤਾ, ਸਰਕਾਰਾਂ ਨੇ ਕੀਤਾ ਪਰ ਮੈਂ ਇਹ ਨਹੀਂ ਕਰਾਂਗਾ। ਬਿਹਤਰ ਇਹੀ ਹੋਵੇਗਾ ਕਿ ਘੱਟ ਤੋਂ ਘੱਟ ਸਿਆਸਤਦਾਨ ਹੋਣ।

# ਬਰਤਾਨੀਆ 'ਚ ਕੱਟੜ ਸੱਜੇ-ਪੱਖੀਆਂ ਦੇ ਨਿਸ਼ਾਨੇ 'ਤੇ ਪ੍ਰਵਾਸੀਆਂ ਦੇ ਟਿਕਾਣੇ

**ਲੰਡਨ, (ਪੰਜਾਬ ਮੇਲ)**- ਉੱਤਰ-ਪੱਛਮੀ ਇੰਗਲੈਂਡ ਦੇ ਸਾਊਥਪੋਰਟ 'ਚ ਤਿੰਨ ਸਕੂਲੀ ਵਿਦਿਆਰਥਣਾਂ ਦੀ ਚਾਕੂ ਮਾਰ ਕੇ ਹੱਤਿਆ ਮਗਰੋਂ ਬਰਤਾਨੀਆ ਦੇ ਕਈ ਸ਼ਹਿਰਾਂ 'ਚ ਦੰਗੇ ਭੜਕ ਗਏ ਹਨ। ਪੁਲਿਸ ਨੇ ਐਤਵਾਰ ਨੂੰ ਰੋਥਰਹੈਮ, ਮਿਡਲਸਬਰੋਅ, ਬੋਲਟਨ ਅਤੇ ਹੋਰ ਕਈ ਹਿੱਸਿਆਂ 'ਚ ਹਿੰਸਕ ਝੜਪਾਂ ਮਗਰੋਂ ਕਮਰ ਕੱਸ ਲਈ ਹੈ। ਕੱਟੜ ਸੱਜੇ-ਪੱਖੀਆਂ 'ਤੇ ਦੰਗੇ ਭੜਕਾਉਣ ਦਾ ਦੋਸ਼ ਲੱਗ ਰਿਹਾ ਹੈ। ਪੁਲਿਸ ਮੁਤਾਬਕ ਹੱਤਿਆ ਕਰਨ ਵਾਲੇ ਨੌਜਵਾਨ ਦੇ ਗ਼ੈਰਕਾਨੂੰਨੀ ਢੰਗ ਨਾਲ ਮੁਲਕ 'ਚ ਆਉਣ ਬਾਰੇ ਸੋਸ਼ਲ ਮੀਡੀਆ 'ਤੇ ਅਫ਼ਵਾਹ ਫੈਲਣ ਮਗਰੋਂ ਪ੍ਰਵਾਸੀ ਵਿਰੋਧੀ ਭੀੜ ਨੇ ਕਈ ਹੋਟਲਾਂ ਅਤੇ ਮਸਜਿਦਾਂ ਨੂੰ ਨਿਸ਼ਾਨਾ ਬਣਾਇਆ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਕ ਬਿਆਨ 'ਚ ਕਿਹਾ, "ਮੈਂ ਕੱਟੜ ਸੱਜੇ-ਪੱਖੀਆਂ ਵੱਲੋਂ ਦੰਗੇ ਭੜਕਾਉਣ ਦੀ ਸਖ਼ਤ ਨਿਖੇਧੀ ਕਰਦਾ ਹਾਂ। ਜਿਹੜੇ ਲੋਕ ਹਿੰਸਾ 'ਚ ਸ਼ਾਮਲ ਹਨ, ਉਨ੍ਹਾਂ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ। ਸਾਰਿਆਂ ਨੂੰ ਹਿੰਸਾ ਦੀ ਨਿਖੇਧੀ ਕਰਨੀ ਚਾਹੀਦੀ ਹੈ। ਇਸ ਮੁਲਕ ਦੇ ਲੋਕਾਂ ਨੂੰ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ। ਮੁਸਲਮਾਨਾਂ ਅਤੇ ਮਸਜਿਦਾਂ 'ਤੇ ਹਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ।" ਗ੍ਰਹਿ ਮੰਤਰੀ ਯਵੇਟੇ ਕੂਪਰ ਨੇ ਕਿਹਾ ਕਿ ਜਿਹੜੇ ਵਿਅਕਤੀ ਹਿੰਸਾ 'ਚ ਸ਼ਾਮਲ ਹਨ, ਉਨ੍ਹਾਂ ਨੂੰ ਕੀਮਤ ਤਾਰਨੀ ਪਵੇਗੀ।

**ਤਿੰਨ ਵਿਦਿਆਰਥਣਾਂ ਦਾ ਕਾਤਲ ਕਾਰਡਿਫ 'ਚ ਹੀ ਜੰਮਿਆ**

ਤਿੰਨ ਵਿਦਿਆਰਥਣਾਂ ਦੀ ਚਾਕੂ ਮਾਰ ਕੇ ਹੱਤਿਆ ਕਰਨ ਵਾਲੇ ਐਕਸੇਲ ਰੂਡਾਕੁਬਾਨਾ (17) ਦਾ ਜਨਮ ਕਾਰਡਿਫ 'ਚ ਰਵਾਂਡਾ ਮੂਲ ਦੇ ਮਾਪਿਆਂ ਦੇ ਘਰ ਹੋਇਆ ਹੈ। ਸੋਸ਼ਲ ਮੀਡੀਆ 'ਤੇ ਅਫ਼ਵਾਹ ਫੈਲੀ ਹੋਈ ਹੈ ਕਿ ਉਹ ਸ਼ਰਨਾਰਥੀ ਸੀ ਅਤੇ ਪਿਛਲੇ ਸਾਲ ਹੀ ਛੋਟੀ ਕਿਸ਼ਤੀ ਰਾਹੀਂ ਇੰਗਲੈਂਡ ਆਇਆ ਸੀ। ਸਾਊਥਪੋਰਟ ਦੇ ਲੋਕਾਂ ਅਤੇ ਮਾਰੀ ਗਈ ਇਕ ਲੜਕੀ ਦੀ ਮਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਦੰਗੇ ਬੰਦ ਕਰ ਦੇਣ ਅਤੇ ਉਨ੍ਹਾਂ ਦੇ ਮਸਲੇ ਦੀ ਆੜ ਹੇਠ ਆਪਣੇ ਹਿੱਤ ਨਾ ਪੂਰੇ ਕਰਨ।

# ਬੀ.ਸੀ. 'ਚ ਨਸ਼ਿਆਂ ਦੀ ਓਵਰਡੋਜ਼ ਕਾਰਨ ਨਾਲ ਰੋਜ਼ਾਨਾ ਹੋ ਰਹੀਆਂ ਨੇ 6 ਮੌਤਾਂ!



- ਮੌਜੂਦਾ ਵਰ੍ਹੇ ਦੇ ਪਹਿਲੇ ਛੇ ਮਹੀਨਿਆਂ ਦੌਰਾਨ 1158 ਲੋਕਾਂ ਨੇ ਗਵਾਈ ਜਾਨ

**ਵੈਨਕੂਵਰ, (ਪੰਜਾਬ ਮੇਲ)**-ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਸੂਬੇ ਵਿਚ ਨਸ਼ਿਆਂ ਦੀ ਓਵਰਡੋਜ਼ ਨਾਲ ਰੋਜ਼ਾਨਾ 6 ਮੌਤਾਂ ਹੋ ਰਹੀਆਂ ਹਨ ਅਤੇ ਮੌਜੂਦਾ ਵਰ੍ਹੇ ਦੇ ਪਹਿਲੇ ਛੇ ਮਹੀਨਿਆਂ ਦੌਰਾਨ 1,158 ਜਣਿਆਂ ਨੇ ਜਾਨ ਗਵਾਈ। ਬੀ.ਸੀ. ਕੌਰੋਨਰਜ਼ ਸਰਵਿਸ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਮਈ ਮਹੀਨੇ ਦੌਰਾਨ 181 ਜਣਿਆਂ ਦੀ ਜਾਨ ਗਈ ਅਤੇ ਜੂਨ ਵਿਚ 185 ਜਣਿਆਂ ਨੇ ਦਮ ਤੋੜਿਆ। ਭਾਵੇਂ ਕੁਲ ਮਿਲਾ ਕੇ ਪਿਛਲੇ ਸਾਲ ਦੇ ਮੁਕਾਬਲੇ ਮੌਤਾਂ ਦੀ ਗਿਣਤੀ 9 ਫ਼ੀਸਦੀ ਘਟੀ ਹੈ ਪਰ ਨਸ਼ਿਆਂ ਕਾਰਨ ਜਾਨ ਗਵਾਉਣ ਵਾਲੀਆਂ ਔਰਤਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ।

ਕਾਰਜਕਾਰੀ ਚੀਫ ਕੌਰੋਨਰ ਜੌਹਨ ਮੈਕਨਮੀ ਦਾ ਕਹਿਣਾ ਸੀ ਕਿ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਕਿਸੇ ਤ੍ਰਾਸਦੀ ਤੋਂ ਘੱਟ ਨਹੀਂ। ਮਈ ਅਤੇ ਜੂਨ ਦੌਰਾਨ ਜਾਨ ਗਵਾਉਣ ਵਾਲਿਆਂ ਵਿਚੋਂ ਅੱਧੇ 30 ਸਾਲ ਤੋਂ 49 ਸਾਲ ਉਮਰ ਵਾਲੇ ਸਨ। ਮੌਜੂਦਾ ਵਰ੍ਹੇ ਦੌਰਾਨ 72 ਫ਼ੀਸਦੀ ਪੁਰਸ਼ਾਂ ਨੇ ਜਾਨ ਗਵਾਈ, ਜਦਕਿ ਔਰਤਾਂ ਦੀ ਗਿਣਤੀ 28 ਫ਼ੀਸਦੀ ਦਰਜ ਕੀਤੀ ਗਈ। ਸਭ ਤੋਂ ਜ਼ਿਆਦਾ ਜਾਨੀ ਨੁਕਸਾਨ ਫੈਂਟਾਨਿਲ ਕਰ ਕੇ ਹੋਇਆ ਅਤੇ 82 ਫ਼ੀਸਦੀ ਟੈਸਟਾਂ ਵਿਚ ਇਹ ਨਸ਼ਾ ਮਿਲਿਆ। ਹੈਰਾਨੀ ਇਸ ਗੱਲ ਦੀ ਹੈ ਕਿ ਨਸ਼ਿਆਂ ਦੀ ਓਵਰਡੋਜ਼ ਕਾਰਨ ਮਰਨ ਵਾਲਿਆਂ ਦੀ ਘੱਟ-ਘੱਟ ਉਮਰ 10 ਸਾਲ ਤੱਕ ਪੁੱਜ ਚੁੱਕੀ ਹੈ, ਜਦਕਿ 59 ਸਾਲ ਦੀ ਉਮਰ ਵਾਲੇ ਵੀ ਇਸ ਖਤਰੇ ਦੇ ਘੇਰੇ ਵਿਚ ਆਉਂਦੇ ਹਨ।

ਬੀ.ਸੀ. ਵਿਚ ਕਤਲ ਦੀਆਂ ਵਾਰਦਾਤਾਂ, ਖੁਦਕੁਸ਼ੀਆਂ, ਸੜਕ ਹਾਦਸਿਆਂ ਅਤੇ ਕੁਦਰਤੀ ਬਿਮਾਰੀਆਂ ਕਾਰਨ ਐਨੇ ਲੋਕਾਂ ਦੀ ਮੌਤ ਨਹੀਂ ਹੁੰਦੀ, ਜਿੰਨੀ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋ ਰਹੀ ਹੈ। ਔਰਤਾਂ ਦੀ ਮੌਤ ਦਾ ਅੰਕੜਾ ਸਾਲ 2020 ਮਗਰੋਂ ਤਕਰੀਬਨ ਦੁੱਗਣਾ ਹੋ ਗਿਆ ਹੈ। ਚਾਰ ਸਾਲ ਪਹਿਲਾਂ ਇਕ ਲੱਖ ਦੀ ਵਸੋਂ ਪਿੱਛੇ 13 ਔਰਤਾਂ ਦੀ ਮੌਤ ਹੋ ਰਹੀ ਸੀ, ਜਦਕਿ ਇਸ ਵੇਲੇ ਇਕ ਲੱਖ ਪਿੱਛੇ 23 ਔਰਤਾਂ ਦੀ ਜਾਨ ਜਾ ਰਹੀ ਹੈ। ਬੀ.ਸੀ. ਦੀ ਮੈਂਟਲ ਹੈਲਥ ਅਤੇ ਐਡਿਕਸ਼ਨਜ਼ ਮਾਮਲਿਆਂ ਬਾਰੇ ਮੰਤਰੀ ਜੈਨੀਫਰ ਵਾਈਟਸਾਈਡ ਵੱਲੋਂ ਤਾਜ਼ਾ ਅੰਕੜਿਆਂ ਨੂੰ ਖ਼ਤਰਨਾਕ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਹਤਰ ਤੋਂ ਬਿਹਤਰ ਸੇਵਾਵਾਂ ਮੁਹੱਈਆ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਦੇ ਨਾਲ ਹੀ ਸੰਪਰਕ ਦੇ ਵਧੇਰੇ ਤਰੀਕਿਆਂ ਦੀ ਭਾਲ ਵੀ ਕੀਤੀ ਜਾ ਰਹੀ ਹੈ, ਤਾਂਕਿ ਜ਼ਰੂਰਤ ਮਹਿਸੂਸ ਹੋਣ 'ਤੇ ਲੋਕਾਂ ਦੀ ਸੰਭਾਲ ਕੀਤੀ ਜਾ ਸਕੀ। ਸੂਬੇ ਵਿਚ ਅੱਠ ਸਾਲ ਪਹਿਲਾਂ ਪਬਲਿਕ ਹੈਲਥ ਐਮਰਜੈਂਸੀ ਐਲਾਨੇ ਜਾਣ ਮਗਰੋਂ ਤਕਰੀਬਨ 15 ਹਜ਼ਾਰ ਜਾਨਾਂ ਜਾ ਚੁੱਕੀਆਂ ਹਨ।

ਸਫਾ 1 ਦਾ ਬਾਕੀ

## ਕਮਲਾ ਹੈਰਿਸ ਨੇ ਰਾਸ਼ਟਰਪਤੀ...

ਡੋਨਾਲਡ ਮੂਲ ਰੂਪ ਵਿਚ ਜਮਾਇਕਾ ਦਾ ਰਹਿਣ ਵਾਲਾ ਸੀ। ਕਮਲਾ ਹੈਰਿਸ ਨੇ 2010 ਵਿਚ ਅਟਾਰਨੀ ਜਨਰਲ ਬਣਨ ਤੋਂ ਪਹਿਲਾਂ ਬੇ ਏਰੀਆ ਵਿਚ ਇੱਕ ਸਰਕਾਰੀ ਵਕੀਲ ਵਜੋਂ ਕੰਮ ਕੀਤਾ ਸੀ ਅਤੇ ਉਹ 2016 ਵਿਚ ਸੈਨੇਟਰ ਚੁਣੀ ਗਈ ਸੀ।

ਕਮਲਾ ਹੈਰਿਸ ਨੇ ਮਿਨੀਸੋਟਾ ਸੂਬੇ ਦੇ ਗਵਰਨਰ ਟਿਮ ਵਾਲਜ਼ ਨੂੰ ਡੈਮੋਕਰੇਟਿਕ ਉਪ-ਰਾਸ਼ਟਰਪਤੀ ਉਮੀਦਵਾਰ ਦੇ ਵਜੋਂ ਚੁਣਿਆ ਹੈ। ਟਿਮ ਵਾਲਜ਼ ਨੇ ਆਰਮੀ ਨੈਸ਼ਨਲ ਗਾਰਡ ਵਜੋਂ 24 ਸਾਲ ਅਤੇ ਵਿਧਾਨ ਸਭਾ ਵਿਚ 12 ਸਾਲ ਤੱਕ ਸੇਵਾ ਕੀਤੀ। ਕਮਲਾ ਹੈਰਿਸ ਦੀ ਅਧਿਕਾਰਤ ਤੌਰ 'ਤੇ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਪੁਸ਼ਟੀ ਕੀਤੀ ਗਈ ਹੈ। ਟਿਮ ਵਾਲਜ਼ ਮਿਨੀਸੋਟਾ ਜ਼ਿਲ੍ਹੇ ਤੋਂ 2006 ਵਿਚ ਪਹਿਲੀ ਵਾਰ ਕਾਂਗਰਸ ਲਈ ਚੁਣੇ ਗਏ। 12 ਸਾਲਾਂ ਤੱਕ ਅਮਰੀਕੀ ਵਿਧਾਨ ਸਭਾ ਵਿਚ ਸੇਵਾ ਨਿਭਾਉਣ ਵਾਲੇ ਵਾਲਜ਼ ਨੂੰ 2018 ਵਿਚ ਮਿਨੀਸੋਟਾ ਦਾ ਗਵਰਨਰ ਚੁਣਿਆ ਗਿਆ ਸੀ।

ਵੈਸਟ ਪੁਆਇੰਟ ਤੋਂ ਛੋਟੇ-ਕਸਬੇ ਨੇਬਰਾਸਕਾ ਵਿਚ ਜੰਮੇ, ਵਾਲਜ਼ ਨੇ ਇੱਕ ਸਮਾਜਿਕ ਅਧਿਐਨ ਅਧਿਆਪਕ ਅਤੇ ਫੁੱਟਬਾਲ ਦੇ ਕੋਚ ਵਜੋਂ ਕੰਮ ਕੀਤਾ। ਰਾਜਨੀਤੀ ਵਿਚ ਆਉਣ ਤੋਂ ਪਹਿਲਾਂ, ਉਹ ਮਿਨੀਸੋਟਾ ਵਿਚ ਮੈਨਕਾਟੋ ਵੈਸਟ ਹਾਈ ਸਕੂਲ ਯੂਨੀਅਨ ਦਾ ਮੈਂਬਰ ਸੀ। ਵਾਜ਼ ਨੇ 24 ਸਾਲ ਆਰਮੀ ਨੈਸ਼ਨਲ ਗਾਰਡ ਵਿਚ ਕੰਮ ਕੀਤਾ ਸੀ। ਉਨ੍ਹਾਂ ਦੀ ਚੋਣ ਨਾਲ ਦੇਸ਼ ਦੇ ਪੱਛਮੀ ਮੱਧ ਖੇਤਰ ਵਿਚ ਡੈਮੋਕ੍ਰੇਟਿਕ ਪਾਰਟੀ ਨੂੰ ਨਵਾਂ ਹੁਲਾਰਾ ਮਿਲਣ ਦੀ ਪੂਰੀ ਉਮੀਦ ਹੈ।

ਸਫਾ 1 ਦਾ ਬਾਕੀ

## ਅਕਾਲੀ ਦਲ ਦਾ ਜਨਰਲ ਡੈਲੀਗੇਟ ਇਜਲਾਸ ਨਵੰਬਰ ਮਹੀਨੇ 'ਚ...

ਮੀਟਿੰਗ 'ਚ ਫੈਸਲਾ ਹੋਇਆ ਹੈ ਕਿ ਅਕਾਲੀ ਦਲ ਦਾ ਪੰਥਕ ਏਜੰਡਾ ਜਿਵੇਂ ਕਿ ਪੰਜਾਬ ਤੇ ਦੇਸ਼ ਨੂੰ ਗੰਭੀਰ ਚੁਣੌਤੀਆਂ, ਜੋ ਸੂਬੇ ਦੀਆਂ ਚੁਣੌਤੀਆਂ, ਖੇਤੀ ਸੰਕਟ, ਵਾਤਾਵਰਨ ਦੀ ਹਾਲਤ 'ਤੇ, ਸਿੱਖਿਆ ਅਤੇ ਸਿਹਤ ਵਾਸਤੇ ਕਿਹੜੀ ਪੌਲਿਸੀ ਹੋਣੀ ਚਾਹੀਦੀ, ਪੰਜਾਬ ਤੇ ਸਿੱਖ ਡਾਇਸਪੋਰਾ ਜੋ ਵਿਦੇਸ਼ਾਂ 'ਚ ਬੈਠਾ ਹੈ, ਉਨ੍ਹਾਂ ਦੀਆਂ ਮੁਸ਼ਕਲਾਂ ਅਤੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਲਈ ਕੀ ਕੀਤਾ ਜਾ ਸਕਦਾ ਅਤੇ ਦਲਿਤਾਂ ਦੀਆਂ ਕੀ ਮੁਸ਼ਕਲਾਂ ਹਨ। ਇਨ੍ਹਾਂ ਸਾਰੇ ਮਸਲਿਆਂ 'ਤੇ ਤਿੰਨ ਰੋਜ਼ਾ ਅਕਾਲੀ ਦਲ ਜਨਰਲ ਇਜਲਾਸ ਵਿਚ ਵਿਚਾਰਿਆ ਜਾਵੇਗਾ।

ਸਫਾ 1 ਦਾ ਬਾਕੀ

## ਅਮਰੀਕੀ ਆਗੂਆਂ ਦੀ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਹੇਠ ਵਿਅਕਤੀ ਗ੍ਰਿਫ਼ਤਾਰ...

ਤੱਕ ਇਸ ਬਾਰੇ ਕੋਈ ਸਬੂਤ ਹਾਸਲ ਨਹੀਂ ਹੋਇਆ ਕਿ ਉਸ ਦਾ ਸੰਬੰਧ ਟਰੰਪ 'ਤੇ ਹਮਲਾ ਕਰਨ ਵਾਲੇ 20 ਸਾਲਾ ਮੈਥਿਊ ਕਰੂਕਸ ਨਾਲ ਵੀ ਸੀ ਜਾਂ ਨਹੀਂ। ਨਜ਼ਰਬੰਦੀ ਤੋਂ ਬਾਅਦ ਆਸਿਫ ਰਜ਼ਾ ਮਰਚੈਂਟ ਸੁਰੱਖਿਆ ਦਸਤਿਆਂ ਨਾਲ ਸਹਿਯੋਗ ਕਰ ਰਿਹਾ ਹੈ।

ਸਫਾ 1 ਦਾ ਬਾਕੀ

## ਅਮਰੀਕੀ ਸੰਸਦ ਮੈਂਬਰਾਂ ਵੱਲੋਂ ਓਕ ਕਰੀਕ ਗੁਰਦੁਆਰਾ ਗੋਲੀਬਾਰੀ ਦੇ ਪੀੜਤਾਂ ਨੂੰ...

ਭਾਈਚਾਰੇ ਦੇ 7 ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ। ਬਿਆਨ ਵਿਚ ਕਿਹਾ ਗਿਆ ਹੈ, "ਰਾਜਦੂਤ ਨੇ ਪੀੜਤਾਂ ਦੇ ਪਰਿਵਾਰਾਂ, ਕਮਿਊਨਿਟੀ ਮੈਂਬਰਾਂ ਅਤੇ ਗੁਰਦੁਆਰਾ ਸੇਵਾਦਾਰਾਂ ਨਾਲ ਮਿਲ ਕੇ ਆਪਣੀਆਂ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਹਾਸ਼ੀਏ 'ਤੇ ਪਏ ਭਾਈਚਾਰਿਆਂ ਵਿਰੁੱਧ ਨਫ਼ਰਤ ਨਾਲ ਲੜਨ ਲਈ ਚੱਲ ਰਹੇ ਯਤਨਾਂ 'ਤੇ ਚਰਚਾ ਕੀਤੀ।" ਥਾਮਸ-ਗ੍ਰੀਨਫੀਲਡ ਨੇ ਧਾਰਮਿਕ ਸੁਤੰਤਰਤਾ ਨੂੰ ਵਧਾਵਾ ਦੇਣ ਲਈ ਬਾਇਡਨ-ਹੈਰਿਸ ਪ੍ਰਸ਼ਾਸਨ ਅਤੇ ਸੰਯੁਕਤ ਰਾਸ਼ਟਰ ਦੀਆਂ ਕੋਸ਼ਿਸ਼ਾਂ ਨੂੰ ਦੁਹਰਾਇਆ।

ਜ਼ਿਕਰਯੋਗ ਹੈ ਕਿ 5 ਅਗਸਤ, 2012 ਨੂੰ ਜਦੋਂ ਸ਼ਰਧਾਲੂ ਓਕ ਕਰੀਕ ਦੇ ਗੁਰਦੁਆਰਾ ਸਾਹਿਬ ਵਿਖੇ ਐਤਵਾਰ ਦੀ ਸਭਾ ਦੀ ਤਿਆਰੀ ਲਈ ਇਕੱਠੇ ਹੋ ਰਹੇ ਸਨ, ਤਾਂ ਉਦੋਂ ਹੀ ਵੇਡ ਮਾਈਕਲ ਪੇਜ (40) ਗੁਰਦੁਆਰੇ ਵਿਚ ਦਾਖਲ ਹੋਇਆ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਹਮਲੇ ਵਿਚ ਸੁਵੇਗ ਸਿੰਘ ਖਟੜਾ (84), ਸਤਵੰਤ ਸਿੰਘ ਕਾਲੇਕਾ (65), ਰਣਜੀਤ ਸਿੰਘ (49), ਸੀਤਾ ਸਿੰਘ (41), ਪਰਮਜੀਤ ਕੌਰ (41), ਪ੍ਰਕਾਸ਼ ਸਿੰਘ (39) ਅਤੇ ਬਾਬਾ ਪੰਜਾਬ ਸਿੰਘ (72) ਦੀ ਮੌਤ ਹੋ ਗਈ ਸੀ। ਇਲੀਨੋਇਸ ਦੇ ਕਾਂਗਰਸਮੈਨ ਰਾਜਾ ਕ੍ਰਿਸ਼ਨਮੂਰਤੀ ਨੇ ਕਿਹਾ ਕਿ ਵਿਸਕਾਨਸਿਨ ਦੇ ਓਕ ਕ੍ਰੀਕ ਗੁਰਦੁਆਰੇ ਵਿਚ ਨਫ਼ਰਤ ਅਤੇ ਕੱਟੜਤਾ ਤੋਂ ਪ੍ਰੇਰਿਤ ਇੱਕ ਗੋਰੇ ਸਰਬੋਤਮਵਾਦੀ ਦੁਆਰਾ ਗੋਲੀਬਾਰੀ ਵਿਚ ਇੱਕ ਸਿੱਖ ਅਮਰੀਕੀ ਦੀ ਮੌਤ ਹੋ ਗਈ ਅਤੇ ਹੋਰ ਜ਼ਖਮੀ ਹੋ ਗਏ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

## ਬੰਗਲਾਦੇਸ਼ 'ਚ ਤਖਤਾਪਲਟ ਅਤੇ...

'ਤੇ ਧਿਆਨ ਨਾਲ ਨਜ਼ਰ ਰੱਖ ਰਹੇ ਹਾਂ। ਅਸੀਂ ਅਮਰੀਕਾ ਦੇ ਲੋਕਾਂ ਦੇ ਨਾਲ ਖੜ੍ਹੇ ਹਾਂ। ਬੰਗਲਾਦੇਸ਼ ਅਤੇ ਸਾਰੀਆਂ ਧਿਰਾਂ ਨੂੰ ਆਉਣ ਵਾਲੇ ਹਫ਼ਤਿਆਂ ਵਿਚ ਹੋਰ ਹਿੰਸਾ ਤੋਂ ਬਚਣ ਦੀ ਅਪੀਲ ਕਰਦੇ ਹਾਂ ਅਤੇ ਅਸੀਂ ਬੰਗਲਾਦੇਸ਼ ਦੇ ਕਾਨੂੰਨਾਂ ਦੇ ਅਨੁਸਾਰ ਕਿਸੇ ਵੀ ਤਰ੍ਹਾਂ ਦੇ ਬਦਲਾਅ ਕੀਤੇ ਜਾਣ ਦੀ ਅਪੀਲ ਕਰਦੇ ਹਾਂ। ਪਿਛਲੇ ਹਫ਼ਤਿਆਂ ਵਿਚ,

ਬੰਗਲਾਦੇਸ਼ ਵਿਚ ਅਰਾਜਕਤਾ ਦੀ ਸਥਿਤੀ ਵਿਚ, ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਸ਼ੇਖ ਹਸੀਨਾ ਦਾ ਹੈਲੀਕਾਪਟਰ ਤ੍ਰਿਪੁਰਾ ਦੀ ਰਾਜਧਾਨੀ ਅਗਰਤਲਾ ਵਿਚ ਉਤਰਿਆ ਵਿਸ਼ੇਸ਼ ਜਹਾਜ਼ ਰਾਹੀਂ ਗਾਜ਼ੀਆਬਾਦ ਦੇ ਹਿੰਡਨ ਏਅਰਬੇਸ ਪਹੁੰਚਿਆ। ਇਸ ਦੇ ਨਾਲ ਹੀ ਬੰਗਲਾਦੇਸ਼ ਦੀ ਫੌਜ ਨੇ ਦੇਸ਼ ਦੀ ਕਮਾਨ ਆਪਣੇ ਹੱਥਾਂ ਵਿਚ ਲੈ ਲਈ ਹੈ।

ਬੰਗਲਾਦੇਸ਼ ਦੇ ਫੌਜ ਮੁਖੀ ਵਕਾਰ-ਉਜ਼-ਜ਼ਮਾਨ ਨੇ ਕਿਹਾ ਕਿ ਹਸੀਨਾ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਅੰਤਰਿਮ ਸਰਕਾਰ ਕਾਰਜਭਾਰ ਸੰਭਾਲਣ ਜਾ ਰਹੀ ਹੈ। ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਢਾਕਾ ਵਿਚ ਉਸ ਦੀ ਸਰਕਾਰੀ ਰਿਹਾਇਸ਼ ਨੂੰ ਲੁੱਟਿਆ ਅਤੇ ਭੰਨਤੋੜ ਕੀਤੀ। ਪਿਛਲੇ ਦਿਨਾਂ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿਚ 150 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਪਿਛਲੇ ਮਹੀਨੇ ਸ਼ੁਰੂ ਹੋਏ ਇਹ ਪ੍ਰਦਰਸ਼ਨ ਵਿਵਾਦਤ ਕੋਟਾ ਪ੍ਰਣਾਲੀ ਦੇ ਖਿਲਾਫ ਸਨ। 1971 ਵਿਚ ਪਾਕਿਸਤਾਨ ਦੇ ਖਿਲਾਫ ਬੰਗਲਾਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਲੜਨ ਵਾਲਿਆਂ ਦੇ ਪਰਿਵਾਰਾਂ ਲਈ ਸਰਕਾਰੀ ਨੌਕਰੀਆਂ 'ਚ 30 ਪ੍ਰਤੀਸ਼ਤ ਰਾਖਵਾਂਕਰਨ ਪ੍ਰਦਾਨ ਕਰਨ ਵਾਲੀ ਕੋਟਾ ਪ੍ਰਣਾਲੀ ਨੂੰ ਖਤਮ ਕਰਨ ਦੀ ਮੰਗ ਨਾਲ ਸ਼ੁਰੂ ਹੋਇਆ ਇਹ ਵਿਰੋਧ ਪ੍ਰਦਰਸ਼ਨ ਬਾਅਦ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿਚ ਬਦਲ ਗਿਆ।

# 'ਮੋਰਚਾ ਗੁਰੂ ਕਾ ਬਾਗ'

ਪ੍ਰਮਿੰਦਰ ਸਿੰਘ ਪ੍ਰਵਾਨਾ
ਕੈਲੀਫੋਰਨੀਆ
510-415-9377
ਪੰਜਾਬ ਮੇਲUSA



ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ, ਜਿਸ ਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰੇ ਕਰਦੇ ਮਨੁੱਖੀ ਕਦਰਾਂ-ਕੀਮਤਾਂ, ਹੱਕ-ਸੱਚ, ਨਿਆਂ, ਸਵੈ-ਮਾਣ, ਸਵੈ-ਰੱਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫੌਜੀ ਖਾਲਸਾ ਤਿਆਰ ਹੋਇਆ, ਜਿਸ ਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ-ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖਾਲਸਾ ਰਾਜ ਸਥਾਪਿਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਅ ਲਾਉਣ ਦੀ ਸਾਜ਼ਿਸ਼ ਰਚਾ ਲਈ, ਜਿਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ 'ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ, ਜਿਨ੍ਹਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯੈਸ਼ੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨਤਾਰਨ, ਜੈਤੋ, ਮੋਰਚਾ ਗੁਰੂ ਕਾ ਬਾਗ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ-ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਨ੍ਹਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲ੍ਹਿਆ।

ਇਨ੍ਹਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕੇ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ 'ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਥਾਪਤ ਹਨ। ਇਨ੍ਹਾਂ ਗੁਰਧਾਮਾਂ ਦੇ ਨਾਉਂ ਕਾਫੀ ਜ਼ਮੀਨ ਸੀ। ਮਹੰਤ ਸੁੰਦਰ ਦਾ ਕਬਜ਼ਾ ਸੀ, ਜੋ ਇਕ ਦੁਰਚਾਰੀ ਅਤੇ ਅਯੈਸ਼ੀ ਸੀ। ਉਸ ਨੂੰ ਅੰਗਰੇਜ਼ਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ, 1921 ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਬਾਅਦ 08 ਅਗਸਤ, 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ, ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ "ਮੋਰਚਾ ਗੁਰੂ ਕਾ ਬਾਗ" ਆਰੰਭ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੁਰਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਲਈ ਭੇਜਿਆ ਜਾਣ ਲੱਗਾ, ਜਿਸ ਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫ਼ਤਾਰੀਆਂ ਦੀ ਗਿਣਤੀ ਵੱਧਦੀ ਗਈ, ਤਾਂ ਪੁਲਿਸ ਦੀ ਸਖਤੀ ਵੀ ਵੱਧਦੀ ਗਈ। ਫਿਰ 31 ਅਗਸਤ, 1922 ਨੂੰ 200 ਅਕਾਲੀਆਂ ਦਾ ਜੱਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾਂ, ਘੂਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਸਿੱਖਾਂ ਦੀ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜੱਥਿਆਂ ਦੀ ਵੀ ਕੁੱਟਮਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧਰੂ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜੱਥਾ, ਫਿਰ 100 ਦਾ ਜੱਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਨ੍ਹਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਨ੍ਹਾਂ 'ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ 'ਤੇ ਹੰਢਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਂਸਲਾ ਕਰਕੇ ਫਿਰ ਉੱਠਦੇ, ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ, ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ 'ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤੀਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਜਨਤਾ ਅਤੇ ਨੇਤਾ ਗੁਰੂ ਕੇ ਬਾਗ ਪਹੁੰਚਣ ਲੱਗੇ। ਜਿਨ੍ਹਾਂ ਵਿਚ ਮਦਨ ਮੋਹਨ ਮਾਲਵੀਆ, ਸੀ.ਐੱਫ. ਐਂਡਰਿਊਜ਼, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਨ, ਸਯਦ ਅਤਾਉਲਾ ਸ਼ਾਹ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜ਼ਮਲ ਖਾਂ, ਸਵਾਮੀ ਸ਼ਰਧਾ ਨੰਦ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਿਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜ੍ਹਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਹ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ.ਐੱਫ. ਐਂਡਰਿਊਜ਼ ਜਿਸ ਨੇ ਇਕ ਮਸੀਹਾ ਸੂਲੀ ਚੜ੍ਹਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਵੇਖ ਕੇ ਰੋ ਪਿਆ। ਉਸ ਨੇ ਅਖਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਹ ਇਕ ਹਿਰਦੇਵੇਦਕ ਘਟਨਾ ਹੈ, ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜ਼ੀ ਫਿਲਮਸਾਜ਼ ਏ.ਐੱਲ. ਵਰਗਸ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ। ਸਰ ਐਡਵਰਡ ਮੈਲਾਗਮ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸ ਦੇ ਦਖਲ ਨਾਲ ਸਿੰਘਾਂ 'ਤੇ ਡਾਂਗਾਂ ਵਰਨੀਆਂ ਤਾਂ ਬੰਦ ਹੋ ਗਈ। ਪਰ ਗ੍ਰਿਫ਼ਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਏ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜ਼ਿੰਮਾ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾਅ ਹੋ ਗਏ ਤੇ ਮੋਰਚਾ ਸਫਲ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫ਼ਤਾਰ ਹੋਏ ਸਨ, ਜਿਨ੍ਹਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ 'ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾਂ ਲਈ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ 'ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਦ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁਲਿਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ ਮਿਲਦੀ ਹੈ। ਇਹ ਇਕ ਗੌਰਵਮਈ ਸਫਲ ਇਤਿਹਾਸਕ ਮੋਰਚਾ ਹੋ ਨਿਬੜਿਆ।



# ਸਰਵਪੱਖੀ ਵਿਕਾਸ ਵਿਚ ਨੌਜਵਾਨਾਂ ਦੀ ਭੂਮਿਕਾ

-ਡਾ. ਸਰਬਜੀਤ ਸਿੰਘ
ਸਬ ਲੈਫਟੀਨੈਂਟ
1 ਪੰਜਾਬ ਨੇਵਲ ਯੂਨਿਟ
ਐਨ.ਸੀ.ਸੀ., ਨੰਗਲ
94176-26925
ਪੰਜਾਬ ਮੇਲUSA



ਹਰੇਕ ਸਾਲ 12 ਅਗਸਤ ਨੂੰ ਨੌਜਵਾਨਾਂ ਦੇ ਦਿਨ ਵਜੋਂ ਮਨਾਇਆ ਜਾਂਦਾ ਹੈ। ਇਸ ਵਾਰ ਇਹ ਦਿਨ ਖਾਸ ਥੀਮ ਦੇ ਅੰਤਰਗਤ ਮਨਾਇਆ ਜਾ ਰਿਹਾ ਹੈ, ਜਿਸ ਵਿਚ ਕਿਸੇ ਵੀ ਦੇਸ਼ ਦੇ ਵਿਕਾਸ ਵਿਚ ਨੌਜਵਾਨਾਂ ਦੀ ਅਹਿਮੀਅਤ ਬਾਰੇ ਦੱਸਿਆ ਗਿਆ ਹੈ। ਇੱਕ ਵਿਚਾਰ ਅਨੁਸਾਰ ਹੁਣ ਡਿਜੀਟਲ ਯੁੱਗ ਹੈ, ਜੋ ਕਿ ਭਾਰਤ ਵਰਗੇ ਦੇਸ਼ਾਂ ਨੂੰ ਕਈ ਪੱਖਾਂ ਤੋਂ ਬਦਲ ਰਿਹਾ ਹੈ। ਇਹ ਸਮਾਂ ਵਿਕਾਸ ਦੇ ਨਜ਼ਰੀਏ ਤੋਂ ਬੇਸ਼ੁਮਾਰ ਮੌਕੇ, ਦੇਸ਼ ਲਈ ਪ੍ਰਦਾਨ ਕਰ ਰਿਹਾ ਹੈ। ਸਥਾਈ ਵਿਕਾਸ ਟੀਚਿਆਂ ਤੱਕ ਪਹੁੰਚਣ ਵਿਚ ਮੋਬਾਈਲ ਯੰਤਰਾਂ, ਡਿਜੀਟਲ ਸੇਵਾਵਾਂ ਅਤੇ ਮਸ਼ੀਨੀ ਬੁੱਧੀ ਵਰਗੀਆਂ ਤਕਨਾਲੋਜੀਆਂ ਮਹੱਤਵਪੂਰਨ ਹਨ। ਡਿਜੀਟਲ ਆਦਾਨ-ਪ੍ਰਦਾਨ, ਦੁਆਰਾ ਤਿਆਰ ਕੀਤਾ ਗਿਆ ਡੇਟਾ, ਸਬੂਤ ਆਧਾਰਿਤ ਫੈਸਲੇ ਲੈਣ ਦੇ ਸਮਰੱਥ ਬਣਾਉਣ ਵਿਚ ਆਪਣੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਹ ਤਬਦੀਲੀ ਆਰਥਿਕ, ਸਮਾਜਿਕ ਅਤੇ ਵਾਤਾਵਰਨ ਦੇ ਪਹਿਲੂਆਂ ਨੂੰ ਪ੍ਰਭਾਵਿਤ ਕਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਇਹ ਤਕਨੀਕ ਅਤੇ ਡੇਟਾ ਨਾ ਸਿਰਫ਼ ਵਿਕਾਸ ਦੇ ਟੀਚਿਆਂ ਨੂੰ ਪ੍ਰਭਾਵਤ ਕਰਦੇ ਹਨ, ਬਲਕਿ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਲਾਗਤ ਨੂੰ ਘਟਾਉਣ ਦੀ ਸਮਰੱਥਾ ਰੱਖਦੇ ਹਨ। ਸੰਭਾਵਤ ਤੌਰ 'ਤੇ ਇਹ ਤਕਨੀਕ ਪੂਰੇ ਸੰਸਾਰ ਵਿਚ ਕਈ ਟ੍ਰਿਲੀਅਨ ਤੱਕ ਪੈਸੇ ਦੀ ਬਚਤ ਕਰਦੀ ਹੈ। ਭਾਰਤ ਵਿਚ, ਨੌਜਵਾਨ ਵਰਗ, ਖਾਸ ਤੌਰ 'ਤੇ 15 ਤੋਂ 24 ਸਾਲ ਦੀ ਉਮਰ ਦੇ ਲੋਕ, ਇਸ ਡਿਜੀਟਲ ਕ੍ਰਾਂਤੀ ਵਿਚ ਸਭ ਤੋਂ ਅਹਿਮ ਰੋਲ ਨਿਭਾ ਸਕਦੇ ਹਨ। ਸਾਲ 2022 ਵਿਚ ਇਸ ਉਮਰ ਸਮੂਹ ਦੇ ਤਕਰੀਬਨ ਤਿੰਨ-ਚੌਥਾਈ ਇੰਟਰਨੈੱਟ ਉਪਭੋਗਤਾ ਸਨ। ਇਹ ਉਪਭੋਗਤਾ, ਦੂਜੀ ਜਨਸੰਖਿਆ ਦੇ ਮੁਕਾਬਲੇ ਇੰਟਰਨੈੱਟ ਵਰਤਣ ਵਾਲਿਆਂ ਦੀ ਗਿਣਤੀ ਦੀ ਉੱਚ ਦਰ ਨੂੰ ਦਰਸਾਉਂਦੇ ਹਨ। ਇਹ ਆਮ ਧਾਰਨਾ ਦਰਸਾਈ ਜਾਂਦੀ ਹੈ ਕਿ ਨੌਜਵਾਨ ਇਸ ਖੇਤਰ ਵੱਲ ਆਪਣੀ ਰੁਚੀ ਵੱਧ ਰੱਖ ਰਹੇ ਹਨਨੂੰ ਸਮਕਾਲ ਦੇ ਵਿਚ ਨੌਜਵਾਨ ਲੋਕ, ਜਿਨਾਂ ਨੂੰ ਡਿਜੀਟਲ ਤਬਦੀਲੀ ਦੇ ਸੂਚਕ ਕਿਹਾ ਜਾਂਦਾ ਹੈ, ਸਮਾਜਿਕ ਬਦਲਾਅ ਅਤੇ ਨਵਾਂ ਸਿੱਖਣ ਲਈ ਤਕਨਾਲੋਜੀ ਦਾ ਲਾਭ ਉਠਾ ਰਹੇ ਹਨ। ਇਸ ਵਿਕਾਸ ਦੇ ਬਾਵਜੂਦ, ਖਾਸ ਤੌਰ 'ਤੇ ਸ਼ਹਿਰਾਂ ਦੇ ਮੁਕਾਬਲੇ ਪੇਂਡੂ ਖੇਤਰਾਂ ਅਤੇ ਨੌਜਵਾਨਾਂ ਦੇ ਮੁਕਾਬਲੇ ਲੜਕੀਆਂ ਵਿਚ ਭਿੰਨਤਾਵਾਂ ਹਨ। ਸਮਾਜ ਦੇ ਵਿਚ ਮੌਜੂਦ ਇਨ੍ਹਾਂ ਸਮੂਹਾਂ ਨੂੰ ਇੰਟਰਨੈੱਟ ਤੱਕ ਪਹੁੰਚ ਕਰਨ ਅਤੇ ਡਿਜੀਟਲ ਕੰਮਕਾਜ ਨੂੰ ਵਿਕਸਤ ਕਰਨ ਵਿਚ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਰੁਕਾਵਟ, ਉਨ੍ਹਾਂ ਦੇ ਡਿਜੀਟਲ ਵਿਕਾਸ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਅਤੇ ਲਾਭ ਲੈਣ ਦੀ ਯੋਗਤਾ ਵਿਚ ਸਮੱਸਿਆ ਬਣ ਸਕਦੀ ਹੈ।

ਡਿਜੀਟਲ ਨਿਵੇਸ਼ ਦੀ ਮਹੱਤਤਾ ਨੂੰ ਵੱਧ ਤੋਂ ਵੱਧ ਤਾਂ ਹੀ ਪ੍ਰਚਾਰ ਕੀਤਾ ਜਾ ਸਕਦਾ ਹੈ, ਜੇਕਰ ਇੱਥੇ ਸਾਰੇ ਸਾਧਨ ਇਸ ਤਰ੍ਹਾਂ ਦੇ ਬਦਲਾਅ ਲਈ ਅਨੁਕੂਲ ਹੋਣ, ਖਾਸ ਤੌਰ 'ਤੇ ਜਦੋਂ ਭਾਰਤ ਵਿਕਾਸ ਦੇ ਇੱਕ ਖਾਸ ਪੜਾਅ ਦੀ ਸਮਾਂ ਸੀਮਾ 2030 ਦੇ ਨੇੜੇ ਪਹੁੰਚ ਰਿਹਾ ਹੈ। ਭਾਰਤ ਵਰਗੇ ਦੇਸ਼ ਵਿਚ ਡਿਜੀਟਲ ਵਿਕਾਸ ਦੇ ਟੀਚੇ ਨੂੰ ਪੂਰਾ ਕਰਨ ਵਿਚ ਸਫਲਤਾ ਤਾਂ ਹੀ ਪ੍ਰਾਪਤ ਹੋ ਸਕਦੀ ਹੈ, ਜਦੋਂ ਦੇਸ਼ ਦੇ ਸਾਰੇ ਨੌਜਵਾਨ ਬਿਨਾਂ ਕਿਸੇ ਭੇਦਭਾਵ ਤੋਂ ਲਿੰਗ ਜਾਂ ਸਮਾਜਿਕ-ਆਰਥਿਕ ਸਥਿਤੀ ਦੀ ਪ੍ਰਵਾਹ ਕੀਤੇ ਬਿਨਾਂ, ਡਿਜੀਟਲ ਨਵੀਨੀਕਰਨ ਵਿਚ ਯੋਗਦਾਨ ਪਾ ਸਕਣ ਲਈ ਉਤਸ਼ਾਹਿਤ ਹੋਣਗੇ। ਇਹ ਸ਼ੁਰੂਆਤ ਸਿਰਫ ਵਿਅਕਤੀਗਤ ਵਿਕਾਸ ਅਤੇ ਮਨੁੱਖੀ ਲੋੜਾਂ ਨਾਲ ਹੀ ਸੰਬੰਧਿਤ ਨਹੀਂ, ਸਗੋਂ ਭਾਰਤ ਦੀਆਂ ਪ੍ਰਮੁੱਖ ਚੁਣੌਤੀਆਂ ਜਿਵੇਂ ਕਿ ਜਲਵਾਯੂ ਤਬਦੀਲੀ, ਅਸਮਾਨਤਾ ਅਤੇ ਗਰੀਬੀ ਨਾਲ ਨਜਿੱਠਣ ਲਈ ਵੀ ਜ਼ਰੂਰੀ ਹੈ। ਭਾਰਤ ਦੇ ਨੌਜਵਾਨ ਸਿਰਫ਼ ਡਿਜੀਟਲ ਤਕਨਾਲੋਜੀ ਦੇ ਸਹਿਯੋਗੀ ਹੀ ਨਹੀਂ ਹਨ, ਉਹ ਸਰਗਰਮ ਉੱਧਮੀ ਅਤੇ ਕੁਝ ਨਵਾਂ ਕਰਨ ਦੇ ਧਾਰਨੀ ਵੀ ਹਨ। ਉਹ ਨਵੀਆਂ ਵਿਧੀਆਂ ਵਿਕਸਿਤ ਕਰਨ, ਸਮਾਜਿਕ ਗਤੀਵਿਧੀਆਂ ਵਿਚ ਸ਼ਾਮਲ ਹੋਣ ਅਤੇ ਸਮਾਜਿਕ ਨਿਆਂ ਦੀ ਵਕਾਲਤ ਕਰਨ ਲਈ ਡਿਜੀਟਲ ਸਾਧਨਾਂ ਦੀ ਵਰਤੋਂ ਕਰ ਰਹੇ ਹਨ। ਉਦਾਹਰਨ ਲਈ, ਨੌਜਵਾਨ ਲੋਕ ਜਲਵਾਯੂ ਤਬਦੀਲੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਮਾਜ ਨੂੰ ਲਾਮਬੰਦ ਕਰਨ ਅਤੇ ਨੀਤੀ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ ਸੋਸ਼ਲ ਮੀਡੀਆ



ਅਤੇ ਹੋਰ ਆਨਲਾਈਨ ਪਲੇਟਫਾਰਮਾਂ ਦੀ ਵਰਤੋਂ ਕਰ ਰਹੇ ਹਨ। ਉਹ ਨਵੀਆਂ ਤਕਨੀਕਾਂ ਅਤੇ ਕਾਰੋਬਾਰੀ ਮਾਡਲਾਂ ਦੇ ਨਵੇਂ ਰੂਪਾਂ ਨੂੰ ਵੀ ਇਸ ਮਾਧਿਅਮ ਰਾਹੀਂ ਚਲਾ ਰਹੇ ਹਨ। ਅਜਿਹੀ ਸ਼ੁਰੂਆਤ ਟਿਕਾਊ ਵਿਕਾਸ ਅਤੇ ਸਥਿਰ ਵਾਤਾਵਰਨ ਨੂੰ ਤਰਜੀਹ ਦਿੰਦੇ ਹਨ। ਕੁਦਰਤੀ ਸਰੋਤਾਂ ਨੂੰ ਬਚਾਉਣ ਅਤੇ ਲੋਕਾਂ ਨਾਲ ਉਨ੍ਹਾਂ ਦੇ ਫਾਇਦੇ ਨੂੰ ਸਾਂਝਾ ਕਰਨ ਲਈ ਡਿਜੀਟਲ ਪਲੇਟਫਾਰਮ ਜਾਂ ਇਸ ਪ੍ਰਚਾਰ ਨੂੰ ਉਤਸ਼ਾਹਿਤ ਕਰਨ ਵਾਲੇ ਐਪਸ ਇਸ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਦੇਸ਼ ਦੇ ਵਿਕਾਸ ਦੇ ਅਹਿਮ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਡਿਜੀਟਲ ਬਦਲਾਅ ਵਿਚ ਨੌਜਵਾਨਾਂ ਦੀ ਭੂਮਿਕਾ ਮਹੱਤਵਪੂਰਨ ਹੈ। ਡਿਜੀਟਲ ਟੈਕਨਾਲੋਜੀ ਅਤੇ ਡੇਟਾ ਦੀ ਵਰਤੋਂ ਕਰਨ ਦੀ ਉਨ੍ਹਾਂ ਦੀ ਯੋਗਤਾ ਨਵੀਂ ਸੂਝ ਅਤੇ ਚੁਨੌਤੀਆਂ ਤੋਂ ਬਚਣ ਦੀ ਅਗਵਾਈ ਕਰ ਸਕਦੀ ਹੈ, ਜੋ ਗੁੰਝਲਦਾਰ ਗਲੋਬਲ ਮੁੱਦਿਆਂ ਨੂੰ ਸਮਝਣ ਵਿਚ ਸਹਾਈ ਹੋਵੇਗੀ। ਡਿਜੀਟਲ ਸਾਧਨ ਕੁਦਰਤੀ ਸਰੋਤਾਂ ਦੀ ਨਿਗਰਾਨੀ ਅਤੇ ਪ੍ਰਬੰਧਨ, ਊਰਜਾ ਦੀ ਵਰਤੋਂ ਨੂੰ ਅਨੁਕੂਲ ਬਣਾਉਣ ਅਤੇ ਖੇਤੀਬਾੜੀ ਉਤਪਾਦਕਤਾ ਵਿਚ ਸੁਧਾਰ ਕਰਨ ਵਿਚ ਮਦਦ ਕਰ ਸਕਦੇ ਹਨ। ਉਹ ਸਿੱਖਿਆ ਅਤੇ ਸਿਹਤ ਸੰਭਾਲ ਤੱਕ ਪਹੁੰਚ ਦੀ ਸਹੂਲਤ ਵੀ ਦੇ ਸਕਦੇ ਹਨ। ਵੱਡੇ ਸ਼ਹਿਰਾਂ ਦੇ ਮੁਕਾਬਲੇ ਦੂਰ-ਦੁਰਾਡੇ ਜਾਂ ਘੱਟ ਸੇਵਾ ਵਾਲੇ ਖੇਤਰਾਂ ਵਿਚ ਡਿਜੀਟਲ ਸੰਚਾਰ ਅਤੇ ਤਕਨੀਕ ਦੇ ਸਹਾਰੇ ਛੇਤੀ ਤੋਂ ਛੇਤੀ ਪਹੁੰਚ ਕੀਤੀ ਜਾ ਸਕਦੀ ਹੈ। ਭਾਰਤ ਵਿਚ ਸਥਾਈ ਵਿਕਾਸ ਲਈ ਡਿਜੀਟਲ ਤਕਨੀਕ ਦੀ ਪੂਰੀ ਸੰਭਾਵਨਾ ਨੂੰ ਮਹਿਸੂਸ ਕਰਨ ਲਈ ਬਹੁਤ ਸਾਰੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਇੱਕ ਠੋਸ ਯਤਨ ਦੀ ਲੋੜ ਹੈ। ਇਸ ਵਿਚ ਡਿਜੀਟਲ ਬੁਨਿਆਦੀ ਢਾਂਚੇ ਵਿਚ ਨਿਵੇਸ਼ ਕਰਨਾ, ਕਿਫਾਇਤੀ ਅਤੇ ਭਰੋਸੇਮੰਦ ਇੰਟਰਨੈਟ ਤੱਕ ਪਹੁੰਚ ਦਾ ਵਿਸਥਾਰ ਕਰਨਾ ਅਤੇ ਡਿਜੀਟਲ ਸਾਖਰਤਾ ਅਤੇ ਹੁਨਰ ਸਿਖਲਾਈ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ਅਜਿਹੀਆਂ ਪਹਿਲਕਦਮੀਆਂ ਖਾਸ ਤੌਰ 'ਤੇ ਪੇਂਡੂ ਖੇਤਰਾਂ ਵਿਚ ਮਹੱਤਵਪੂਰਨ ਹਨ। ਅਜਿਹੇ ਖੇਤਰਾਂ ਵਿਚ ਡਿਜੀਟਲ ਪਾੜਾ ਸਭ ਤੋਂ ਵੱਧ ਸਪੱਸ਼ਟ ਹੈ। ਇਸ ਤੋਂ ਇਲਾਵਾ, ਨੌਜਵਾਨ ਔਰਤਾਂ ਅਤੇ ਹੋਰ ਹਾਸ਼ੀਏ 'ਤੇ ਰਹਿ ਗਏ ਸਮੂਹਾਂ ਵਿਸ਼ੇਸ਼ ਧਿਆਨ ਦੇ ਕੇ ਇਸ ਮੁਹਿੰਮ ਵਿਚ ਸ਼ਾਮਿਲ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਇਹ ਅਹਿਸਾਸ ਕਰਾਉਣ ਦੀ ਜ਼ਰੂਰਤ ਹੈ ਕਿ ਉਨ੍ਹਾਂ ਕੋਲ ਡਿਜੀਟਲ ਤਕਨਾਲੋਜੀ ਨਾਲ ਜੁੜਨ ਅਤੇ ਲਾਭ ਲੈਣ ਦੇ ਮੌਕੇ ਹਨ। ਬੁਨਿਆਦੀ ਢਾਂਚੇ ਅਤੇ ਹੁਨਰ ਵਿਕਾਸ ਦੇ ਨਾਲ-ਨਾਲ, ਡਿਜੀਟਲ ਨਵੀਨਤਾ ਲਈ ਇੱਕ ਸਹਾਇਕ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਮਹੱਤਵਪੂਰਨ ਹੈ। ਇਸ ਵਿਚ ਨੀਤੀਆਂ ਅਤੇ ਨਿਯਮਾਂ ਨੂੰ ਬਣਾਉਣਾ ਸ਼ਾਮਲ ਹੈ, ਜੋ ਨੌਜਵਾਨਾਂ ਨੂੰ ਅੱਗੇ ਵਧਣ ਲਈ ਉਤਸ਼ਾਹਿਤ ਕਰਦੇ ਹਨ। ਸਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਡਿਜੀਟਲ ਆਦਾਨ ਪ੍ਰਦਾਨ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਸਰਕਾਰ ਨੂੰ ਇਹ ਨਿਸ਼ਚਿਤ ਕਰਨਾ ਪਵੇਗਾ ਕਿ ਡੇਟਾ ਦੀ ਭਰੋਸੇਯੋਗਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਪਲੇਟਫਾਰਮ ਦੇ ਜ਼ਰੀਏ ਰਾਜਾਂ ਦੇ ਅੰਦਰ ਅਤੇ ਵੱਖ-ਵੱਖ ਦੇਸ਼ਾਂ ਵਿਚ ਸਹਿਯੋਗ ਅਤੇ ਗਿਆਨ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਵੀ ਸ਼ਾਮਲ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਅਤੇ ਭਾਈਵਾਲੀ ਸਫਲ ਡਿਜੀਟਲ ਪਹਿਲਕਦਮੀਆਂ ਨੂੰ ਵਧਾਉਣ ਵਿਚ ਮੁੱਖ ਭੂਮਿਕਾ ਨਿਭਾ ਸਕਦੇ ਹਨ। ਭਾਰਤ ਦੇ ਭਵਿੱਖ ਵਿਚ ਟਿਕਾਊ ਵਿਕਾਸ ਨੂੰ ਚਲਾਉਣ ਲਈ ਡਿਜੀਟਲ ਤਕਨਾਲੋਜੀ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਇਸ ਸੰਭਾਵਨਾ ਨੂੰ ਸਾਕਾਰ ਕਰਨ ਲਈ ਨਾ ਸਿਰਫ਼ ਤਕਨੀਕੀ ਤਰੱਕੀ ਦੀ ਲੋੜ ਹੈ, ਸਗੋਂ ਸਮਾਜ ਦੇ ਸਾਰੇ ਪੱਖਾਂ ਤੋਂ ਬਰਾਬਰੀ ਵਾਲੇ ਵਿਕਾਸ ਲਈ ਵਚਨਬੱਧਤਾ ਦੀ ਵੀ ਲੋੜ ਹੈ। ਦੇਸ਼ ਦੇ ਸਾਰੇ ਨੌਜਵਾਨਾਂ ਕੋਲ ਉਹ ਸਾਧਨ, ਹੁਨਰ ਅਤੇ ਮੌਕੇ ਹਨ, ਜਿਨ੍ਹਾਂ ਦੀ ਉਨ੍ਹਾਂ ਨੂੰ ਡਿਜੀਟਲ ਦੁਨੀਆਂ ਵਿਚ ਪ੍ਰਫੁੱਲਤ ਕਰਨ ਦੀ ਲੋੜ ਹੈ। ਦੇਸ਼ ਦੇ ਨੇਤਾਵਾਂ ਅਤੇ ਤਬਦੀਲੀ ਕਰਨ ਵਾਲਿਆਂ ਦੇ ਰੂਪ ਵਿਚ ਨੌਜਵਾਨਾਂ ਦੇ ਯੋਗਦਾਨ ਨੂੰ ਪਛਾਣਨਾ ਅਤੇ ਉਨ੍ਹਾਂ ਦੀ ਕਦਰ ਕਰਨਾ, ਦੇਸ਼ ਦੀਆਂ ਸਰਕਾਰਾਂ ਦਾ ਵੱਡਾ ਮਨੋਰਥ ਹੋ ਸਕਦਾ ਹੈ। ਦੇਸ਼ ਵਿਚ ਨੌਜਵਾਨਾਂ ਦੇ ਡਿਜੀਟਲ ਯੋਗਦਾਨ ਦਾ ਜਸ਼ਨ ਮਨਾਉਣਾ ਅਤੇ ਹੋਰ ਵਰਗਾਂ ਨੂੰ ਸਹਿਯੋਗ ਲਈ ਪ੍ਰੇਰਿਤ ਕਰਨਾ ਇੱਕ ਚੰਗੀ ਪਹਿਲ ਕਦਮੀ ਹੋ ਸਕਦੀ ਹੈ। ਇਹ ਦਿਹਾੜਾ, ਦੇਸ਼ ਦੇ ਨੌਜਵਾਨਾਂ ਵੱਲੋਂ ਡਿਜੀਟਲ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਵਿਚ ਵੀ ਮਦਦ ਅਤੇ ਹੋਰ ਹਿੱਸੇਦਾਰਾਂ ਨੂੰ ਪਹਿਲਕਦਮੀਆਂ ਵਿਚ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇਸ ਤਰ੍ਹਾਂ ਅਸੀਂ ਅਖੀਰ ਵਿਚ ਕਹਿ ਸਕਦੇ ਹਾਂ ਕਿ ਨੌਜਵਾਨਾਂ ਨੂੰ ਸਮਰਪਿਤ ਇਸ ਇਸ ਦਿਨ 'ਤੇ ਨੌਜਵਾਨਾਂ ਵੱਲੋਂ ਦੇਸ਼ ਲਈ ਕੀਤੇ ਜਾ ਰਹੇ ਕਾਰਜਾਂ ਦੀ ਅਹਿਮੀਅਤ ਨੂੰ ਦਰਸਾਉਣਾ ਚਾਹੀਦਾ ਹੈ ਅਤੇ ਵੱਡੇ ਪੱਧਰ 'ਤੇ ਦੇਸ਼ ਦੇ ਵਿਚ ਡਿਜੀਟਲ ਵਿਕਾਸ ਦੇ ਢਾਂਚੇ ਨੂੰ ਸਥਾਪਿਤ ਕਰਨ ਲਈ ਵੱਧ ਤੋਂ ਵੱਧ ਨੌਜਵਾਨਾਂ ਨੂੰ ਪ੍ਰੇਰਤ ਕਰਨਾ ਚਾਹੀਦਾ ਹੈ।

# ਸਿਆਸੀ ਬੇਈਮਾਨੀ, ਆਰਥਿਕ ਬਦਨੀਤੀ ਅਤੇ ਦੇਸ਼ ਦੀ ਬਦਹਾਲੀ

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA





ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਅਨਪੜ੍ਹਤਾ, ਬਦਤਰ ਸਿਹਤ ਸੇਵਾਵਾਂ, ਅਪਰਾਧ, ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਆਦਿ ਬਾਰੇ ਲੱਖ ਵਾਰ ਦਲੀਲਾਂ ਦੇ ਕੇ ਆਪਾਂ ਇਹ ਸਿੱਧ ਕਰਨ ਦਾ ਯਤਨ ਕਰੀਏ ਕਿ ਦੇਸ਼ 'ਚ ਵੱਧ ਰਹੀ ਆਬਾਦੀ ਇਨ੍ਹਾਂ ਸਮੱਸਿਆਵਾਂ ਕਾਰਨ ਹੈ, ਪਰ ਅਸਲ ਵਿਚ ਸਿਆਸੀ ਬੇਈਮਾਨੀ, ਵੋਟਾਂ ਦੀ ਸਿਆਸਤ, ਆਰਥਿਕ ਨੀਤੀਆਂ ਕਾਰਨ ਵੱਧ ਰਿਹਾ ਦੇਸ਼ 'ਚ ਅਮੀਰ-ਗਰੀਬ ਦਾ ਪਾੜਾ, ਦੇਸ਼ ਭਾਰਤ ਨੂੰ ਭੈੜੀ ਹਾਲਤ ਵਿਚ ਲੈ ਜਾਣ ਦਾ ਮੁੱਖ ਕਾਰਨ ਹੈ। ਇਸੇ ਕਾਰਨ ਹੀ ਦੇਸ਼ ਬਦਹਾਲੀ ਦਾ ਸ਼ਿਕਾਰ ਹੈ।

ਭਾਰਤ ਦੀ ਜਨਸੰਖਿਆ ਵਿਸ਼ਵ ਜਨਸੰਖਿਆ ਦਾ 18 ਫ਼ੀਸਦੀ ਹੈ। ਭਾਰਤ ਕੋਲ ਵਿਸ਼ਵ ਦੀ ਕੁੱਲ ਜ਼ਮੀਨ ਦਾ 2.5 ਫ਼ੀਸਦੀ ਹੈ ਅਤੇ 4 ਫ਼ੀਸਦੀ ਪਾਣੀ ਹੈ। ਦੇਸ਼ ਕੋਲ ਜਿੰਨੀ ਜ਼ਮੀਨ ਹੈ, ਉਸਦੇ ਕੁਲ 60 ਫ਼ੀਸਦੀ ਹਿੱਸੇ 'ਤੇ ਖੇਤੀ ਹੁੰਦੀ ਹੈ, ਪਰ ਦੇਸ਼ ਦੇ 20 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਆਖ਼ਰ ਕਾਰਨ ਕੀ ਹੈ? ਕੀ ਅਸੀਂ ਕੁਦਰਤੀ ਸੋਮਿਆਂ ਦੀ ਕੁਵਰਤੋਂ ਕਰਕੇ, ਸਭੋ ਕੁਝ ਧੰਨ ਕੁਬੇਰਾਂ ਹੱਥ ਫੜਾਕੇ, ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਮੁਨਾਫ਼ਾ ਕਮਾਉਣ ਦੀ ਆਗਿਆ ਦੇ ਕੇ, ਦੇਸ਼ ਨੂੰ ਕੰਗਾਲੀ ਮੰਦਹਾਲੀ ਦੇ ਰਸਤੇ ਨਹੀਂ ਤੋਰ ਦਿੱਤਾ?

ਕਾਰਪੋਰੇਟਾਂ ਜਿਸ ਢੰਗ ਨਾਲ ਬੁਨਿਆਦੀ ਢਾਂਚਾ ਉਸਾਰਨ ਦੇ ਨਾਂਅ 'ਤੇ ਜੰਗਲਾਂ ਦੀ ਕਟਾਈ ਕੀਤੀ, ਕੁਦਰਤੀ ਖਾਨਾਂ ਦੀ ਦੁਰਵਰਤੋਂ ਕੀਤੀ, ਦੇਸ਼ 'ਚ ਪ੍ਰਦੂਸ਼ਣ ਪੈਦਾ ਕੀਤਾ, ਕੀਟਨਾਸ਼ਕਾਂ ਖਾਦਾਂ ਦੀ ਵਰਤੋਂ ਕਰਵਾਕੇ ਦੇਸ਼ ਵਾਸੀਆਂ ਹੱਥ ਬੀਮਾਰੀਆਂ ਦੀਆਂ ਪੰਡਾਂ ਹੀ ਨਹੀਂ ਫੜਾਈਆਂ, ਉਨ੍ਹਾਂ ਨੂੰ ਬੁਰੇ ਹਾਲੀਂ ਕਰ ਦਿੱਤਾ। ਸਿੱਟਾ ਜਲਵਾਯੂ ਤਬਦੀਲੀ 'ਚ ਵੇਖਿਆ ਜਾ ਸਕਦਾ ਹੈ।

ਜਲਵਾਯੂ ਤਬਦੀਲੀ ਨੇ ਅਜੀਵਕਾ, ਪਾਣੀ ਦੀ ਅਪੂਰਤੀ ਅਤੇ ਮਨੁੱਖੀ ਸਿਹਤ ਲਈ ਖ਼ਤਰਾ ਪੈਦਾ ਕੀਤਾ ਖਾਧ ਪਦਾਰਥਾਂ ਦੀ ਪੂਰਤੀ ਲਈ ਚੁਣੌਤੀ ਪੈਦਾ ਕੀਤੀ, ਇਥੋਂ ਤੱਕ ਕਿ ਖਾਧ ਸੁਰੱਖਿਆ ਲਈ ਵੱਡੀ ਚੁਣੌਤੀ ਦਿੱਤੀ।

ਅੱਜ ਖੇਤੀ ਯੋਗ ਜ਼ਮੀਨ ਉਤੇ ਲਗਾਤਾਰ ਹਮਲਾ ਹੋ ਰਿਹਾ ਹੈ, ਰਕਬਾ ਘੱਟ ਰਿਹਾ ਹੈ, ਖੇਤੀ ਭੂਮੀ ਦੀ ਹੋਰ ਕੰਮਾਂ ਲਈ ਵਰਤੋਂ ਵਧ ਰਹੀ ਹੈ। ਕਿਸਾਨ ਖੇਤੀ ਤੋਂ ਦੂਰ ਹੋ ਰਹੇ ਹਨ। ਖੇਤੀ ਜ਼ਮੀਨ 'ਚ ਕਮੀ ਸਮਾਜਿਕ-ਆਰਥਿਕ ਤਾਣੇ-ਬਾਣੇ 'ਤੇ ਵੀ ਅਸਰ ਪਾ ਰਹੀ ਹੈ। ਵੇਸਟਲੈਂਡ ਐਟਲਾਸ-2019 ਦੇ ਅਨੁਸਾਰ ਪੰਜਾਬ ਜਿਹੇ ਖੇਤੀ ਪ੍ਰਧਾਨ ਸੂਬੇ ਵਿਚ 14000 ਹੈਕਟੇਅਰ ਅਤੇ ਪੱਛਮੀ ਬੰਗਾਲ ਵਿਚ 62000 ਹੈਕਟੇਅਰ ਖੇਤੀ ਯੋਗ ਭੂਮੀ ਘੱਟ ਗਈ ਹੈ। ਸਭ ਤੋਂ ਜ਼ਿਆਦਾ ਆਬਾਦੀ ਵਾਲੇ ਸੂਬੇ ਉੱਤਰ ਪ੍ਰਦੇਸ਼ 'ਚ 48000 ਹੈਕਟੇਅਰ ਖੇਤੀ ਯੋਗ ਜ਼ਮੀਨ ਹਰ ਸਾਲ ਘੱਟ ਰਹੀ ਹੈ। ਇਹ ਸਭ ਕੁਝ ਵਿਕਾਸ ਦੇ ਨਾਂਅ 'ਤੇ ਹੋ ਰਿਹਾ ਹੈ। ਕੀ ਯੂ.ਪੀ. 'ਚ ਸੱਚਮੁੱਚ ਵਿਕਾਸ ਹੋ ਰਿਹਾ ਹੈ? ਜੇ ਉਥੇ ਵਿਕਾਸ ਹੈ, ਤਾਂ ਦੇਸ਼ 'ਚ ਸਭ ਤੋਂ ਵੱਧ ਪ੍ਰਵਾਸ ਦੀ ਦਰ ਯੂ.ਪੀ. 'ਚ ਕਿਉਂ ਹੈ?

1992 'ਚ ਪੇਂਡੂ ਪਰਿਵਾਰਾਂ ਕੋਲ 11.7 ਕਰੋੜ ਹੈਕਟੇਅਰ ਖੇਤੀ ਯੋਗ ਭੂਮੀ ਸੀ, ਜੋ 2013 ਤੱਕ ਘੱਟਕੇ 9.2 ਕਰੋੜ ਹੈਕਟੇਅਰ ਰਹਿ ਗਈ ਅਤੇ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਅਗਲੇ ਸਾਲ ਤੱਕ ਖੇਤੀ ਯੋਗ ਜ਼ਮੀਨ 8 ਕਰੋੜ ਹੈਕਟੇਅਰ ਹੀ ਰਹਿ ਜਾਏਗੀ। ਤਾਂ ਫਿਰ ਦੇਸ਼ ਭੁੱਖਾ ਨਹੀਂ ਮਰੇਗਾ? ਕਿੱਥੋਂ ਮਿਲੇਗਾ ਕਿਰਤੀ ਲੋਕਾਂ ਨੂੰ ਅੰਨ? ਕਿੱਥੇ ਮਿਲੇਗਾ ਸਾਫ਼-ਸੁਥਰਾ ਪਾਣੀ?

ਵਿਸ਼ਵ ਭੁੱਖ ਸੂਚਕਾਂਕ-2022 ਦੀ ਰਿਪੋਰਟ ਅਨੁਸਾਰ 16.3 ਫ਼ੀਸਦੀ ਆਬਾਦੀ ਕੁਪੋਸ਼ਨ ਦਾ ਸ਼ਿਕਾਰ ਹੈ। 5 ਸਾਲ ਤੋਂ ਘੱਟ ਉਮਰ ਦੇ 35 ਫ਼ੀਸਦੀ ਬੱਚੇ ਅਵਿਕਸਿਤ ਹਨ। ਭਾਰਤ ਵਿਚ 3.3 ਫ਼ੀਸਦੀ ਬੱਚਿਆਂ ਦੀ 5 ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ-ਪਹਿਲਾਂ ਮੌਤ ਹੋ ਜਾਂਦੀ ਹੈ। ਇਥੇ ਹੀ ਬੱਸ ਨਹੀਂ, ਦੇਸ਼ਾਂ 'ਚ ਪੈਦਾ ਹੋ ਰਿਹਾ 30 ਫ਼ੀਸਦੀ ਅਨਾਜ ਬਰਬਾਦ ਹੋ ਰਿਹਾ ਹੈ। ਇਹ ਭੋਜਨ ਕਿਸੇ ਦੇ ਪੱਲੇ ਨਹੀਂ ਪੈ ਰਿਹਾ।

ਭਾਰਤ ਦੇਸ਼ ਦੇ ਹਾਕਮਾਂ ਦੀ ਅੱਖ ਤਾਂ ਦੁਨੀਆਂ ਦੀ ਤੀਜੀ ਵੱਡੀ ਆਰਥਿਕਤਾ ਬਨਣ 'ਤੇ ਟਿੱਕੀ ਹੋਈ ਹੈ, ਅੱਜਕੱਲ੍ਹ ਭਾਰਤ ਦਾ ਹਾਕਮ 5 ਟ੍ਰਿਲੀਅਨ ਡਾਲਰ ਦੀ ਗੱਲ ਕਰਦਾ ਹੈ ਅਤੇ 2047 ਤੱਕ 30 ਟ੍ਰਿਲੀਅਨ ਦੀ ਆਰਥਿਕਤਾ ਵਾਲਾ ਮਾਲਕ ਬਨਣ ਦੇ ਦਾਅਵੇ ਕਰ ਰਿਹਾ ਹੈ। ਕੀ ਭਾਰਤ ਉਦੋਂ ਤੱਕ ਵਿਕਾਸਸ਼ੀਲ ਤੋਂ ਵਿਕਸਿਤ ਦੇਸ਼ ਦਾ ਸਫ਼ਰ ਪੂਰਾ ਕਰ ਸਕੇਗਾ, ਜਦੋਂ ਤੱਕ ਦੇਸ਼ ਵਾਸੀਆਂ ਨੂੰ ਸਿੱਖਿਆ, ਸਿਹਤ, ਚੰਗੇ ਵਾਤਾਵਰਨ ਦੀਆਂ ਇਕੋ ਜਿਹੀਆਂ ਸਹੂਲਤਾਂ ਪੈਦਾ ਨਹੀਂ ਹੁੰਦੀਆਂ?

ਇੱਕ ਬਹੁਤ ਹੀ ਹੈਰਾਨਕੁੰਨ ਰਿਪੋਰਟ ਯੂ.ਐੱਨ.ਓ. ਵਲੋਂ ਭਾਰਤੀ ਬਜਟ 2024 ਦੇ ਪੇਸ਼ ਹੋਣ ਦੇ ਦੂਜੇ ਦਿਨ ਜੁਲਾਈ 'ਚ ਛਪੀ ਹੈ, ਜਿਸ ਅਨੁਸਾਰ 20 ਦੇਸ਼ਾਂ ਦੇ 64 ਮਿਲੀਅਨ ਬੱਚੇ ਸਾਊਥ ਏਸ਼ੀਆ ਵਿਚ ਅਤੇ 59 ਮਿਲੀਅਨ ਬੱਚੇ ਸਬ-ਸਹਾਰਾ ਅਫਰੀਕਾ ਵਿਚ ਇਹੋ ਜਿਹੇ ਹਨ, ਜਿਹੜੇ 5 ਮਹੀਨਿਆਂ ਤੋਂ 23 ਮਹੀਨਿਆਂ ਤੱਕ ਦੀ ਉਮਰ ਦੇ ਹਨ ਅਤੇ ਜਿਨ੍ਹਾਂ ਨੂੰ ਸਹੀ ਖਾਣਾ ਤੱਕ ਵੀ ਨਸੀਬ ਨਹੀਂ ਹੁੰਦਾ। ਇਨ੍ਹਾਂ ਵਿਚ 19.3 ਫ਼ੀਸਦੀ ਬੱਚੇ ਭਾਰਤ ਦੇਸ਼ ਨਾਲ ਸਬੰਧਤ ਹਨ।

ਹਾਰਵਰਡ ਸਟੱਡੀ ਜੋ 2024 'ਚ ਛਪੀ ਸੀ, ਵਿਚ "ਜ਼ਿਫ਼ਰ ਭੋਜਨ ਵਾਲੇ ਬੱਚਿਆਂ" (**Zero Food Children**) ਦੀ ਗੱਲ ਕੀਤੀ ਗਈ ਸੀ, ਇਹ ਬੱਚੇ 5 ਮਹੀਨਿਆਂ ਤੋਂ 23 ਮਹੀਨਿਆਂ ਦੀ ਉਮਰ ਦੇ ਬੱਚੇ ਹੁੰਦੇ ਹਨ, ਜਿਨ੍ਹਾਂ ਨੂੰ ਪਿਛਲੇ 24 ਘੰਟਿਆਂ 'ਚ ਭੋਜਨ ਨਹੀਂ ਮਿਲਦਾ ਅਤੇ ਭਾਰਤ ਇਸ ਲਿਸਟ ਵਿਚ ਦੁਨੀਆਂ ਭਰ 'ਚ ਚੌਥੇ ਸਥਾਨ 'ਤੇ ਹੈ। ਪਹਿਲੇ ਸਥਾਨ 'ਤੇ ਗੁਆਣਾ (21.8%) ਦੂਜੇ 'ਤੇ ਪਾਲੀ (21.5%) ਅਤੇ ਚੌਥੇ 'ਤੇ ਭਾਰਤ (19.3%) ਰੱਖਿਆ ਗਿਆ ਸੀ, ਭਾਵੇਂ ਕਿ ਭਾਰਤ ਦੀ ਸਰਕਾਰ ਨੇ ਇਸ ਰਿਪੋਰਟ ਨੂੰ ਫਰਜ਼ੀ, ਨਕਲੀ ਕਰਾਰ ਦਿੱਤਾ ਸੀ। ਪਰ ਇਹ ਗੱਲ ਚਿੱਟੇ ਦਿਨ ਵਾਂਗਰ ਸਾਫ਼ ਹੈ ਕਿ ਭਾਰਤ ਦੀ ਕੁੱਲ 140 ਕਰੋੜ ਆਬਾਦੀ ਵਿਚ 76.5 ਕਰੋੜ ਆਬਾਦੀ ਇਹੋ ਜਿਹੀ ਹੈ, ਜਿਸਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ, ਜਿਸ ਵਿਚੋਂ 19.5 ਕਰੋੜ ਛੋਟੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਜਿਨ੍ਹਾਂ ਵਿਚ ਲੜਕੀਆਂ ਦੀ ਗਿਣਤੀ ਵੱਧ ਹੈ।

ਇਹ ਗੱਲ ਵੀ ਤੱਥਾਂ ਤੋਂ ਉਲਟ ਨਹੀਂ ਹੈ ਕਿ ਭਾਰਤ ਵਿਚ ਅਮੀਰ ਵਰਗ, ਮੱਧ ਵਰਗੀ ਕਿਸਾਨ ਤਾਂ ਚੰਗਾ ਭੋਜਨ ਪ੍ਰਾਪਤ ਕਰਨ ਦੇ ਯੋਗ ਹਨ ਪਰ ਬਾਕੀ ਪੇਂਡੂ ਆਬਾਦੀ, ਮਜ਼ਦੂਰ, ਕਿਸਾਨ, ਆਦਿਵਾਸੀ ਅਤੇ ਮੱਧ ਵਰਗ ਦੇ ਲੋਕਾਂ ਨੂੰ ਬਿਹਤਰ ਭੋਜਨ ਨਸੀਬ ਨਹੀਂ ਹੁੰਦਾ। ਇਸ ਤੋਂ ਵੱਡੀ ਹੋਰ ਕਿਹੜੀ ਵਿਡੰਬਨਾ ਹੋ ਸਕਦੀ ਹੈ ਕਿ ਤਰੱਕੀਆਂ ਕਰਨ ਦੇ ਸੁਪਨੇ ਲੈਣ ਵਾਲਾ "ਮਹਾਨ ਦੇਸ਼", ਗਰੀਬੀ, ਭੁੱਖਮਰੀ ਦੇ ਪੰਜੇ 'ਚ ਫਸਿਆ ਹੋਇਆ ਹੈ ਅਤੇ ਉਸ ਦੀ ਆਰਥਿਕਤਾ ਨੂੰ ਕਾਰਪੋਰੇਟ ਘਰਾਨਿਆਂ ਨੇ ਬੁਰੀ ਤਰ੍ਹਾਂ ਹਥਿਆਇਆ ਹੋਇਆ ਹੈ।

ਕੀ ਇਹ ਸੱਚ ਨਹੀਂ ਕਿ ਮਨੁੱਖ ਨੂੰ ਭੋਜਨ ਤਦੇ ਪ੍ਰਾਪਤ ਹੋਏਗਾ, ਜੇਕਰ ਮਨੁੱਖ ਪੱਲੇ ਰੁਜ਼ਗਾਰ ਹੋਏਗਾ। ਰੁਜ਼ਗਾਰ ਤਦੇ ਮਿਲੇਗਾ, ਜੇਕਰ ਹੱਥ 'ਚ ਕੋਈ ਸਿਖਲਾਈ ਹੋਏਗੀ। ਥਿੰਕ ਟਿੰਕ ਇੰਸਟੀਚਿਊਟ ਫਾਰ ਹਿਊਮਨ ਡਿਵੈਲਪਮੈਂਟ ਨੇ ਇੱਕ ਰਿਪੋਰਟ ਛਾਪੀ ਹੈ, ਭਾਰਤ ਬਾਰੇ, ਜਿਸ 'ਚ ਲਿਖਿਆ ਹੈ ਕਿ ਦੱਖਣੀ ਏਸ਼ੀਆਈ ਰਾਸ਼ਟਰ ਵਿਚ ਤਿੰਨ ਵਿਚੋਂ ਇੱਕ ਯੁਵਕ ਨਾ ਤਾਂ ਸਿੱਖਿਆ ਪ੍ਰਾਪਤ ਕਰ ਰਿਹਾ ਹੈ, ਨਾ ਹੀ ਉਹ ਕੋਈ ਸਿਖਲਾਈ ਪ੍ਰਾਪਤ ਕਰ ਰਿਹਾ ਹੈ। ਹਾਲਾਤ ਇਹ ਹਨ ਕਿ ਦੇਸ਼ ਵਿਚ ਪੜ੍ਹੇ-ਲਿਖੇ ਯੁਵਕਾਂ 'ਚ ਬੇਰੁਜ਼ਗਾਰੀ ਦਰ 40 ਫ਼ੀਸਦੀ ਤੋਂ ਉਪਰ ਟੱਪ ਚੁੱਕੀ ਹੈ।

ਭਾਰਤ ਦਾ ਨੀਤੀ ਆਯੋਗ ਦਾਅਵਾ ਕਰਦਾ ਹੈ ਕਿ ਭਾਰਤ ਦੀ ਕੁੱਲ ਆਬਾਦੀ ਦੀ 5 ਫ਼ੀਸਦੀ ਆਬਾਦੀ ਗਰੀਬਾਂ ਦੀ ਹੈ। ਭਾਵ ਸੱਤ ਕਰੋੜ ਲੋਕ ਗਰੀਬ ਹਨ। ਸਰਕਾਰ ਨੇ ਘਰੇਲੂ ਉਪਯੋਗ ਸਰਵੇਖਣ ਕਰਵਾਇਆ ਅਤੇ ਕਿਹਾ ਕਿ ਪੇਂਡੂ ਖੇਤਰਾਂ 'ਚ ਪ੍ਰਤੀ ਵਿਅਕਤੀ ਔਸਤਨ ਖ਼ਰਚ 3094 ਰੁਪਏ ਅਤੇ ਸ਼ਹਿਰੀ ਖੇਤਰਾਂ 'ਚ 4963 ਰੁਪਏ ਹੈ। ਜਿਸਦਾ ਸਿੱਧਾ ਅਰਥ ਹੈ ਕਿ ਭਾਰਤ ਦੇ 71 ਕਰੋੜ ਲੋਕ ਪ੍ਰਤੀ ਦਿਨ 100-150 ਰੁਪਏ ਜਾਂ ਉਸਤੋਂ ਘੱਟ ਨਾਲ ਗੁਜ਼ਾਰਾ ਕਰਦੇ ਹਨ। ਜੇਕਰ ਪਰਤ-ਦਰ-ਪਰਤ ਹੇਠਾਂ ਜਾਈਏ, ਤਾਂ ਤਸਵੀਰ ਹੋਰ ਵੀ ਨਿਰਾਸ਼ਾਜਨਕ ਹੈ। ਸਭ ਤੋਂ ਹੇਠਲੇ 20 ਫੀਸਦੀ ਲੋਕ 70-100 ਰੁਪਏ 'ਤੇ ਜੀਵਨ ਨਿਰਬਾਹ ਕਰਦੇ ਹਨ ਅਤੇ ਹੋਰ ਹੇਠਲੇ 10 ਫ਼ੀਸਦੀ ਲੋਕ 60-90 ਰੁਪਏ 'ਤੇ ਜੀਵਨ ਗੁਜ਼ਾਰਾ ਕਰਦੇ ਹਨ। ਕੀ ਇਹ ਗਰੀਬ ਨਹੀਂ ਹਨ? ਜਾਂ ਇਨ੍ਹਾਂ ਦੀ ਸ਼੍ਰੇਣੀ ਗਰੀਬੀ ਰੇਖਾ ਤੋਂ ਵੀ ਹੋਰ ਹੇਠ ਹੈ?

ਇਥੇ ਇਹ ਗੱਲ ਸਮਝਣ ਵਾਲੀ ਹੈ ਕਿ ਆਬਾਦੀ ਦਾ 50%, ਭਾਵ 71 ਕਰੋੜ ਲੋਕ, ਨਾ ਤਾਂ ਸਰਕਾਰੀ ਕਰਮਚਾਰੀ ਹਨ, ਨਾ ਹੀ ਸਰਕਾਰੀ ਪੈਨਸ਼ਨ ਧਾਰਕ ਹਨ, ਨਾ ਹੀ ਪ੍ਰਾਈਵੇਟ ਕੰਪਨੀਆਂ ਦੇ ਤਨਖ਼ਾਹਦਾਰ ਕਰਮਚਾਰੀ ਹਨ। ਪਰ ਤਦ ਵੀ ਇਹ ਲੋਕ ਜੀ.ਐੱਸ.ਟੀ. ਜਿਹੇ ਟੈਕਸ, ਚੀਜ਼ਾਂ ਖਰੀਦਣ ਵੇਲੇ ਦਿੰਦੇ ਹਨ, ਜਿਨ੍ਹਾਂ 'ਚ 30 ਕਰੋੜ ਲੋਕ ਦਿਹਾੜੀਦਾਰ ਮਜ਼ਦੂਰ ਹਨ, ਜਿਨ੍ਹਾਂ ਦੀ ਆਮਦਨ ਪਿਛਲੇ 6 ਸਾਲਾਂ ਤੋਂ ਮਹਿੰਗਾਈ ਦੇ ਦੌਰ 'ਚ ਸਥਿਰ ਹੋ ਕੇ ਰਹਿ ਗਈ ਹੋਈ ਹੈ। ਇਸ ਸਥਿਰ ਹੋਈ ਆਮਦਨ ਦਾ ਆਖ਼ਰ ਜ਼ਿੰਮੇਵਾਰ ਕੌਣ ਹੈ? ਕੀ ਇਸ ਦੀ ਜ਼ਿੰਮੇਵਾਰ ਸਰਕਾਰ ਨਹੀਂ ਹੈ? ਕੀ ਇਸਦਾ ਜ਼ਿੰਮੇਵਾਰ ਆਰਥਿਕ ਬਦਨੀਤੀ ਦਾ ਅਲੰਬਰਦਾਰ ਦੇਸ਼ ਦਾ ਕਾਰਪੋਰੇਟ ਲਾਣਾ ਨਹੀਂ ਹੈ?

ਆਰਥਿਕ ਬਦਨੀਤੀ ਤੇ ਸਿਆਸੀ ਬੇਈਮਾਨੀ ਹੰਢਾਉਂਦਿਆਂ ਇਸ ਦੇਸ਼ ਦੇ ਆਮ ਨਾਗਰਿਕਾਂ ਨੂੰ ਦਹਾਕੇ ਬੀਤ ਗਏ ਹਨ। ਸਰਕਾਰਾਂ ਆਉਂਦੀਆਂ ਹਨ, ਸਰਕਾਰਾਂ ਤੁਰ ਜਾਂਦੀਆਂ ਹਨ। ਗਰੀਬਾਂ ਦੇ ਨਾਂਅ 'ਤੇ ਨੀਤੀਆਂ ਬਣਾਈਆਂ ਜਾਂਦੀਆਂ ਹਨ ਤੇ ਵੋਟਾਂ ਬਟੋਰੀਆਂ ਜਾਂਦੀਆਂ ਹਨ। ਨੇਤਾ ਲੋਕ ਆਪਣੇ ਢਿੱਡ ਭਰਦੇ ਹਨ ਪਰ ਲੋਕਾਂ ਦੀ ਉਹ ਪ੍ਰਵਾਹ ਨਹੀਂ ਕਰਦੇ।

ਵਿਸ਼ਵ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਹੈ। 140 ਕਰੋੜ ਤੋਂ ਉਪਰ ਵਿਸ਼ਵ ਦੇ ਗਲੋਬਲ ਭੁੱਖਮਰੀ ਇੰਡੈਕਸ-2023 ਅਨੁਸਾਰ 125 ਦੇਸ਼ਾਂ ਵਿਚ ਸਾਡਾ ਸਥਾਨ 111ਵਾਂ ਹੈ। ਬੇਰੁਜ਼ਗਾਰੀ ਦੀ ਦਰ 2024 ਜੂਨ ਅਨੁਸਾਰ 9.3 ਫ਼ੀਸਦੀ ਹੈ। ਬੇਰੁਜ਼ਗਾਰੀ 'ਚ ਵਿਸ਼ਵ ਪੱਧਰੀ ਰੈਂਕ 86ਵਾਂ ਹੈ। ਸਿਹਤ ਸੇਵਾਵਾਂ ਪ੍ਰਤੀ 167 ਦੇਸ਼ਾਂ 'ਚ ਸਾਡਾ ਸਥਾਨ 111ਵੇਂ ਸਥਾਨ 'ਤੇ ਹੈ। ਹਵਾ ਪ੍ਰਦੂਸ਼ਣ ਫੈਲਾਉਣ ਦੇ ਮਾਮਲੇ 'ਚ ਭਾਰਤ 134 ਦੇਸ਼ਾਂ 'ਚ ਤੀਜੇ ਸਥਾਨ 'ਤੇ ਹੈ। ਭਾਵ ਦੇਸ਼ ਦੇ ਵੱਡੇ ਸ਼ਹਿਰ ਅੱਤ ਦਰਜੇ ਦੇ ਗੰਦੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਦੁਨੀਆਂ ਦੇ ਸਭ ਤੋ ਗੰਦੇ ਸ਼ਹਿਰਾਂ 'ਚ ਸ਼ਾਮਲ ਹੈ। ਪਾਣੀ ਪ੍ਰਦੂਸ਼ਣ ਦੇ ਮਾਮਲੇ 'ਚ ਵੀ ਦੇਸ਼ ਪਿੱਛੇ ਨਹੀਂ।

ਇਸ ਸਭ ਕੁਝ ਦਾ ਅਸਰ ਸਾਧਾਰਨ ਲੋਕਾਂ 'ਤੇ ਪੈਂਦਾ ਹੈ। ਦੇਸ਼ ਦੀਆਂ ਆਰਥਿਕ ਬਦਨੀਤੀਆਂ ਗਰੀਬ ਲੋਕਾਂ ਨੂੰ ਹੋਰ ਗਰੀਬੀ ਵੱਲ ਧੱਕ ਰਹੀਆਂ ਹਨ। ਭੁੱਖਮਰੀ ਨੇ ਲੋਕਾਂ ਦਾ ਜੀਊਣਾ ਦੁੱਭਰ ਕੀਤਾ ਹੋਇਆ ਹੈ। ਗੰਦੀਆਂ ਬਸਤੀਆਂ (ਸਲੱਮ ਏਰੀਆ) ਵਧ ਰਿਹਾ ਹੈ, ਖੇਤੀ ਘੱਟ ਰਹੀ ਹੈ। ਪ੍ਰਦੂਸ਼ਣ ਨੇ ਬਿਮਾਰੀਆਂ ਦਾ ਜਾਲ ਵਿਛਾਇਆ ਹੋਇਆ ਹੈ। ਇਸ ਨਾਲ ਪੈਦਾ ਬਿਮਾਰੀਆਂ ਨੂੰ ਕਾਬੂ ਕਰਨ ਦੇ ਨਾਂਅ ਹੇਠ ਨਵੀਆਂ ਦਵਾਈਆਂ ਬਣਾਕੇ, ਭਰਮ ਪੈਦਾ ਕਰਕੇ ਲੋਕਾਂ ਨੂੰ ਕਾਰਪੋਰੇਟ ਜਗਤ ਠਗ ਰਿਹਾ ਹੈ।

ਬਿਨ੍ਹਾਂ ਸ਼ੱਕ ਦੇਸ਼ ਦਾ ਵਿਕਾਸ ਜ਼ਰੂਰੀ ਹੈ। ਬੁਨਿਆਦੀ ਢਾਂਚਾ, ਪੁਲ, ਸੜਕਾਂ, ਸਕੂਲ, ਕਾਲਜ, ਹਸਪਤਾਲ ਜ਼ਰੂਰੀ ਹਨ। ਪਰ ਜਿਨ੍ਹਾਂ ਪੇਂਡੂ ਇਲਾਕਿਆਂ ਵਿਚ ਦਲਿਤਾਂ ਅਤੇ ਆਦਿਵਾਸੀਆਂ ਦੀਆਂ ਬਸਤੀਆਂ ਹਨ, ਉਨ੍ਹਾਂ ਤੱਕ ਬੁਨਿਆਦੀ ਸੁਵਿਧਾਵਾਂ ਦੀ ਪਹੁੰਚ ਕੀ ਜ਼ਰੂਰੀ ਨਹੀਂ? ਅੱਜ ਸਥਿਤੀ ਇਹ ਹੈ ਕਿ ਇਨ੍ਹਾਂ ਬਸਤੀਆਂ ਤੱਕ ਨਾ ਭਰੋਸੇਮੰਦ ਬਿਜਲੀ ਆਉਂਦੀ ਹੈ, ਨਾ ਸੜਕਾਂ ਪਹੁੰਚਦੀਆਂ ਹਨ, ਨਾ ਇੱਕੀਵੀਂ ਸਦੀ ਦੀਆਂ ਜ਼ਰੂਰੀ ਸੁਵਿਧਾਵਾਂ! ਭਾਰਤੀ ਵਿਵਸਥਾ ਦੇ ਇਸ ਟੁੱਟੇ ਹੋਏ ਢਾਂਚੇ ਨੂੰ ਮਜ਼ਬੂਤ ਬਨਾਉਣ ਦੇ ਬਦਲੇ ਗਰੀਬਾਂ ਨੂੰ ਖੈਰਾਤ ਬਖਸ਼ਣ ਦੀ ਨੀਤੀ ਜਾਰੀ ਹੈ।

ਕੀ ਇਹ ਸਿਆਸੀ ਬੇਇਮਾਨੀ ਨਹੀਂ ਹੈ? ਕੀ ਇਹ ਆਰਥਿਕ ਬਦਨੀਤੀ ਨਹੀਂ ਹੈ ਕਿ ਦੇਸ਼ ਦੀਆਂ ਲਗਾਮਾਂ ਧਨ ਕੁਬੇਰਾਂ ਹੱਥ ਫੜਾ ਦਿੱਤੀਆਂ ਜਾਣ, ਤਾਂ ਕਿ ਉਹ ਦੇਸ਼ ਦੇ ਲੋਕਾਂ ਦੀ ਲੁੱਟ-ਖਸੁੱਟ ਮਨਮਰਜ਼ੀ ਨਾਲ ਕਰ ਸਕਣ। ਇਸ ਤੋਂ ਵੱਡੀ ਦੇਸ਼ ਦੀ ਬਦਹਾਲੀ ਹੋਰ ਕੀ ਹੋ ਸਕਦੀ ਹੈ?




Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਬਣਾਈ ਰੱਖਣਾ ਹਰ ਸਿੱਖ ਦਾ ਫ਼ਰਜ਼

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲUSA



ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਿੱਖ ਜਗਤ ਲਈ ਸਰਵੋਤਮ ਪਵਿੱਤਰ ਸਥਾਨ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੇ ਸਥਾਨ ਦੀ ਸਥਾਪਨਾ ਸਿਆਸੀ ਜਬਰ ਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ, ਸਿੱਖ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ, ਅਧਿਆਤਮਿਕ ਅਗਵਾਈ ਤੇ ਰਾਜਨੀਤਿਕ ਪ੍ਰਭੁਸੱਤਾ ਹਾਸਲ ਕਰਨ ਲਈ ਕੀਤੀ ਸੀ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਸਿੱਖ ਧਰਮ ਦੇ ਅਨੁਆਈਆਂ ਭਾਵ ਸਿੱਖਾਂ ਦਾ ਮਾਰਗ ਦਰਸ਼ਨ ਕਰਨਾ ਹੁੰਦਾ ਹੈ। ਜਿਹੜੇ ਸਿੱਖ, ਸਿੱਖ ਧਰਮ ਦੀ ਵਿਚਾਰਧਾਰਾ, ਪ੍ਰੰਪਰਾਵਾਂ ਅਤੇ ਰਹਿਤ ਮਰਿਆਦਾ ਦੀ ਉਲੰਘਣਾ ਕਰਨ, ਉਨ੍ਹਾਂ ਨੂੰ ਸਿੱਖ ਪੰਥ ਵਿਚੋਂ ਛੇਕਣਾ ਪ੍ਰੰਤੂ ਜੇਕਰ ਬਹੁਤੀ ਗੰਭੀਰ ਉਲੰਘਣਾ ਨਹੀਂ, ਤਾਂ ਧਾਰਮਿਕ ਤਨਖ਼ਾਹ ਲਗਾ ਕੇ ਮੁੜ ਪੰਥ ਵਿਚ ਸ਼ਾਮਲ ਕਰਨਾ ਹੁੰਦਾ ਹੈ। ਕੋਈ ਸੱਚਾ-ਸੁੱਚਾ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਵੰਗਾਰ ਨਹੀਂ ਸਕਦਾ ਅਤੇ ਨਾ ਹੀ ਉਸ ਦੇ ਹੁਕਮਨਾਮੇ/ਗੁਰਮਤੇ ਨੂੰ ਅਣਡਿੱਠ ਕਰ ਸਕਦਾ ਹੈ। ਸਰਵੋਤਮ ਅਕਾਲ ਤਖ਼ਤ ਹੈ, ਜਥੇਦਾਰ ਉਸਦਾ ਮੁੱਖੀ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਬਰਕਰਾਰ ਰੱਖਣਾ ਵੀ ਸਿੱਖ ਸੰਗਤ ਦਾ ਫ਼ਰਜ਼ ਬਣਦਾ ਹੈ। ਇਸ ਵਿਚ ਅਕਾਲ ਤਖ਼ਤ ਦੇ ਜਥੇਦਾਰ ਦੀ ਸਭ ਨਾਲੋਂ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਨ੍ਹਾਂ ਕੋਲ ਆਈਆਂ ਸਿੱਖ ਮਰਿਆਦਾ ਦੀ ਉਲੰਘਣਾ ਸੰਬੰਧੀ ਸ਼ਿਕਾਇਤਾਂ ਬਾਰੇ ਸਿੱਖ ਧਰਮ ਦੀ ਵਿਚਾਰਧਾਰਾ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਨਿਰਪੱਖ ਫ਼ੈਸਲੇ ਕਰਕੇ ਹੁਕਮਨਾਮੇ/ਗੁਰਮਤੇ ਜ਼ਾਰੀ ਕਰਨ। ਫ਼ੈਸਲੇ ਤੇ ਹੁਕਮਨਾਮੇ/ਗੁਰਮਤੇ ਵਾਦ-ਵਿਵਾਦ ਵਾਲੇ ਨਾ ਹੋਣ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ 1606 ਵਿਚ ਨਿਯੁਕਤ ਕੀਤਾ ਸੀ, ਜਿਹੜੇ 1637 ਤੱਕ 31 ਸਾਲ ਇਸ ਪਵਿੱਤਰ ਅਹੁਦੇ 'ਤੇ ਰਹੇ। ਦੂਜੇ ਜਥੇਦਾਰ ਭਾਈ ਮਨੀ ਸਿੰਘ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਨਿਯੁਕਤ ਕੀਤਾ ਸੀ, ਜਿਹੜੇ 1737 ਤੱਕ 38 ਸਾਲ ਜਥੇਦਾਰ ਰਹੇ। ਉਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ 4 ਜਥੇਦਾਰ ਦਰਬਾਰਾ ਸਿੰਘ, ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਅਕਾਲੀ ਫੂਲਾ ਸਿੰਘ ਤੱਕ ਸਰਬੱਤ ਖਾਲਸਾ ਨਿਯੁਕਤੀ ਕਰਦੀ ਰਹੀ। ਦੋ ਜਥੇਦਾਰ ਹਨੂਮਾਨ ਸਿੰਘ ਅਤੇ ਪਰਹਲਾਦ ਸਿੰਘ ਬੁੱਢਾ ਦਲ ਨੇ ਨਿਯੁਕਤ ਕੀਤੇ ਸਨ। ਤੇਜਾ ਸਿੰਘ ਭੁੱਚਰ ਨੂੰ ਸਰਬਤ ਖਾਲਸਾ ਨੇ 1920 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਤੇ ਉਹ 1921 ਤੱਕ ਇਸ ਅਹੁਦੇ 'ਤੇ ਰਹੇ। ਉਨ੍ਹਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਕਰਦੀ ਆ ਰਹੀ ਹੈ। 1980 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਮਤਿ ਦੇ ਧਾਰਨੀ ਧਾਰਮਿਕ ਗੁਰਮੁੱਖ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ, ਜਿਹੜੇ ਮੰਨੇ-ਪ੍ਰਮੰਨੇ ਅਧਿਆਤਮਿਕ ਤੌਰ 'ਤੇ ਪ੍ਰਮਾਣਤ ਸਿੱਖ ਧਰਮ ਦੇ ਗਿਆਤਾ ਹੁੰਦੇ ਸਨ। 1980 ਤੱਕ ਉਚ ਕੋਟੀ ਦੇ ਜਥੇਦਾਰ ਹੋਣ ਕਰਕੇ ਕੋਈ ਵਾਦ-ਵਿਵਾਦ ਨਹੀਂ ਹੋਇਆ। ਇੱਥੋਂ ਤੱਕ ਕਿ ਗਿਆਨੀ ਗੁਰਮੁਖ ਸਿੰਘ ਜੋ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਸਨ ਅਤੇ ਨਾਲ ਹੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਨ। ਕਿਉਂਕਿ ਸ੍ਰੀ ਅਕਾਲ ਤਖ਼ਤ ਸਾਰੇ ਸਿੱਖ ਜਗਤ ਦਾ ਹੈ, ਨਾ ਕਿ ਕਿਸੇ ਇੱਕ ਪਾਰਟੀ ਦਾ, ਸਿੱਖ ਤਾਂ ਸਾਰੀਆਂ ਪਾਰਟੀਆਂ ਵਿਚ ਹਨ। ਹਰ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਮੁਲਾਜ਼ਮ ਗ੍ਰੰਥੀ ਸਾਹਿਬਾਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਹੋਣਾ ਕੋਈ ਗ਼ਲਤ ਗੱਲ ਨਹੀਂ ਪ੍ਰੰਤੂ ਉਸਦਾ ਨਿਰਪੱਖ ਰਹਿਣਾ ਅਸੰਭਵ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਕਿਸੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਧੀਨ ਕੰਮ ਕਰਨਾ ਪੈਂਦਾ ਹੈ। ਕਮੇਟੀ ਤੋਂ ਨੌਕਰੀ ਦੀ ਤਨਖ਼ਾਹ ਲੈਂਦਾ ਹੈ, ਕੁਦਰਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਭਾਵ ਹੇਠ ਰਹੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕਿਸੇ ਦੇ ਅਧੀਨ ਨਹੀਂ ਹੋ ਸਕਦਾ। ਇਸ ਤੋਂ ਬਾਅਦ ਇਸ ਪਵਿੱਤਰ ਸਥਾਨ 'ਤੇ ਨਿਯੁਕਤ ਜਥੇਦਾਰ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਭਾਵ ਅਧੀਨ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿਹੜੇ ਜਥੇਦਾਰ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਠੋਕੇ ਬਣਨ ਤੋਂ ਇਨਕਾਰ ਕੀਤਾ, ਉਨ੍ਹਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਜਾਂਦਾ ਰਿਹਾ। ਇਥੋਂ ਤੱਕ ਕਿ ਕਾਰਜਕਾਰੀ ਭਾਵ ਕੰਮ ਚਲਾਊ ਜਥੇਦਾਰ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ, ਤਾਂ ਜੋ ਉਹ ਆਪਣੇ ਹੁਕਮਰਾਨਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਰਹਿਣ। 1952 ਵਿਚ ਪਹਿਲੀ ਵਾਰ ਪਰਤਾਪ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਕਟਿੰਗ ਅਰਥਾਤ ਕੰਮ ਚਲਾਊ ਜਥੇਦਾਰ ਲਗਾਇਆ। ਉਸ ਤੋਂ ਬਾਅਦ 10 ਵਾਰੀ ਹੋਰ ਐਕਟਿੰਗ ਜਥੇਦਾਰ ਨਿਯੁਕਤ ਕੀਤੇ ਗਏ, ਜਿਨ੍ਹਾਂ ਵਿਚ ਕਿਰਪਾਲ ਸਿੰਘ 1963, ਗੁਰਦੇਵ ਸਿੰਘ ਕਾਉਂਕੇ 1986, ਗੁਰਬਚਨ ਸਿੰਘ ਮਾਨੋਚਾਹਲ, ਦਰਸ਼ਨ ਸਿੰਘ ਰਾਗੀ 1989, ਭਾਈ ਮਨਜੀਤ ਸਿੰਘ 1994, ਪੂਰਨ ਸਿੰਘ 1999 ਅਤੇ ਗਿਆਨੀ ਹਰਪ੍ਰੀਤ ਸਿੰਘ 2018 ਸ਼ਾਮਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਆਪਣੀ ਮਰਜ਼ੀ ਅਨੁਸਾਰ ਚਲਾਉਣ ਲੱਗਾ, ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅਕਾਲੀ ਦਲ ਦੀ ਲਾਈਨ ਟੋਅ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂ ਜਥੇਦਾਰ ਟੌਹੜਾ ਨੂੰ ਹੀ ਪ੍ਰਧਾਨਗੀ ਤੋਂ ਹਟਾ ਦਿੱਤਾ ਗਿਆ। ਫਿਰ ਤਾਂ ਪ੍ਰਧਾਨਗੀ ਦੀ ਪਰਚੀ ਦੇ ਦੋਸ਼ ਅਕਾਲੀ ਦਲ ਦੇ ਪ੍ਰਧਾਨ ਦੀ ਜੇਬ ਵਿਚੋਂ ਨਿਕਲਣ ਲੱਗਣ ਲੱਗ ਪਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੀ ਕਾਰਜਸ਼ੈਲੀ ਵਿਚ ਨਿਘਾਰ ਸ਼ੁਰੂ ਹੋ ਗਿਆ। ਇਸ ਤੋਂ ਬਾਅਦ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਤੋਂ ਜੋ ਫ਼ੈਸਲੇ ਪੰਥਕ ਹਿੱਤਾਂ ਦੇ ਵਿਰੁੱਧ ਕਰਵਾਏ ਗਏ, ਉਨ੍ਹਾਂ ਨੂੰ ਸਿੱਖ ਸੰਗਤ ਜਾਣਦੀ ਹੈ। ਉਨ੍ਹਾਂ ਵਾਦ-ਵਿਵਾਦ ਵਾਲੇ ਫ਼ੈਸਲਿਆਂ ਤੋਂ ਬਾਅਦ ਅਕਾਲੀ ਦਲ ਵੀ ਹਾਸ਼ੀਏ 'ਤੇ ਚਲਾ ਗਿਆ। ਜਿਸ ਸੋਚ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦਾ ਸੰਕਲਪ ਦਿੱਤਾ ਸੀ, ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਤਹਿਸ-ਨਹਿਸ ਕਰ ਦਿੱਤਾ। ਸੋਚਣ ਵਾਲੀ ਗੱਲ ਤਾਂ ਇਹੋ ਹੈ ਕਿ ਕੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਥੇਦਾਰ ਨਿਰਪੱਖ ਹੋ ਕੇ ਫ਼ੈਸਲੇ ਕਰ ਸਕਦੇ ਹਨ? ਪੁਰਾਤਨ ਪ੍ਰੰਪਰਾ ਅਨੁਸਾਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਰਬੱਤ ਖਾਲਸਾ ਦੁਆਰਾ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ ਪ੍ਰੰਤੂ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਯੁਕਤ ਕਰਨੇ ਹਨ, ਤਾਂ ਉਨ੍ਹਾਂ ਲਈ ਕੋਈ ਨਿਯਮ ਬਣਾਉਣੇ ਚਾਹੀਦੇ ਹਨ ਤੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਨਹੀਂ ਹੋਣੇ ਚਾਹੀਦੇ। ਉਨ੍ਹਾਂ ਦੀ ਮਿਆਦ ਨਿਸ਼ਚਿਤ ਹੋਣੀ ਚਾਹੀਦੀ ਹੈ। ਐਕਟਿੰਗ ਜਥੇਦਾਰ ਨਹੀਂ ਹੋਣੇ ਚਾਹੀਦੇ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰਾਂ ਦੀ ਨਿਯੁਕਤੀ ਸਹੀ ਨਿਯਮਾਂ ਅਨੁਸਾਰ ਕਰਦੀ, ਤਾਂ ਸਮਾਨਾਂਤਰ ਜਥੇਦਾਰ ਨਿਯੁਕਤ ਨਹੀਂ ਕਰਨੇ ਪੈਣੇ ਸਨ। ਨਿਰਪੱਖ ਫ਼ੈਸਲਿਆਂ ਲਈ ਨਿਰਪੱਖ ਗੁਰਮੁੱਖ ਗੁਰਮਤਿ ਦੇ ਧਾਰਨੀ ਹੋਣੇ ਚਾਹੀਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਪੰਜ ਤਖ਼ਤਾਂ ਦੇ ਮੁੱਖ ਗ੍ਰੰਥੀਆਂ/ਜਥੇਦਾਰਾਂ ਨਾਲ ਮੀਟਿੰਗ ਕਰਕੇ ਫ਼ੈਸਲੇ ਕਰਕੇ ਹੁਕਮਨਾਮੇ/ਗੁਰਮਤੇ ਜਾਰੀ ਕਰਦੇ ਹਨ ਪ੍ਰੰਤੂ ਬਾਕੀ ਤਖ਼ਤਾਂ ਦੇ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹੁੰਦੇ ਹਨ। ਸਿੱਖ ਧਰਮ ਦੇ 5 ਤਖ਼ਤ ਹਨ, ਜਿਨ੍ਹਾਂ ਦੇ ਮੁਖੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਅਗਵਾਈ ਵਿਚ ਫ਼ੈਸਲੇ ਕਰਕੇ ਹੁਕਮਨਾਮੇ/ਗੁਰਮਤੇ ਜਾਰੀ ਕਰਦੇ ਹਨ। ਇਨ੍ਹਾਂ 5 ਤਖ਼ਤਾਂ ਵਿਚ ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਦਮਦਮਾ ਸਹਿਬ ਤਲਵੰਡੀ ਸਾਬੋ ਦੇ ਮੁੱਖ ਗ੍ਰੰਥੇ/ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹੁੰਦੇ ਹਨ। ਪਟਨਾ ਸਾਹਿਬ ਅਤੇ ਨਾਦੇੜ ਸਾਹਿਬ ਵੀ ਉਥੋਂ ਦੀਆਂ ਪ੍ਰਬੰਧਕੀ ਕਮੇਟੀਆਂ ਦੇ ਮੁਲਾਜ਼ਮ ਹਨ। ਉਨ੍ਹਾਂ ਦੇ ਫ਼ੈਸਲੇ ਕਦੀ ਵੀ ਨਿਰਪੱਖ ਹੋਣ ਦੀ ਸੰਭਾਵਨਾ ਨਹੀਂ ਹੁੰਦੀ ਕਿਉਂਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਤਨਖ਼ਾਹ ਲੈਂਦੇ ਹਨ। ਸਿੱਖ ਸੰਗਤ ਨੂੰ ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਪਤਾ ਲੱਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਮੁਖੀਆਂ ਨੂੰ ਮੁੱਖ ਮੰਤਰੀ ਦੀ ਕੋਠੀ ਚੰਡੀਗੜ੍ਹ ਬੁਲਾਕੇ ਰਾਮ ਰਹੀਮ ਨੂੰ ਮੁਆਫੀ ਦੇਣ ਲਈ ਕਿਹਾ ਗਿਆ ਸੀ। ਉਸ ਦਿਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਅਹੁਦੇ ਦੀ ਤੌਹੀਨ ਹੋਈ ਸੀ। ਹੋਰ ਵੀ ਕਈ ਫ਼ੈਸਲੇ ਵਾਦ-ਵਿਵਾਦ ਦਾ ਕਾਰਨ ਬਣੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿਰਸਾ ਡੇਰੇ ਦੇ ਮੁਖੀ ਰਾਮ ਰਹੀਮ ਨੂੰ ਬਿਨਾ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋਇਆਂ ਹੀ ਮੁਆਫ਼ੀ ਦੇਣਾ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਸੀ। ਇਥੇ ਹੀ ਬੱਸ ਨਹੀਂ, ਸ੍ਰੀ ਅਕਾਲ ਤਖ਼ਤ ਦੇ ਫ਼ੈਸਲੇ ਨੂੰ ਜਾਇਜ਼ ਸਾਬਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 90 ਲੱਖ ਰੁਪਏ ਦੇ ਅਖ਼ਬਾਰਾਂ ਵਿਚ ਇਸ਼ਤਿਹਾਰ ਦੇਣਾ ਇਹ ਸਾਬਤ ਕਰਦਾ ਹੈ ਕਿ ਸ੍ਰੀ ਅਕਾਲ ਤਖ਼ਤ ਦਾ ਫ਼ੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਹਿਣ 'ਤੇ ਹੋਇਆ ਸੀ। ਜੇਕਰ ਸ੍ਰੀ ਅਕਾਲ ਤਖ਼ਤ ਦਾ ਇਹ ਫ਼ੈਸਲਾ ਸਹੀ ਸੀ, ਤਾਂ ਫਿਰ ਸਿੱਖ ਸੰਗਤਾਂ ਦੇ ਵੱਡੇ ਪੱਧਰ 'ਤੇ ਕੀਤੇ ਗਏ ਵਿਰੋਧ ਤੋਂ ਬਾਅਦ ਵਾਪਸ ਕਿਉਂ ਲਿਆ ਗਿਆ? ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਦਾ ਭਾਵ ਇਹ ਸੀ ਕਿ ਰਾਜਨੀਤਿਕ ਤਾਕਤ ਦੀ ਛਤਰ-ਛਾਇਆ ਹੇਠ ਸਿੱਖ ਧਰਮ ਪ੍ਰਫੁਲਿਤ ਹੋਵੇਗਾ ਪ੍ਰੰਤੂ ਰਾਜਨੀਤਿਕ ਲੋਕਾਂ ਵੱਲੋਂ ਅਜਿਹੇ ਫ਼ੈਸਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਭਾਵਨਾ ਦੇ ਉਲਟ ਕਰਕੇ ਉਹ ਲੋਕ ਕੀ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਰਾਜਨੀਤਿਕ ਲੋਕ ਸਿੱਖ ਧਰਮ ਦੀਆਂ ਪ੍ਰੰਪਰਾਵਾਂ ਨੂੰ ਟਿੱਚ ਸਮਝਦੇ ਹਨ? ਇੱਕ ਕਿਸਮ ਨਾਲ ਰਾਜਨੀਤਿਕ ਲੋਕ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ। ਸਾਰੀ ਵਿਚਾਰ ਚਰਚਾ ਤੋਂ ਬਾਅਦ ਇਹ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਕਾਰਜਸ਼ੈਲੀ ਵਿਚ ਤਬਦੀਲੀ ਕਰਨ ਦੀ ਲੋੜ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਬਰਕਰਾਰ ਰੱਖਣ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਨਿਯੁਕਤੀ ਦੀ ਪ੍ਰਣਾਲੀ ਬਣਾਉਣੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੋਣਾ ਚਾਹੀਦਾ ਤੇ ਉਹ ਸਮੁੱਚੀ ਸਿੱਖ ਸੰਗਤ ਨੂੰ ਜਵਾਬਦੇਹ ਹੋਵੇਗਾ, ਨਾ ਕਿ ਸਿਆਸਤਦਾਨਾਂ ਨੂੰ।



# ਪਿੰਡ ਦੀ ਸੱਥ

## ਖੂੰਢ ਚਰਚਾ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
ਪੰਜਾਬ ਮੇਲUSA



ਪਿੰਡ ਦੀ ਸੱਥ ਕੁਝ ਲੋਕ ਤਾਸ਼ ਕੁੱਟ ਰਹੇ ਸਨ, ਕੁਝ ਬਾਰ੍ਹਾਂ-ਟਹਿਣੀ ਖੇਡਣ ਵਿਚ ਮਸਰੂਫ ਸਨ। ਇੱਕ-ਦੋ ਜਣੇ ਅਖ਼ਬਾਰ ਪੜ੍ਹਨ ਵਿਚ ਮਗਨ ਸਨ। ਸਿਆਣੇ ਅਤੇ ਸਾਊ ਲੋਕਾਂ ਨੇ ਅਖਬਾਰ ਵਾਲੇ ਕੋਲ ਬਹਿਕੇ ਆਨੰਦ ਲੈਣ ਵਿਚ ਰੁਚੀ ਦਿਖਾਈ। ਅੱਜ ਦੀਆਂ ਖਬਰਾਂ ਤੋਂ ਹੱਟ ਕੇ ਸੰਪਾਦਕੀ ਡਾਕ ਅਤੇ ਕੁਝ ਲੋਕਾਂ ਦੇ ਤਪਸਰੇ ਆਦਿ ਪੜ੍ਹ ਕੇ ਸਾਰੇ ਆਪੋ-ਆਪਣੇ ਪ੍ਰਤੀਕਰਮ ਦੇਣ ਲੱਗੇ। ਕਿਸੇ ਨੇ ਅਕਾਲੀਆਂ ਦੇ ਪਾਜ ਕਧੇੜੇ, ਕਿਸੇ ਕਾਂਗਰਸ, ਕਿਸੇ ਨੇ ਭਾਜਪਾ, ਕਿਸੇ ਨੇ ਬਹੁਮਤ ਸਮਾਜ ਪਾਰਟੀ ਨੂੰ ਭੰਡਿਆ। ਅੰਨਾ ਹਜ਼ਾਰੇ ਅਤੇ ਕੇਜਰੀਵਾਲ ਦੀ ਰੇਲ ਤਾਂ ਹਰ ਬੰਦੇ ਨੇ ਬਣਾਈ। ਰਾਮਦੇਵ ਦੀ ਸਲਵਾਰ ਸੂਟ ਵਾਲੀ ਗੱਲ ਨੂੰ ਵੀ ਵਾਹਵਾ ਚਟਕਾਰੇ ਲੈ-ਲੈ ਕੇ ਚਿੱਥਿਆ। ਚਿੱਥਦੇ ਵੀ ਕਿਉਂ ਨਾ, ਉਹ ਵੀ ਸੌ ਰੁਪਏ ਵਿਚ ਸਿਲੰਡਰ ਅਤੇ ਪੈਂਤੀ ਰੁਪਏ ਵਿਚ ਪੈਟਰੋਲ ਵੇਚਣ ਦੀਆਂ ਗੱਲਾਂ ਦੇ ਲਿਫਾਫੇ ਭਰ-ਭਰ ਕੇ ਛੱਡਦਾ ਰਿਹਾ ਸੀ। ਅਖੀਰ ਨੂੰ ਬਾਬਾ ਬਖਤੌਰਾ ਕਹਿੰਦਾ, ਛੱਡੋ ਯਾਰ ਇਨ੍ਹਾਂ ਦੀ ਨਿੰਦਾ ਚੁਗਲੀ, ਆਪਾਂ ਆਪਣੇ ਪੰਜਾਬ ਦੀ ਗੱਲ ਕਰੀਏ, ਜਿਸ ਨੂੰ ਧਾੜਵੀਆਂ ਵੱਲੋਂ ਮੁੱਢ ਕਦੀਮ ਤੋਂ ਹਰ ਹੀਲੇ ਲੁੱਟਿਆ ਅਤੇ ਕੁੱਟਿਆ ਜਾਂਦਾ ਰਿਹਾ ਸੀ, ਫਿਰ ਵੀ ਰੱਬ ਦੀ ਰਹਿਮਤ ਸਦਕਾ ਇਹ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰਦਾ ਰਿਹਾ। ਮੁਗਲਾਂ ਦੀ ਡਾਢ੍ਹੀ ਮਾਰ ਤੋਂ ਬਾਅਦ ਪ੍ਰਮਾਤਮਾ ਨੇ ਐਸੀ ਕਿਰਪਾ ਕੀਤੀ ਕਿ ਗੁਰੂ ਸਾਹਿਬਾਨਾਂ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜੀ ਵਰਗੇ ਸਿਰਲੱਥ ਯੋਧੇ ਦਿੱਤੇ, ਨਵਾਬ ਕਪੂਰ ਸਿੰਘ ਜੀ ਵਰਗੀ ਸ਼ਖ਼ਸੀਅਤ ਦਿੱਤੀ, ਜਿਨ੍ਹਾਂ ਨੇ ਅੱਜ ਦੇ ਰਾਜਿਆਂ ਵਾਂਗ ਬਿਜਲੀ, ਪਾਣੀ ਜਾਂ ਬੱਸ ਦਾ ਸਫਰ ਮੁਫਤ ਦੇ ਕੇ ਰਾਜਗੱਦੀ ਨਹੀਂ ਸੀ ਲਈ, ਸਗੋਂ ਪੰਜ ਪਿਆਰਿਆਂ ਦੇ ਸਨਮੁੱਖ ਗਲ਼ ਵਿਚ ਪੱਲਾ ਪਾ ਇਜਾਜ਼ਤ ਮੰਗੀ ਸੀ, ਮੈਂ ਦਿਨੇ-ਦਿਨੇ ਰਾਜਿਆਂ ਵਾਲੀ ਕਲਗੀ ਲਾਵਾਂਗਾ ਅਤੇ ਤੜ੍ਹਕੇ ਦਿਨ ਚੜ੍ਹਨ ਤੋਂ ਪਹਿਲਾਂ-ਪਹਿਲਾਂ ਖਾਲਸੇ ਦੇ ਘੋੜਿਆਂ ਦੀ ਲਿੱਦ ਸੁੱਟਿਆ ਕਰਾਂਗਾ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦੀਆਂ ਗੱਲਾਂ ਤਾਂ ਦੱਸਣ ਦੀ ਲੋੜ ਹੀ ਨਹੀਂ, ਬੱਚਾ-ਬੱਚਾ ਜਾਣੂ ਹੈ ਪਰ ਉਸ ਤੋਂ ਬਾਅਦ ਦੀ ਪੰਜਾਬ ਦੀ ਦਸ਼ਾ ਵੇਖ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। ਪੰਜਾਬ ਸਿੰਹਾਂ ਕਦੇ ਪੰਜਾਂ ਦਰਿਆਵਾਂ ਦੇ ਸ਼ਹਿਦ ਜਿਹੇ ਮਿੱਠੇ ਅਤੇ ਘਿਉ ਜਿਹੇ ਤਾਕਤਵਰ ਪਾਣੀ ਦਾ ਮਾਲਕ ਸੈਂ, ਫਰੰਗੀ ਤੇਰੇ ਬੱਚਿਆਂ ਨੂੰ ਤੇਰੇ ਅੰਮ੍ਰਿਤ ਵਰਗੇ ਪਾਣੀ ਨਾਲੋਂ ਤੋੜ ਕੇ ਕਾਲੇ ਪਾਣੀ ਭੇਜਿਆ ਕਰਦੇ ਸਨ। ਅੱਜ ਕਿਸੇ ਨੂੰ ਕਾਲੇ ਪਾਣੀ ਭੇਜਣ ਦੀ ਲੋੜ ਨਹੀਂ, ਤੇਰਾ ਆਪਣਾ ਪਾਣੀ ਹੀ ਕਾਲਾ ਪਾਣੀ ਹੀ ਨਹੀਂ ਬਣਿਆ, ਸਗੋਂ ਉਸ ਤੋਂ ਸੈਂਕੜੇ ਗੁਣਾ ਖਤਰਨਾਕ ਚੀਜ਼ ਬਣ ਗਿਆ ਹੈ, ਜਾਂ ਇਉਂ ਕਹਿ ਲਵੋ ਕਿ ਪੰਜਾਬ ਸਿੰਹਾਂ ਜਦੋਂ ਤੇਰੇ ਕੋਲ ਪੰਜ ਦਰਿਆ ਸਨ, ਤਾਂ ਤੂੰ ਪੰਜਾਬ ਅਤੇ ਪਾਣੀ ਪੰਜਆਬ ਸੀ ਪਰ ਅੱਜ ਤਿੰਨ ਦਰਿਆ ਹਨ ਤੇ ਪਾਣੀ "ਤਿਜ਼ਾਬ" ਬਣ ਗਿਆ ਹੈ।

ਕਹਿੰਦੇ-ਕਹਿੰਦੇ ਬਖਤੌਰੇ ਦਾ ਗਲ਼ ਭਰ ਆਇਆ, ਸਾਰਿਆਂ ਨੇ ਉਸ ਨੂੰ ਚੁੱਪ ਕਰਾਇਆ, ਪਾਣੀ ਪਿਲਾਇਆ ਅਤੇ ਬਾਕੀ ਦੁੱਖ ਕੱਲ੍ਹ ਨੂੰ ਸੁਣਨ ਦਾ ਯਕੀਨ ਦਵਾ ਕੇ ਸਾਰੇ ਘਰਾਂ ਨੂੰ ਚਲੇ ਗਏ ਕਿਉਂਕਿ ਸ਼ਾਮ ਦੀ ਚਾਹ ਦਾ ਵੇਲਾ ਹੋ ਗਿਆ ਸੀ।



# ਹਥਿਆਰ ਕੋਈ ਖਿਡੌਣਾ ਨਹੀਂ ਹਨ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA



ਵਿਆਹਾਂ ਦੇ ਸੀਜ਼ਨ ਦੌਰਾਨ ਪੰਜਾਬ ਵਿਚ ਹਰ ਦੂਸਰੇ ਚੌਥੇ ਹਫਤੇ ਕੋਈ ਨਾ ਕੋਈ ਖਬਰ ਸੁਣਨ ਨੂੰ ਮਿਲ ਹੀ ਜਾਂਦੀ ਹੈ ਕਿ ਭੰਗੜਾ ਪਾਉਂਦੇ ਸਮੇਂ ਕਿਸੇ ਖਰ ਦਿਮਾਗ ਵਿਅਕਤੀ ਨੇ ਹਵਾਈ ਫਾਇਰਿੰਗ ਕਰਦੇ ਸਮੇਂ ਕਿਸੇ ਬੇਗੁਨਾਹ ਵਿਅਕਤੀ ਦੀ ਜਾਨ ਲੈ ਲਈ ਹੋਵੇ। ਪੰਜਾਬ ਵਿਚ ਇੱਕ ਅੱਧ ਮਾਮਲੇ ਨੂੰ ਛੱਡ ਕੇ ਅੱਜ ਤੱਕ ਕਦੇ ਵੀ ਕਿਸੇ ਲਾਇਸੈਂਸੀ ਹਥਿਆਰ ਵਾਲੇ ਨੇ ਲੁੱਟਣ ਵਾਸਤੇ ਆਏ ਡਾਕੂ, ਲੁਟੇਰੇ, ਕਾਲੇ ਕੱਛੇ ਵਾਲੇ ਜਾਂ ਚੋਰ ਲੁਟੇਰੇ ਆਦਿ ਦੀ ਹਿੱਕ ਵਿਚ ਗੋਲੀ ਨਹੀਂ ਮਾਰੀ। ਲਾਇਸੈਂਸੀ ਹਥਿਆਰਾਂ ਦੀ ਵਰਤੋਂ ਸਿਰਫ ਸ਼ੋਸ਼ੇਬਾਜ਼ੀ ਜਾਂ ਨਿੱਜੀ ਲੜਾਈ ਝਗੜਿਆਂ ਸਮੇਂ ਕੀਤੀ ਜਾਂਦੀ ਹੈ। ਅਨੇਕਾਂ ਅਜਿਹੇ ਕੇਸ ਹੋਏ ਹਨ ਕਿ ਲੁਟੇਰੇ ਘਰ ਲੁੱਟ ਕੇ ਲੈ ਗਏ ਤੇ ਪੰਜਾਬੀ ਸੂਰਮਿਆਂ ਦੀਆਂ ਰਾਈਫਲਾਂ ਪੇਟੀ ਵਿਚ ਰੱਖੀਆਂ ਰਹਿ ਗਈਆਂ। ਰਾਤ ਨੂੰ ਜ਼ਿਆਦਾਤਰ ਲੋਕਾਂ ਨੇ ਸ਼ਰਾਬ ਹੀ ਐਨੀ ਪੀਤੀ ਹੁੰਦੀ ਹੈ ਕਿ ਚੋਰ ਚਾਹੇ ਉਸ ਨੂੰ ਵੀ ਨਾਲ ਹੀ ਚੁੱਕ ਕੇ ਲੈ ਜਾਣ।

ਪੁਰਾਣੇ ਸਮੇਂ ਵਿਚ ਅਸਲ੍ਹੇ ਵਾਲੇ ਵਿਅਕਤੀ ਨੂੰ ਚੋਰ ਡਾਕੂਆਂ ਤੋਂ ਬਚਾਅ ਲਈ ਜੰਝ ਦੇ ਨਾਲ ਲਿਜਾਇਆ ਜਾਂਦਾ ਸੀ। ਉਹ ਕਈ ਵਾਰ ਲੁਟੇਰਿਆਂ, ਬਦਮਾਸ਼ਾਂ ਵਿਚ ਦਹਿਸ਼ਤ ਪਾਉਣ ਲਈ ਇੱਕ ਅੱਧ ਫਾਇਰ ਵੀ ਕੱਢ ਦੇਂਦਾ ਸੀ। ਪਰ ਅੱਜਕੱਲ੍ਹ ਤਾਂ ਵਿਆਹ ਸਮੇਂ ਅਸਲ੍ਹੇ ਵਾਲੇ ਹਵਾਈ ਫਾਇਰ ਕਰਨ ਦੇ ਸ਼ੌਕੀਨ ਫੁਕਰਿਆਂ ਨੂੰ ਖਾਸ ਤੌਰ 'ਤੇ ਕਾਰਡ ਵੰਡੇ ਜਾਂਦੇ ਹਨ ਤੇ ਸਖਤ ਤਾਕੀਦ ਕੀਤੀ ਜਾਂਦੀ ਕਿ ਬਿਨਾਂ ਪਿਸਤੌਲ ਤੋਂ ਨਾ ਆਇਓ। ਉਹ ਗੱਲ ਅਲੱਗ ਹੈ ਕਿ ਅਜਿਹੇ ਵਿਆਹ ਦੀ ਰਿਸੈਪਸ਼ਨ ਕਈ ਵਾਰ ਥਾਣੇ ਦੀ ਹਵਾਲਾਤ ਵਿਚ ਹੁੰਦੀ ਹੈ। ਸੁਣਨ ਵਿਚ ਆਇਆ ਹੈ ਕਿ ਮੈਰਿਜ ਪੈਲੇਸ, ਘੋੜੀ, ਬੈਂਡ ਵਾਜੇ ਅਤੇ ਕੈਟਰਿੰਗ ਦੇ ਨਾਲ-ਨਾਲ ਹੁਣ ਵਿਆਹ ਵਿਚ ਫਾਇਰ ਕਰਨ ਵਾਲਿਆ ਦੀ ਵੀ ਬੁਕਿੰਗ ਹੋਣ ਲੱਗ ਪਈ ਹੈ। ਜਿਨ੍ਹਾਂ ਦਾ ਕੋਈ ਦੋਸਤ ਜਾਂ ਰਿਸ਼ਤੇਦਾਰ ਲਾਇਸੈਂਸ ਵਾਲਾ ਨਹੀਂ, ਉਹ ਕਿਰਾਏ 'ਤੇ ਫਾਇਰ ਕਰਨ ਵਾਲੇ ਲੈ ਲੈਂਦੇ ਹਨ ਤੇ ਉਨ੍ਹਾਂ ਦੀ ਗੋਲੀਆਂ ਦੇ ਹਿਸਾਬ ਨਾਲ ਪੇਮੈਂਟ ਕੀਤੀ ਜਾਂਦੀ ਹੈ। ਜਿਹੜਾ ਮੈਰਿਜ ਪੈਲੇਸ ਵਾਲਾ




ਫਾਇਰ ਕਰਨ ਤੋਂ ਰੋਕਦਾ ਹੈ, ਲੋਕ ਉਸ ਦਾ ਪੈਲੇਸ ਬੁੱਕ ਕਰਨ ਤੋਂ ਟਾਲਾ ਵੱਟ ਜਾਂਦੇ ਹਨ। ਬਹੁਤੇ ਪੈਲੇਸਾਂ ਵਾਲੇ "ਮੈਰਿਜ ਪੈਲੇਸ ਵਿਚ ਫਾਇਰ ਕਰਨਾ ਮਨ੍ਹਾਂ ਹੈ" ਦਾ ਬੋਰਡ ਲਗਾ ਕੇ ਜ਼ਿੰਮੇਵਾਰੀ ਪੂਰੀ ਹੋਈ ਸਮਝ ਲੈਂਦੇ ਹਨ। ਜੇ ਕਿਤੇ ਪੁਲਿਸ ਵਾਲੇ ਦਖਲਅੰਦਾਜ਼ੀ ਕਰਨ ਤਾਂ ਸ਼ਰਾਬੀ ਗਲ ਪੈਂਦੇ ਹਨ ਕਿ ਤੁਸੀਂ ਸਾਡਾ ਵਿਆਹ ਖਰਾਬ ਕਰ ਰਹੇ ਹੋ।

ਪੰਜਾਬ ਵਿਚ ਕਿਸੇ ਨੂੰ ਖੁਸ਼ ਕਰਨਾ ਹੋਵੇ ਤਾਂ ਉਸ ਨੂੰ ਲਾਇਸੰਸ ਬਣਾ ਕੇ ਦੇ ਦਿਉ। ਘਰ ਵਿਚ ਰੋਟੀ ਪੱਕੇ ਨਾ ਪੱਕੇ, ਹਥਿਆਰ ਜ਼ਰੂਰ ਚਾਹੀਦਾ ਹੈ। ਕਈ ਲੋਕਾਂ ਨੇ ਸਾਰੇ ਪਰਿਵਾਰ ਦੇ ਲਾਇਸੰਸ ਬਣਾਏ ਹੁੰਦੇ ਹਨ ਪਰ ਜਦੋਂ ਵਾਰ-ਵਾਰ ਲਾਇਸੰਸ ਰੀਨਿਊ ਕਰਾਉਣੇ ਪੈਂਦੇ ਹਨ, ਤਾਂ ਸ਼ਕਲ ਵੇਖਣ ਵਾਲੀ ਹੁੰਦੀ ਹੈ। ਲੀਡਰਾਂ ਤੇ ਅਫਸਰਾਂ ਕੋਲ ਸਭ ਤੋਂ ਜ਼ਿਆਦਾ ਸਿਫਾਰਸ਼ਾਂ ਲਾਇਸੰਸ ਬਣਾਉਣ ਦੀਆਂ ਹੀ ਆਉਂਦੀਆਂ ਹਨ। ਅਸਲ੍ਹਾ ਰੱਖਣਾ, ਸੰਭਾਲਣਾ ਅਤੇ ਚਲਾਉਣਾ ਬਹੁਤ ਨਾਜ਼ੁਕ ਕੰਮ ਹੈ। 90% ਲੋਕਾਂ ਨੂੰ ਹਥਿਆਰ ਖੋਲ੍ਹਣੇ, ਜੋੜਨੇ ਜਾਂ ਸਾਫ ਕਰਨੇ ਨਹੀਂ ਆਉਂਦੇ। ਪਿਸਤੌਲ ਨੂੰ ਬੁੱਕਲ ਦਾ ਹਥਿਆਰ ਕਿਹਾ ਜਾਂਦਾ ਹੈ, ਜੋ ਆਤਮ ਰੱਖਿਆ ਲਈ ਕੱਪੜਿਆਂ ਦੇ ਥੱਲੇ ਛਿਪਾ ਕੇ ਪਹਿਨਿਆਂ ਜਾਣਾ ਚਾਹੀਦਾ ਹੈ। ਪਰ ਅੱਜਕਲ੍ਹ ਲੋਕਾਂ ਨੂੰ ਵਿਖਾਉਣ ਲਈ ਜਾਣਬੁੱਝ ਕੇ ਪੈਂਟ ਦੀ ਬੈਲਟ ਵਿਚ ਫਸਾਇਆ ਹੁੰਦਾ ਹੈ। ਜੇ ਕਿਸੇ ਚੋਰ-ਲੁਟੇਰੇ ਨੇ ਹਮਲਾ ਕਰਨਾ ਹੋਵੇ, ਤਾਂ ਉਹ ਜੱਫਾ ਮਾਰ ਕੇ ਪਹਿਲਾਂ ਪਿਸਤੌਲ ਹੀ ਕਾਬੂ ਕਰਦਾ ਹੈ।

ਚਾਲੀ-ਪੰਜਾਹ ਸਾਲ ਪਹਿਲਾਂ ਇਲਾਕੇ ਦੇ ਸਿਰਫ ਦੋ-ਚਾਰ ਮੋਹਤਬਰ ਬੰਦਿਆਂ ਕੋਲ ਅਸਲ੍ਹਾ ਹੁੰਦਾ ਸੀ। ਪਿਸਤੌਲ ਵਿਦੇਸ਼ੀ ਹੋਣ ਕਾਰਨ ਬਹੁਤ ਮਹਿੰਗੇ ਸਨ ਤੇ ਹਾਰੀ ਸਾਰੀ ਨਹੀਂ ਸੀ ਖਰੀਦ ਸਕਦਾ। ਪਰ ਮੁਸੀਬਤ ਉਦੋਂ ਸ਼ੁਰੂ ਹੋਈ, ਜਦੋਂ ਸਰਕਾਰੀ ਕਾਨਪੁਰੀ ਪਿਸਤੌਲ ਬਣਨ ਲੱਗ ਪਏ। ਹੁਣ ਹਰ ਜਣਾ-ਖਣਾ ਡੱਬ ਵਿਚ ਫਸਾਈ ਫਿਰਦਾ ਹੈ। ਹਰੇਕ ਨੌਜਵਾਨ ਬਾਲਗ ਹੁੰਦੇ ਸਾਰ ਹੀ ਲਾਇਸੰਸ ਬਣਾਉਣ ਵੱਲ ਭੱਜਦਾ ਹੈ। ਵੀਡੀਉ ਗੇਮਾਂ ਖੇਡ ਕੇ ਤੇ ਪੰਜਾਬੀ ਗਾਇਕਾਂ ਦੇ ਜੱਟਵਾਦੀ ਗਾਣੇ ਸੁਣ ਕੇ ਜਵਾਨ ਹੋਈ ਇਸ ਪੀੜ੍ਹੀ ਨੂੰ ਅਸਲੀਅਤ ਬਾਰੇ ਪਤਾ ਨਹੀਂ ਹੈ। ਜੇ ਗਲਤੀ ਨਾਲ ਵੀ ਗੋਲੀ ਵੱਜ ਕੇ ਕਿਸੇ ਦੀ ਮੌਤ ਹੋ ਜਾਵੇ ਤਾਂ ਗੋਲੀ ਮਾਰਨ ਵਾਲੇ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਉਸ 'ਤੇ ਕਤਲ ਦਾ ਪਰਚਾ ਦਰਜ਼ ਹੁੰਦਾ ਹੈ ਤੇ ਸੁਪਰੀਮ ਕੋਰਟ ਤੱਕ ਵੀ ਜ਼ਮਾਨਤ ਨਹੀਂ ਹੁੰਦੀ ਤੇ ਜੇ ਸਜ਼ਾ ਹੋ ਜਾਵੇ, ਤਾਂ ਸਾਰੀ ਉਮਰ ਜੇਲ੍ਹ ਵਿਚ ਗਰਕ ਹੋ ਜਾਂਦੀ ਹੈ। ਦੋ ਮਿੰਟ ਲਈ ਮਾਰੀ ਫੁਕਰੀ 50-60 ਲੱਖ ਵਿਚ ਪੈਂਦੀ ਹੈ ਤੇ ਪਰਿਵਾਰ ਵਾਲੇ ਥਾਣਿਆਂ ਕਚਹਿਰੀਆਂ 'ਚ ਵੱਖ ਧੱਕੇ ਖਾਂਦੇ ਹਨ। ਜ਼ਿਆਦਾਤਰ ਸਿਆਣੇ ਬੰਦੇ ਤਾਂ ਵਿਆਹ ਵਿਚ ਗੋਲੀ ਚੱਲਦੇ ਸਾਰ ਉੱਠ ਕੇ ਘਰਾਂ ਨੂੰ ਦੌੜ ਜਾਂਦੇ ਹਨ।

ਸਾਡੇ ਨਜ਼ਦੀਕੀ ਪਿੰਡ ਇੱਕ ਵਲੈਤੀਆਂ ਆਪਣੇ ਭਰਾ ਦਾ ਵਿਆਹ ਕਰਨ ਲਈ ਵਿਦੇਸ਼ੋਂ ਆਇਆ ਸੀ। ਉਸ ਨੇ ਆਪਣੇ ਸਾਰੇ ਦੋਸਤਾਂ ਨੂੰ ਬਰਾਤ ਵਿਚ ਹਥਿਆਰ ਲੈ ਕੇ ਆਉਣ ਦਾ ਹੁਕਮ ਜਾਰੀ ਕਰ ਦਿੱਤਾ। ਜਦੋਂ ਮੁਫਤ ਦੀ ਸ਼ਰਾਬ ਨਾਲ ਟੱਲੀ ਹੋਏ ਨਿਸ਼ਾਨਚੀਆਂ ਨੇ ਫਾਇਰ ਖੋਲ੍ਹਿਆ, ਤਾਂ ਇੱਕ ਗੋਲੀ ਲਾੜਾ ਸਾਹਿਬ ਨੂੰ ਹੀ ਜਾ ਲੱਗੀ, ਜਿਸ ਦੀ ਹਸਪਤਾਲ ਜਾ ਕੇ ਮਸਾਂ ਜਾਨ ਬਚੀ। ਸ਼ੁਕਰ ਹੈ ਲਾਵਾਂ ਫੇਰੇ ਹੋ ਗਏ ਸਨ, ਨਹੀਂ ਤਾਂ ਵਿਆਹ ਵਿੱਚੇ ਰਹਿ ਜਾਣਾ ਸੀ। ਬਹੁਤ ਮੁਸ਼ਕਿਲ ਨਾਲ ਮਾਮਲਾ ਦਬਾਇਆ ਗਿਆ ਤੇ ਰਾਤੋ-ਰਾਤ ਦਿੱਲੀ ਤੋਂ ਐਮਰਜੈਂਸੀ ਟਿਕਟ ਕਰਾ ਕੇ ਭੱਜਾ ਵਲਾਇਤੀਆ ਅੱਜ ਤੱਕ ਵਾਪਸ ਨਹੀਂ ਆਇਆ।

ਹਥਿਆਰ ਆਦਮੀ ਦੀ ਆਤਮ ਰੱਖਿਆ ਲਈ ਹੁੰਦੇ ਹਨ, ਸ਼ੋਸ਼ੇਬਾਜ਼ੀ, ਹਵਾਈ ਫਾਇਰ ਜਾਂ ਲੋਕਾਂ ਨੂੰ ਡਰਾਉਣ ਵਾਸਤੇ ਨਹੀਂ। ਹਥਿਆਰ ਹਮੇਸ਼ਾਂ ਘਰ ਵਿਚ ਕਿਸੇ ਸੁਰੱਖਿਅਤ ਜਗ੍ਹਾ 'ਤੇ ਜਿੰਦਰੇ ਹੇਠ ਰੱਖਣੇ ਚਾਹੀਦੇ ਹਨ। ਬੱਚਿਆਂ ਵਿਚ ਹਥਿਆਰ ਨਾਲ ਛੇੜਛਾੜ ਕਰਨ ਦੀ ਬਹੁਤ ਖਿੱਚ ਹੁੰਦੀ ਹੈ। ਕਦੀ ਵੀ ਭਰਿਆ ਹੋਇਆ ਹਥਿਆਰ ਬੱਚਿਆਂ ਨੂੰ ਨਹੀਂ ਪਕੜਾਉਣਾ ਚਾਹੀਦਾ। ਉਹ ਖੇਡ-ਖੇਡ ਵਿਚ ਹੀ ਕਿਸੇ ਨੂੰ ਗੋਲੀ ਮਾਰ ਸਕਦੇ ਹਨ। ਜੇ ਜ਼ਿਆਦਾ ਸਮੇਂ ਲਈ ਘਰੋਂ ਬਾਹਰ ਜਾਣਾ ਹੋਵੇ, ਤਾਂ ਹਥਿਆਰ ਨਜ਼ਦੀਕੀ ਥਾਣੇ ਜਾਂ ਗੰਨ ਹਾਊਸ ਵਿਚ ਜਮ੍ਹਾਂ ਕਰਵਾ ਦੇਣਾ ਚਾਹੀਦਾ ਹੈ। ਬਿਲਕੁਲ ਸੱਚੀਆਂ ਕਹਾਵਤਾਂ ਬਣੀਆਂ ਹਨ ਕਿ ਗੋਲੀ ਹਮੇਸ਼ਾਂ ਬੰਦੇ ਵੱਲ ਹੀ ਜਾਂਦੀ ਹੈ ਤੇ ਕਿਸਮਤ ਮਾੜੀ ਹੋਵੇ ਤਾਂ ਖਾਲੀ ਬੰਦੂਕ ਵੀ ਚੱਲ ਜਾਂਦੀ ਹੈ। ਜੇ ਕਿਸੇ ਵਿਆਹ ਵਿਚ ਫਾਇਰ ਹੁੰਦੇ ਹਨ, ਤਾਂ ਮੈਰਿਜ ਪੈਲੇਸ ਵਾਲੇ ਵੀ ਕਾਨੂੰਨੀ ਕਾਰਵਾਈ ਤੋਂ ਨਹੀਂ ਬਚ ਸਕਦੇ। ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਬੰਧੀ ਨਜ਼ਦੀਕੀ ਥਾਣੇ ਨੂੰ ਸੂਚਨਾ ਦੇਣ। ਸਿਰਫ ਇਹ ਲਿਖ ਦੇਣ ਨਾਲ ਕਿ ਮੈਰਿਜ ਪੈਲੇਸ ਵਿਚ ਫਇਰ ਕਰਨੇ ਮਨ੍ਹਾ ਹਨ, ਜ਼ਿੰਮੇਵਾਰੀ ਤੋਂ ਨਹੀਂ ਭੱਜਿਆ ਜਾ ਸਕਦਾ। ਜਦੋਂ ਵੀ ਕਿਸੇ ਸ਼ਾਦੀ ਵਿਚ ਫਾਇਰ ਹੋਣੇ ਸ਼ੁਰੂ ਹੋਣ, ਆਪਣੇ ਪਰਿਵਾਰ ਸਮੇਤ ਪੱਤਰਾ ਵਾਚ ਜਾਉ। ਜਾਨ ਮੁਰਗੇ ਮੱਛੀ ਤੇ ਮੁਫਤ ਦੀ ਸ਼ਰਾਬ ਨਾਲੋਂ ਬਹੁਤ ਜਿਆਦਾ ਕੀਮਤੀ ਹੁੰਦੀ ਹੈ।

# "ਬੀਬੀ ਰਜਨੀ" ਦੀ ਓਹੀ ਕਹਾਣੀ ਜਿਸ ਨੂੰ ਦਾਦੀ ਮਾਂ ਸੁਣਾਉਂਦੀ ਰਹੀ ਤੇ ਬਣੀ ਫਿਲਮ ਸਮੁੱਚੀ ਸੰਗਤ ਦੇਖੇ - ਯੋਗਰਾਜ ਸਿੰਘ

ਤਰਤੀਬ ਤੇ ਪੇਸ਼ਕਸ਼-
ਅੰਮ੍ਰਿਤ ਪਵਾਰ
ਪੰਜਾਬ ਮੇਲ USA

ਅਸੀਂ ਅੱਜ ਇਹ ਸੋਚ ਕੇ ਸਿੱਖੀ 'ਤੇ ਜਾਂ ਇਸ ਦੇ ਅਹਿਮ ਪੱਖ ਦੱਸਦੀ ਫ਼ਿਲਮ ਬਣਾਈ, ਤਾਂ ਉਹ ਹੋਊ ਡਰਦੇ ਰਹੇ ਤਾਂ ਮਸੰਦ ਜਿੱਤ ਜਾਣਗੇ। ਇਹ ਗੱਲ ਸਦਾਬਹਾਰ ਅਭਿਨੇਤਾ ਯੋਗਰਾਜ ਸਿੰਘ ਨੇ ਉਨ੍ਹਾਂ ਦੀ ਇਸ ਮਹੀਨੇ ਦੇ ਆਖ਼ਿਰ ਵਿਚ ਆ ਰਹੀ ਇਤਿਹਾਸਕ ਫ਼ਿਲਮ "ਬੀਬੀ ਰਜਨੀ" ਦੇ ਸੰਬੰਧ ਵਿਚ ਗੱਲਾਂ ਕਰਨ ਤੋਂ ਪਹਿਲਾਂ ਕਹੀ। ਯੋਗਰਾਜ ਸਿੰਘ ਦ੍ਰਿੜ੍ਹ ਸੰਕਲਪ ਤੇ ਉਸ ਗੁਰੂ ਅਕਾਲ ਪੁਰਖ ਤੋਂ ਡਰਦੇ ਹਨ ਤੇ ਆਖਦੇ ਨੇ ਕਿ ਅੱਜ ਦੀਆਂ ਧੀਆਂ ਜਿਨ੍ਹਾਂ ਕੱਲ੍ਹ ਪਤਨੀਆਂ ਬਣ ਜਾਣਾ, ਨੂੰ ਪਤਾ ਚੱਲੇ ਕਿ ਪਤੀ ਪਰਮੇਸ਼ਵਰ ਹੁੰਦਾ ਹੈ। ਜਿਸ ਤਰ੍ਹਾਂ ਦਾ ਵਰ ਮਾਪੇ ਲੱਭ ਦੇਣ, ਕਬੂਲ ਕਰੋ। ਯੋਗਰਾਜ ਸਿੰਘ ਹਮੇਸ਼ਾ ਆਪਣੀ ਬੇਬਾਕ ਗੱਲਬਾਤ ਲਈ ਮਸ਼ਹੂਰ ਰਹੇ ਹਨ। ਫ਼ਿਲਮ "ਬੀਬੀ ਰਜਨੀ" ਬਾਬਤ ਉਨ੍ਹਾਂ ਨਾਲ ਹੋਈ ਗੱਲਬਾਤ ਦੇ ਅੰਸ਼ :

- **ਪਹਿਲਾ ਸਵਾਲ: "ਬੀਬੀ ਰਜਨੀ" ਇਤਿਹਾਸਕ ਫ਼ਿਲਮ ਤੁਸੀਂ ਕੀਤੀ ਹੈ, ਨਿਰਮਾਤਾ ਡਰ ਨਹੀਂ ਗਏ ਕਿ ਧਰਮ ਦੇ ਠੇਕੇਦਾਰ ਰੋਕ ਲਾਉਣ ਦਾ ਫੁਰਮਾਨ ਜਾਰੀ ਨਾ ਕਰਨ ?**

**ਜਵਾਬ** : ਡਰ ਗਿਆ ਮਰ ਗਿਆ। ਪਿੰਕੀ ਧਾਲੀਵਾਲ ਮਹਾਨ ਇਨਸਾਨ ਏ, ਉਹ ਰਗ-ਰਗ ਮਿਊਜ਼ਿਕ ਇੰਡਸਟਰੀ ਦੀ ਜਾਣਦੇ ਹਨ। ਇਨ੍ਹਾਂ ਨੇ ਮੇਰੇ ਨਾਲ ਗੱਲ ਕੀਤੀ ਕਿ ਆਪਾਂ ਆਪਣੇ ਇਤਹਾਸਕ ਵਿਰਸੇ ਤੋਂ ਭੱਜਦੇ ਰਹੇ ਤਾਂ ਕੀ ਫਿਰ ਕੋਈ ਮਹੇਸ਼ਵਰੀ ਹੀ ਆ ਫ਼ਿਲਮ ਕਰਨਗੇ। ਇਸ ਲਈ ਵਾਹਿਗੁਰੂ ਦਾ ਨਾਮ ਲੈਣ ਬਾਅਦ ਫ਼ਿਲਮ ਬਣੀ।

- **ਦੂਜਾ ਸਵਾਲ : ਯੋਗਰਾਜ ਸਿੰਘ ਨੇ ਇਸ ਫਿਲਮ ਵਿਚ ਕਿਹਦਾ ਕਿਰਦਾਰ ਅਦਾ ਕੀਤਾ ਹੈ ਤੇ ਕਿਰਦਾਰ ਕਰਦੇ ਸਮੇਂ ਕੋਈ ਖਾਸ ਗੱਲ ?**

**ਜਵਾਬ** : ਮੈਂ ਰਾਜਾ ਦੂਨੀ ਚੰਦ ਬਣਿਆ ਹਾਂ, ਇਹ ਕਹਾਣੀ ਬਚਪਨ ਵਿਚ ਮੇਰੀ ਮਾਂ ਨੇ ਸੁਣਾਈ ਸੀ। ਕਿਰਦਾਰ ਕਰਦੇ ਮੈਂ ਆਪਣੇ ਆਪ ਨੂੰ ਜ਼ਾਲਿਮ ਰਾਜੇ ਵਜੋਂ ਲਿਆ ਤੇ ਕਿਰਦਾਰ ਸਹਿਜ ਅਵਸਥਾ ਵਿਚ ਹੋਇਆ।




ਯੋਗਰਾਜ ਸਿੰਘ, ਰੂਪੀ ਗਿੱਲ ਤੇ ਜੱਸ ਬਾਜਵਾ ਫ਼ਿਲਮ "ਬੀਬੀ ਰਜਨੀ" ਵਿਚ।

- **ਤੀਜਾ ਸਵਾਲ: "ਬੀਬੀ ਰਜਨੀ" ਦੇ ਬਾਕੀ ਸਟਾਰ ਕਿਹੜੇ ਹਨ ਤੇ ਸਾਰਿਆਂ ਦਾ ਫ਼ਿਲਮ ਬਾਬਤ ਨਜ਼ਰੀਆ ?**

**ਜਵਾਬ** : ਰੂਪੀ ਗਿੱਲ ਪੰਜਾਬ ਦੀ ਹੋਣਹਾਰ ਧੀ ਤੇ ਵਧੀਆ ਐਕਟ੍ਰੈੱਸ ਹੈ। ਉਸ ਨੇ "ਬੀਬੀ ਰਜਨੀ" ਬਣ ਜਾਣ ਲਈ ਕਈ ਗੱਲਾਂ ਸਾਡੇ ਨਾਲ ਸਾਂਝੀਆਂ ਕੀਤੀਆਂ। ਉਸ ਨੇ ਹੱਸ ਕੇ ਪਰ ਗੰਭੀਰ ਹੋ ਕਿ ਕਿਹਾ ਕਿ ਉਹ ਹਮੇਸ਼ਾ ਪਤੀਵਰਤਾ ਔਰਤ ਦੇ ਤੌਰ 'ਤੇ ਵਿਆਹ ਬਾਅਦ ਵਿਚਰੇਗੀ। ਰੂਪੀ ਨੇ ਕਿਰਦਾਰ ਵਿਚ ਜਾਨ ਪਾਈ ਹੈ।

- **ਚੌਥਾ ਸਵਾਲ : ਜੱਸ ਬਾਜਵਾ ਨਾਲ ਕੰਮ ਕਿਵੇਂ ਦਾ ਰਿਹਾ ?**

**ਜਵਾਬ** : ਜੱਸ ਬਾਜਵਾ ਤੇ ਰੂਪੀ ਮੇਰੇ ਲਈ ਬੱਚਿਆਂ ਵਾਂਗ ਹਨ। ਅਸੀਂ ਇੱਕ ਦੂਜੇ ਦੀ ਹੈਲਪ ਕੀਤੀ ਤੇ ਫ਼ਿਲਮ ਨੂੰ ਵਧੀਆ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ।

- **ਪੰਜਵਾਂ ਸਵਾਲ : ਫ਼ਿਲਮ ਬਾਬਤ ਹੋਰ ਕੀ ਕਹੋਗੇ ?**

**ਜਵਾਬ** : ਅਮਰ ਹੁੰਦਲ ਨੇ ਬਹੁਤ ਮਿਹਨਤ ਕੀਤੀ ਹੈ। ਉਸ ਵੇਲੇ ਅਨੁਸਾਰ ਫ਼ਿਲਮ ਨੂੰ ਢਾਲਿਆ ਹੈ। ਮੈਂ ਸਾਰੇ ਪੰਜਾਬੀਆਂ ਨੂੰ ਕਹਾਂਗਾ ਕਿ ਇਹ ਫਿਲਮ ਜ਼ਰੂਰੀ ਦੇਖਣ। ਇਸ ਨਾਲ ਸਮਾਜਿਕ ਰਿਸ਼ਤੇ ਸਹੀ ਹੋਣਗੇ।







ਇਤਿਹਾਸਕ ਪੰਜਾਬੀ ਸਿਨੇਮਾ ਬਣਿਆ ਹੀ ਨਹੀਂ। ਇਸ ਤੋਂ ਇਹ ਸ਼ੁਰੂ ਹੋਏ ਤੇ "ਬੀਬੀ ਰਜਨੀ" ਰਿਕਾਰਡ ਤੋੜ ਕਾਮਯਾਬੀ ਲਏ।

- **ਛੇਵਾਂ ਸਵਾਲ : ਕ੍ਰਿਕਟ ਚੱਲਦੀ ਹੈ, ਐਕਟਿੰਗ ਅਲੱਗ ਹੈ, ਇੱਕ ਪਾਸੇ ਬੀਬੀ ਰਜਨੀ ਦੂਜੇ ਪੈਸੇ ਮੈਦਾਨ, ਕਿਸ ਤਰ੍ਹਾਂ ਤਾਲਮੇਲ ਬੈਠਦਾ ਹੈ ?**

**ਜਵਾਬ** : "ਬੀਬੀ ਰਜਨੀ" ਕਰਨ ਦੇ ਨਾਲ ਚੰਡੀਗੜ੍ਹ ਸੀ, ਤਾਂ ਡੀ.ਏ.ਵੀ. ਕਾਲਜ ਜਾ ਕੇ ਬੱਚਿਆਂ ਨੂੰ ਖੇਡ ਦੀ ਟ੍ਰੇਨਿੰਗ ਦਿੰਦਾ ਹਾਂ। ਕ੍ਰਿਕਟ ਵੀ ਮੇਰਾ ਧਰਮ ਹੈ। ਮੈਂ ਖਿਡਾਰੀਆਂ ਨੂੰ ਵੀ ਕਿਹਾ ਹੈ ਕਿ ਉਹ "ਬੀਬੀ ਰਜਨੀ" ਜ਼ਰੂਰ ਦੇਖਣ। ਇਹ ਫ਼ਿਲਮ ਰੱਬ ਨਾਲ ਜੋੜਦੀ ਹੈ।

- **ਸੱਤਵਾਂ ਸਵਾਲ : ਤੁਸੀਂ ਆਪਣੀ ਰੂਪ ਰੇਖਾ ਕਾਫੀ ਧਾਰਮਿਕ ਰੰਗਤ ਵਾਲੀ ਬਣਾ ਲਈ ਹੈ ?**

**ਜਵਾਬ** : ਮੈਂ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸਪੁੱਤਰ ਹਾਂ, ਮੈਂ ਬਾਬਾ ਦਰਸ਼ਨ ਸਿੰਘ ਜੀ ਕੋਲ ਟਾਹਲਾ ਸਾਹਿਬ ਅਕਸਰ ਜਾਂਦਾ ਹਾਂ, ਮੈਨੂੰ ਪਾਠ ਕਰਨ, ਭਗਤੀ ਕਰਨ ਵਿਚ ਅਲੌਕਿਕ ਅਨੰਦ ਆਉਂਦਾ ਹੈ। "ਬੀਬੀ ਰਜਨੀ" ਫ਼ਿਲਮ ਕਰਨ ਨਾਲ ਮਨ ਕੁਦਰਤੀ ਹੋਰ ਰੱਬ ਨਾਲ ਜੁੜਿਆ ਰਿਹਾ।

- **ਅੱਠਵਾਂ ਸਵਾਲ : ਤੁਹਾਡੇ ਘਰ ਪਰਿਵਾਰ ਬਾਬਤ ਵੀ ਕੋਈ ਗੱਲ ਹੋ ਜਾਏ ?**

**ਜਵਾਬ** : ਸਰਦਾਰਨੀ ਨੀਨਾ ਬੁੰਦੇਲ ਮੇਰੀ ਸਰਦਾਰਨੀ ਦੋਨੋਂ ਬੱਚੇ ਵਿਕਟਰ ਤੇ ਐਮੀ ਨੂੰ ਪਰਵਰਿਸ਼ ਦਿੰਦੀ ਹੈ, ਮੈਂ ਬਾਪ ਦੇ ਫ਼ਰਜ਼ ਨਿਭਾ ਰਿਹਾ ਹਾਂ। ਯੁਵਰਾਜ ਸਿੰਘ ਦਾ ਫਿਰ ਕ੍ਰਿਕਟ ਦਾ ਵਕਤ ਆ ਰਿਹਾ ਹੈ। ਵੈਸੇ ਵੀ ਸੀ.ਐੱਲ. ਖਿਤਾਬ ਉਸ ਦੀ ਕਪਤਾਨੀ ਵਿਚ ਮਿਲਿਆ ਹੈ। ਇਸ ਦੇ ਨਾਲ ਯੋਗਰਾਜ ਸਿੰਘ ਨੇ ਕਿਹਾ ਕਿ ਅੱਜ ਵਕਤ ਸਿਨੇਮਾ ਦਾ ਮੀਡੀਆ ਦਾ ਹੈ, ਅਸੀਂ ਇਤਿਹਾਸ ਛੁਪਿਆ ਨਾ ਰਹਿਣ ਦੇਈਏ, ਬਲਕਿ "ਬੀਬੀ ਰਜਨੀ" ਜਿਹੀਆਂ ਫ਼ਿਲਮਾਂ ਬਣਾ ਕੇ ਦੁਨੀਆਂ ਨੂੰ ਔਰਤ ਦੀ ਮਹਾਨਤਾ ਤੋਂ ਜਾਣੂ ਕਰਵਾਈਏ।

ਬਹੁਤ ਖੁਸ਼ੀ ਹੋਈ ਯੋਗਰਾਜ ਸਿੰਘ ਨਾਲ ਗੱਲਬਾਤ ਕਰ ਕੇ। ਜਨਤਾ ਨੂੰ ਵੀ ਚਾਹੀਦਾ ਹੈ ਕਿ ਪੁੱਠੇ ਪਾਸੇ ਬਹੁਤ ਜਾਂਦੇ ਹਾਂ, ਆਪਣੇ ਇਤਿਹਾਸਕ ਵਿਰਸੇ ਦੀ ਕਦਰ ਕਰੀਏ ਤੇ "ਬੀਬੀ ਰਜਨੀ" ਜਿਹੀਆਂ ਫ਼ਿਲਮਾਂ ਵੱਧ ਤੋਂ ਵੱਧ ਬਣਨ 'ਤੇ ਦੇਖੀਏ।

# ਗੁਰਮਤਿ ਦੇ ਰੰਗ ਵਿਚ ਰੰਗਿਆ ਸੱਜਣ : ਗਿਆਨੀ ਸੋਢੀ ਨਿਰੰਜਨ ਸਿੰਘ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA

ਅਧਿਆਪਨ ਦਾ ਕਿੱਤਾ ਬੜਾ ਪਵਿੱਤਰ ਹੈ, ਪ੍ਰੰਤੂ ਜੇਕਰ ਅਧਿਆਪਕ ਗੁਰਮਤਿ ਦੇ ਰੰਗ ਵਿਚ ਰੰਗਿਆ ਹੋਵੇ, ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਜਿਹੜਾ ਅਧਿਆਪਕ ਮੁਲਤਾਨ ਜ਼ਿਲ੍ਹੇ ਦਾ ਜੰਮਪਲ ਤੇ ਸੋਢੀ ਵੰਸ਼ ਦਾ ਵਾਰਸ ਹੋਵੇ ਤਾਂ ਉਸ ਦੇ ਵਿਅਕਤੀਤੱਵ ਨੂੰ ਚਾਰ ਚੰਨ੍ਹ ਲੱਗ ਜਾਂਦੇ ਹਨ। ਵਿਦਿਆਰਥੀਆਂ ਨੂੰ ਆਪਣਾ ਸਰਮਾਇਆ ਸਮਝਦਾ ਹੋਇਆ, ਉਨ੍ਹਾਂ ਨੂੰ ਗੁਰਮਤਿ ਦੇ ਰੰਗ ਵਿਚ ਰੰਗਕੇ ਪੜ੍ਹਾਈ ਕਰਨ ਲਈ ਪ੍ਰੇਰਦਾ ਹੋਵੇ, ਤਾਂ ਕੁਦਰਤੀ ਹੈ ਕਿ ਵਿਦਿਆਰਥੀ ਦੇਸ਼ ਤੇ ਕੌਮ ਲਈ ਮਰ ਮਿਟਣ ਵਾਲੇ ਦੇਸ਼ ਭਗਤ ਬਣਨਗੇ। ਅਜਿਹਾ ਹੀ ਇਕ ਅਧਿਆਪਕ ਗਿਆਨੀ ਸੋਢੀ ਨਿਰੰਜਨ ਸਿੰਘ ਸੀ, ਜਿਸ ਦੇ ਵਿਦਿਆਰਥੀ ਸਮਾਜ ਦੇ ਵੱਖ-ਵੱਖ ਸ਼ੋਹਬਿਆਂ ਵਿਚ ਆਪਣੀ ਲਿਆਕਤ ਦਾ ਪ੍ਰਗਟਾਵਾ ਕਰਦੇ ਹੋਏ, ਆਪਣੀ ਸਫਲਤਾ ਦਾ ਸਿਹਰਾ ਆਪਣੇ ਗੁਰੂ ਦੇਵ ਸੋਢੀ ਨਿਰੰਜਨ ਸਿੰਘ ਨੂੰ ਦਿੰਦੇ ਨਹੀਂ ਥੱਕਦੇ। ਉਨ੍ਹਾਂ ਦੇ ਸਵਰਗਵਾਸ ਹੋਣ ਦੇ 51 ਸਾਲ ਬੀਤ ਜਾਣ ਦੇ ਬਾਅਦ ਵੀ ਗਿਆਨੀ ਸੋਢੀ ਨਿਰੰਜਨ ਸਿੰਘ ਦੀ ਵਿਦਵਤਾ ਤੇ ਸਿਆਣਪ ਦੇ ਝੰਡੇ ਝੂਲ ਰਹੇ ਹਨ। ਉਨ੍ਹਾਂ ਦੇ ਵਿਦਿਆਰਥੀਆਂ ਦੇ ਚਹੇਤਾ ਹੋਣ ਦਾ ਸਬੂਤ ਇਥੋਂ ਮਿਲਦਾ ਹੈ ਕਿ ਪੰਜਾਬੀ ਵਿਦਵਾਨ ਲੇਖਕ ਵਰਿਆਮ ਸਿੰਘ ਸੰਧੂ ਉਨ੍ਹਾਂ ਦੀ ਕਾਬਲੀਅਤ ਦਾ ਜ਼ਿਕਰ ਕਰਦਾ ਹੋਇਆ ਭਾਵੁਕ ਹੋ ਜਾਂਦਾ ਹੈ। ਸਕੂਲ ਪੱਧਰ ਦੇ ਪੰਜਾਬੀ ਅਧਿਆਪਕ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ, ਪ੍ਰੰਤੂ ਗਿਆਨੀ ਸੋਢੀ ਨਿਰੰਜਨ ਸਿੰਘ ਦਾ ਪੰਜਾਬੀ ਪੜ੍ਹਾਉਣ ਦੇ ਢੰਗ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ ਕਿ ਉਹ ਉਸ ਸਮੇਂ ਸ਼ਬਦ ਜੋੜ ਦਾ ਖਾਸ ਧਿਆਨ ਰੱਖਦੇ ਸਨ, ਜਦੋਂਕਿ ਅਜੋਕੇ ਕਾਲਜਾਂ ਅਤੇ ਯੂਨੀਵਰਸਿਟੀ ਦੇ ਕੁਝ ਵਿਦਵਾਨਾਂ ਨੂੰ ਖੁਦ ਵੀ ਸ਼ਬਦ ਜੋੜਾਂ ਦੀ ਸਹੀ ਜਾਣਕਾਰੀ ਨਹੀਂ ਹੈ। ਉਹ ਗੁਰਬਾਣੀ ਦੇ ਗਿਆਤਾ ਸਨ। ਬਹੁਤੀ ਗੁਰਬਾਣੀ ਉਨ੍ਹਾਂ ਨੂੰ ਮੂੰਹ ਜ਼ੁਬਾਨੀ ਯਾਦ ਸੀ। ਗਿਆਨੀ ਸੋਢੀ ਨਿਰੰਜਨ ਸਿੰਘ ਸਾਹਿਤ ਪ੍ਰੇਮੀ ਸਨ, ਉਨ੍ਹਾਂ ਦੀ ਵਿਰਾਸਤ ਅਰਥਾਤ ਉਨ੍ਹਾਂ ਦੇ ਪਿਤਾ ਸੋਢੀ ਫ਼ਕੀਰ ਦਾਸ ਸਾਹਿਤ ਦੇ ਪਾਠਕ ਸਨ, ਜਿਨ੍ਹਾਂ ਤੋਂ ਉਨ੍ਹਾਂ ਨੂੰ ਪੰਜਾਬੀ ਦਾ ਸਾਹਿਤ ਪੜ੍ਹਨ ਦੀ ਪ੍ਰੇਰਨਾ ਮਿਲੀ। ਗਿਆਨੀ ਨਿਰੰਜਨ ਸਿੰਘ ਅੱਖਰੀ ਪੜ੍ਹਾਈ ਦੇ ਨਾਲ ਵਿਦਿਆਰਥੀਆਂ ਨੂੰ ਸਫ਼ਲ ਜ਼ਿੰਦਗੀ ਬਸਰ ਕਰਨ ਦੇ ਗੁਰ ਦੱਸਦੇ ਸਨ। ਉਹ ਸਮਝਦੇ ਸਨ, ਅੱਖਰੀ ਪੜ੍ਹਾਈ ਨੌਕਰੀਆਂ ਪ੍ਰਾਪਤ ਕਰਨ ਲਈ ਤਾਂ ਲਾਹੇਵੰਦ ਹੁੰਦੀ ਹੈ ਪ੍ਰੰਤੂ ਜ਼ਿੰਦਗੀ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਸਮਾਜਿਕ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਜਾਣਕਾਰੀ ਹੋਣੀ ਅਤਿ ਜ਼ਰੂਰੀ ਹੁੰਦੀ ਹੈ। ਗਿਆਨੀ ਨਿਰੰਜਨ ਸਿੰਘ ਦੀ ਵੇਸ਼ਭੂਸ਼ਾ ਇਕ ਫ਼ਕੀਰ ਯੋਗੀ ਦੀ ਹੋਣ ਕਰਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਿਅਕਤੀਤੱਵ ਵਿਚੋਂ ਅਲਾਹੀ ਅਧਿਆਤਮਿਕ ਵਿਦਵਤਾ ਦਾ ਖਜ਼ਾਨਾ ਵਿਖਾਈ ਦਿੰਦਾ ਸੀ। ਦੁੱਧ ਵਰਗਾ ਚਿੱਟਾ ਪਹਿਰਾਵਾ ਅਤੇ ਜੋਗੀਆ ਰੰਗ ਦੀ ਗੋਲਦਾਰ ਦਸਤਾਰ ਗਿਆਨੀ ਨਿਰੰਜਨ ਸਿੰਘ ਦੇ ਇੱਕ ਧਾਰਮਿਕ ਬੁੱਧੀਮਾਨ ਵਿਅਕਤੀਤੱਵ ਦਾ ਪ੍ਰਗਟਾਵਾ ਕਰਦੀ ਸੀ। ਪੜ੍ਹਾਈ ਕਰਨ ਲਈ ਲਗਾਤਾਰ ਮਿਹਨਤ ਕਰਨ ਦੀ ਪ੍ਰੇਰਨਾ ਦਿੰਦੇ ਹੋਏ, ਉਹ ਅਜਿਹੀਆਂ ਉਦਾਹਰਨਾਂ ਦਿੰਦੇ ਸਨ, ਜਿਹੜੀਆਂ ਵਿਦਿਆਰਥੀਆਂ ਦੇ ਦਿਲ ਅਤੇ ਦਿਮਾਗ਼ ਵਿਚ ਬੈਠ ਜਾਂਦੀਆਂ ਸਨ। ਉਨ੍ਹਾਂ ਦੀਆਂ ਉਦਾਹਰਨਾਂ ਦ੍ਰਿਸ਼ਟਾਂਤਕ ਸੀਨ ਪੈਦਾ ਕਰ ਦਿੰਦੀਆਂ ਸਨ। ਉਹ ਵਿਦਿਆਰਥੀਆਂ ਨੂੰ ਅਨੁਸ਼ਾਸਿਤ ਜੀਵਨ ਬਸਰ ਕਰਨ ਦੀ ਜ਼ਰੂਰਤ ਨੂੰ ਮਹਿਸੂਸ ਕਰਵਾ ਦਿੰਦੇ ਸਨ ਕਿਉਂਕਿ ਕਿਸੇ ਖੇਤਰ ਵਿਚ ਸਫਲਤਾ ਲਈ ਕਿਸੇ ਕਾਇਦੇ-ਕਾਨੂੰਨ ਨਾਲ ਵਿਚਰਣਾ ਜ਼ਰੂਰੀ ਹੁੰਦਾ ਹੈ। ਬੱਚੇ ਆਮ ਤੌਰ 'ਤੇ ਕਿਸੇ ਕਿਸਮ ਦੇ ਉਪਦੇਸ਼ ਲੈਣ ਤੋਂ ਇਨਕਾਰੀ ਹੁੰਦੇ ਹਨ ਪ੍ਰੰਤੂ ਸੋਢੀ ਨਿਰੰਜਨ ਸਿੰਘ ਗੁਰਬਾਣੀ ਦੀਆਂ ਤੁਕਾਂ ਦੀਆਂ ਉਦਾਹਰਣਾਂ ਦੇ ਕੇ ਬੱਚਿਆਂ ਨੂੰ ਉਪਦੇਸ਼ ਦਿੰਦੇ ਸਨ। ਇਸ ਤੋਂ ਇਲਾਵਾ ਉਹ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਮਿੱਥ ਕੇ ਉਸ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰਨ ਦੀ ਸਲਾਹ ਦਿੰਦੇ ਸਨ। ਜਿਹੜੇ ਵਿਦਿਆਰਥੀ ਉੱਚਾ ਨਿਸ਼ਾਨਾ ਨਹੀਂ ਮਿੱਥਦੇ ਸਨ, ਉਨ੍ਹਾਂ ਨੂੰ ਵੱਡੇ ਨਿਸ਼ਾਨੇ ਨਿਸ਼ਚਿਤ ਕਰਨ ਦੀ ਵਿਅੰਗ ਨਾਲ ਸਲਾਹ ਦੇਣ ਸਮੇਂ ਇਸ ਗੱਲ ਦਾ ਧਿਆਨ ਰੱਖਦੇ ਸਨ ਕਿ ਬੱਚਿਆਂ ਵਿਚ ਹੀਣ ਭਾਵਨਾ ਪੈਦਾ ਨਾ ਹੋ ਜਾਵੇ। ਉਹ ਗੁਰਮੁੱਖ ਵਿਅਕਤੀ ਸਨ। ਉਨ੍ਹਾਂ ਦੀ ਲਿਖਾਈ ਬਹੁਤ ਖੁਸ਼ਕਤ ਸੀ। ਉਹ ਸਕੂਲ ਦੀਆਂ ਕੰਧਾਂ 'ਤੇ ਕਲਾਤਮਿਕ ਢੰਗ ਨਾਲ ਗੁਰਬਾਣੀ ਦੀਆਂ ਤੁੱਕਾਂ ਮੋਟੇ ਚਾਰਟਾਂ 'ਤੇ ਲਿਖਕੇ ਟੰਗ ਦਿੰਦੇ ਸਨ, ਤਾਂ ਜੋ ਵਿਦਿਆਰਥੀ ਸਿੱਖੀ ਸੋਚ ਨਾਲ ਜੁੜੇ ਰਹਿਣ ਅਤੇ ਸਦਾਚਾਰ ਦੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦਿੰਦੇ ਰਹਿਣ। ਉਨ੍ਹਾਂ ਦੀ ਦੂਰ ਅੰਦੇਸ਼ੀ ਦਾ ਪਤਾ ਲੱਗਦਾ ਹੈ, ਜਦੋਂ ਅੱਜਕੱਲ੍ਹ ਉਸੇ ਤਰਜ਼ 'ਤੇ ਸਕੂਲਾਂ ਵਿਚ ਇਹ ਤੁੱਕਾਂ ਲਿਖੀਆਂ ਜਾਂਦੀਆਂ ਹਨ। ਗਿਆਨੀ ਨਿਰੰਜਨ ਸਿੰਘ ਦੀ ਸਰੀਰਕ



ਤਸਵੀਰ : ਗਿਆਨੀ ਸੋਢੀ ਨਿਰੰਜਨ ਸਿੰਘ

ਸਿੱਖਿਆ ਦੀ ਨਸੀਅਤ ਵੀ ਕਮਾਲ ਦੀ ਹੁੰਦੀ ਸੀ। ਉਹ ਵਿਦਿਆਰਥੀਆਂ ਨੂੰ ਉਸ ਸਮੇਂ ਸਰੀਰਕ ਕਸਰਤਾਂ ਦੇ ਨਾਲ ਸੈਰ ਕਰਨ ਦੀ ਤਾਕੀਦ ਵੀ ਕਰਦੇ ਸਨ। ਉਹ ਕੁਦਰਤ ਦੇ ਕਾਦਰ ਦੇ ਪ੍ਰਸ਼ੰਸਕ ਸਨ, ਇਸ ਲਈ ਵਿਦਿਆਰਥੀਆਂ ਨੂੰ ਕੁਦਰਤ ਨਾਲ ਪਿਆਰ ਕਰਨ ਅਤੇ ਕੁਦਰਤ ਦੀਆਂ ਰਹਿਮਤਾਂ ਦਾ ਲਾਭ ਉਠਾਉਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਗੁਰਬਾਣੀ ਅਤੇ ਗੁਰਮਤਿ ਦੇ ਪ੍ਰੇਮੀ ਹੋਣ ਕਰਕੇ ਦਸਾਂ ਨਹੁੰਾਂ ਦੀ ਕਿਰਤ ਕਰਨ ਨੂੰ ਸੁਭਾਗ ਸਮਝਦੇ ਸਨ। ਉਹ ਬੱਚਿਆਂ ਨੂੰ ਆਪਣੇ ਮਾਪਿਆਂ ਨਾਲ ਪਰਿਵਾਰਿਕ ਕੰਮ ਕਰਨ ਲਈ ਵੀ ਉਤਸ਼ਾਹਤ ਕਰਦੇ ਸਨ, ਤਾਂ ਜੋ ਬੱਚਿਆਂ ਵਿਚ ਕਿਰਤ ਕਰਨ ਦੀ ਰੁਚੀ ਪੈਦਾ ਹੋ ਸਕੇ। ਉਹ ਇਹ ਵੀ ਸਮਝਾਉਂਦੇ ਸਨ ਕਿ ਕਿਰਤ ਕਰਨ ਵਾਲਾ ਵਿਅਕਤੀ ਕਦੀਂ ਵੀ ਅਸਫਲ ਨਹੀਂ ਹੁੰਦਾ। ਕਿਰਤ ਕਰੋ ਤੇ ਵੰਡ ਛੱਕੋ ਦੇ ਸਿਧਾਂਤ 'ਤੇ ਪਹਿਰਾ ਦੇਣ ਵਿਚ ਖ਼ੁਸ਼ੀ ਮਹਿਸੂਸ ਕਰਦੇ ਸਨ, ਜਿਸ ਕਰਕੇ ਉਨ੍ਹਾਂ ਦੇ ਵਿਦਿਆਰਥੀ ਅੱਜ ਵੀ ਕਿਰਤ ਦੀ ਪ੍ਰਵਿਰਤੀ 'ਤੇ ਪਹਿਰਾ ਦੇ ਰਹੇ ਹਨ। ਛੁੱਟੀਆਂ ਵਿਚ ਉਹ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਉਣ ਲਈ ਤਰਨਤਾਰਨ ਸਾਹਿਬ ਅਤੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਸਰ ਲੈ ਕੇ ਜਾਂਦੇ, ਉਥੇ ਦੁਰਗਿਆਨਾ ਮੰਦਰ ਅਤੇ ਜੱਲ੍ਹਿਆਂ ਵਾਲਾ ਬਾਗ ਜ਼ਰੂਰ ਲੈ ਕੇ ਜਾਂਦੇ ਸਨ, ਤਾਂ ਜੋ ਬੱਚਿਆਂ ਵਿਚ ਧਾਰਮਿਕ ਸਦਭਾਵਨਾ ਤੇ ਦੇਸ਼ ਭਗਤੀ ਦੀ ਜੋਤੀ ਪ੍ਰਜਵਲਿਤ ਹੋ ਸਕੇ। ਉਹ ਸਾਰੇ ਧਰਮਾਂ ਦਾ ਇੱਕੋ ਜਿਹਾ ਸਤਿਕਾਰ ਕਰਦੇ ਸਨ। ਉਨ੍ਹਾਂ ਵਿਚ ਇੱਕ ਸੱਚੀ-ਸੁੱਚੀ ਰੂਹ ਦਾ ਵਾਸਾ ਸੀ। ਉਹ ਸਮਾਜ ਦੇ ਲੋਕਾਂ ਨਾਲ ਜ਼ਮੀਨੀ ਪੱਧਰ 'ਤੇ ਜੁੜੇ ਹੋਏ ਸਨ, ਉਹ ਸਿਰਫ਼ ਬੱਚਿਆਂ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਹੀ ਨਹੀਂ, ਸਗੋਂ ਸਮਾਜ ਨੂੰ ਵੀ ਪੜ੍ਹਾਉਂਦੇ ਸਨ। ਗਿਆਨੀ ਜੀ ਦੀ ਸ਼ਖ਼ਸੀਅਤ ਬਹੁ-ਰੰਗੀ ਸੀ। ਵਿਦਿਆਰਥੀਆਂ ਨੂੰ ਪਿਆਰ ਅਤੇ ਡਾਂਟ ਦੋਵੇਂ ਬਰਾਬਰ ਕਰਦੇ ਸਨ। ਉਨ੍ਹਾਂ ਦੇ ਸ਼ਬਦਾਂ ਵਿਚ ਗੁਰਮੁੱਖਾਂ ਵਾਲਾ ਸਹਿਜ ਤੇ ਸੁਹਜ ਅਤੇ ਖਾਸ ਮੌਕਿਆਂ 'ਤੇ ਭਾਸ਼ਾ ਦਾ ਰੰਗ ਵੀ ਮਾਨਣ ਯੋਗ ਹੁੰਦਾ ਸੀ। ਬੱਚਿਆਂ ਨੂੰ ਝਿੜਕਦੇ ਸਮੇਂ ਅਜੀਬ ਰੰਗੀਨੀ ਅਤੇ ਹਾਸ ਵਿਅੰਗ ਹੁੰਦਾ ਸੀ। ਉਨ੍ਹਾਂ ਦਾ ਸਾਰਾ ਜੀਵਨ ਜਿਥੇ ਗੁਰਮੁਖ ਰੁਚੀਆਂ ਵਾਲਾ ਸੀ, ਉਥੇ ਨਿਰੰਤਰ ਸੰਘਰਸ਼ ਦਾ ਪ੍ਰਤੀਕ ਵੀ ਸੀ।

ਸੋਢੀ ਨਿਰੰਜਣ ਸਿੰਘ ਦਾ ਜਨਮ 11 ਨਵੰਬਰ, 1904 ਈ. ਨੂੰ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਮੁਲਤਾਨ ਦੀ ਲੋਧਰਾਂ ਤਹਿਸੀਲ ਦੇ ਪਿੰਡ ਗੋਗੜਾ ਵਿਚ ਪਿਤਾ ਸੋਢੀ ਫ਼ਕੀਰ ਦਾਸ ਅਤੇ ਮਾਤਾ ਪ੍ਰਸਿੰਨੀ ਦੇਵੀ ਦੀ ਕੁੱਖੋਂ ਹੋਇਆ ਸੀ। ਜਦੋਂ ਉਹ ਪ੍ਰਾਇਮਰੀ ਸਕੂਲ ਵਿਚ ਪੜ੍ਹ ਰਿਹਾ ਸੀ, ਉਦੋਂ ਉਸ ਦੇ ਪਿਤਾ ਸਵਰਗਵਾਸ ਹੋ ਗਏ। ਉਨ੍ਹਾਂ ਦਿਨਾਂ ਵਿਚ ਅੰਗਰੇਜ਼ਾਂ ਨੂੰ ਪਹਿਲੇ ਸੰਸਾਰ ਯੁੱਧ ਲਈ ਸਿਪਾਹੀਆਂ ਦੀ ਭਰਤੀ ਦੀ ਲੋੜ ਸੀ। ਪੁਲਿਸ ਇੰਸਪੈਕਟਰ ਅਨੂਪ ਸਿੰਘ ਪਿੰਡ ਵਿਚ ਭਰਤੀ ਕਰਨ ਲਈ ਪੁੱਜੇ। ਮਾਤਾ ਨੇ ਵੱਡਾ ਲੜਕਾ ਅਮਰੀਕ ਸਿੰਘ ਖੇਤਾਂ ਵਿਚ ਲੁਕੋ ਦਿੱਤਾ ਤੇ ਕਿਹਾ ਮੇਰਾ ਤਾਂ ਇਕੋ ਛੋਟਾ ਬੇਟਾ ਹੈ ਤੇ ਮੇਰੇ ਪਤੀ ਦੀ ਮੌਤ ਹੋ ਚੁੱਕੀ ਹੈ। ਬੇਟਾ ਪੜ੍ਹਨਾ ਚਾਹੁੰਦਾ ਹੈ। ਰਹਿਮ ਦਿਲ ਪੁਲਿਸ ਇੰਸਪੈਕਟਰ ਨਿਰੰਜਨ ਸਿੰਘ ਨੂੰ ਆਪਣੇ ਨਾਲ ਤਰਨਤਾਰਨ ਨੇੜੇ ਖੱਬੇ ਰਾਜਪੂਤਾਂ ਲੈ ਆਇਆ। ਉਸ ਦੇ ਆਪਣੇ ਕੋਈ ਪੁੱਤਰ ਨਹੀਂ ਸੀ। ਨਿਰੰਜਨ ਸਿੰਘ ਨੂੰ ਤਰਨਤਾਰਨ ਗੁਰਮਤਿ ਵਿਦਿਆਲੇ ਵਿਚ ਦਾਖ਼ਲ ਕਰਵਾਕੇ ਪੜ੍ਹਾਇਆ। ਫਿਰ ਉਨ੍ਹਾਂ ਨੇ 1926-27 ਵਿਚ ਗਿਆਨੀ ਅਤੇ ਓ.ਟੀ. ਪਾਸ ਕਰਨ ਲਈ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲ ਕਰਵਾ ਦਿੱਤਾ ਅਤੇ ਸਾਰਾ ਖ਼ਰਚਾ ਆਪ ਕਰਦੇ ਰਹੇ। ਓ.ਟੀ. ਉਨ੍ਹਾਂ ਦਿਨਾਂ ਵਿਚ ਅਧਿਆਪਕ ਸਿੱਖਿਆ ਨੂੰ ਕਿਹਾ ਜਾਂਦਾ ਸੀ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਉਨ੍ਹਾਂ ਪ੍ਰਿੰਸੀਪਲ ਮਨਮੋਹਨ ਸਿੰਘ ਐੱਮ.ਏ., ਪ੍ਰੋ. ਤੇਜਾ ਸਿੰਘ, ਪ੍ਰੋ. ਨਿਰੰਜਣ ਸਿੰਘ ਐੱਮ.ਐੱਸ.ਸੀ. ਅਤੇ ਬਿਸ਼ਨ ਸਿੰਘ ਵਰਗੇ ਵਿਦਵਾਨਾਂ ਤੋਂ ਸਿੱਖਿਆ ਹਾਸਲ ਕੀਤੀ, ਜਿਸ ਕਰਕੇ ਉਨ੍ਹਾਂ ਦੇ ਵਿਅਕਤੀਤੱਵ ਵਿਚ ਨਿਖ਼ਾਰ ਆਇਆ। ਸਾਂਝੇ ਪੰਜਾਬ ਦੇ ਪਹਿਲਾਂ ਗੁਜਰਾਂਵਾਲਾ ਦੇ ਕਿਸੇ ਸਕੂਲ ਵਿਚ ਪੜ੍ਹਾਉਂਦੇ ਰਹੇ। ਫਿਰ ਉਸ ਦੀ ਚੋਣ ਪੰਜਾਬੀ ਅਧਿਆਪਕ ਦੀ ਹੋ ਗਈ, ਪਹਿਲਾਂ ਨੌਸ਼ਹਿਰਾ ਪੰਨੂਆਂ, ਝਬਾਲ (1933), ਲੋਪੋਕੇ (1942), ਅਟਾਰੀ (1947) ਤੇ ਆਖਰੀ ਸਟੇਸ਼ਨ ਪਿੰਡ ਸੁਰ ਸਿੰਘ ਵਿਖੇ ਸੇਵਾ ਕਰਦੇ ਰਹੇ। ਉਹ 11 ਨਵੰਬਰ 1959 ਨੂੰ ਨੌਕਰੀ ਵਿਚੋਂ ਸੇਵਾਮੁਕਤ ਹੋਏ ਸਨ। ਗਿਆਨੀ ਨਿਰੰਜਨ ਸਿੰਘ ਦਾ ਵਿਆਹ 1931 ਵਿਚ ਬੀਬੀ ਰਾਮ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਤਿੰਨ ਧੀਆਂ ਚਰਨਜੀਤ ਕੌਰ, ਗੁਰਵੰਤਜੀਤ ਕੌਰ, ਗੁਰਦੀਪ ਕੌਰ ਅਤੇ ਚਾਰ ਪੁੱਤਰਾਂ ਸਵਰਨ ਸਿੰਘ ਸੋਢੀ ਸੇਵਾਮੁਕਤ ਕਾਲਜ ਪ੍ਰਿੰਸੀਪਲ, ਗੁਰਚਰਨ ਸਿੰਘ ਸੋਢੀ ਸੇਵਾ ਮੁਕਤ ਜੁਆਇੰਟ ਡਾਇਰੈਕਟਰ ਲੋਕ ਸੰਪਰਕ ਪੰਜਾਬ, ਕ੍ਰਿਸ਼ਨ ਕ੍ਰਿਪਾਲ ਸਿੰਘ ਸੋਢੀ, ਸੇਵਾਮੁਕਤ ਇੰਜਿਨੀਅਰ ਅਤੇ ਮਰਹੂਮ ਰਵਿੰਦਰਪਾਲ ਸਿੰਘ ਸੋਢੀ, ਪੁਲਿਸ ਇੰਸਪੈਕਟਰ ਨੇ ਜਨਮ ਲਿਆ। ਗਿਆਨੀ ਨਿਰੰਜਨ ਸਿੰਘ ਨੇ ਸਾਰੇ ਬੱਚਿਆਂ ਨੂੰ ਉਚ ਤੇ ਬਿਹਤਰੀਨ ਵਿਦਿਆ ਦਿਵਾਈ, ਜਿਸ ਕਰਕੇ ਸਾਰਾ ਪਰਿਵਾਰ ਪੜ੍ਹਿਆ-ਲਿਖਿਆ ਅਤੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਰਿਹਾ। ਮੁਲਤਾਨ ਵਾਲੇ ਘਰ ਦੇ ਬਦਲੇ ਮਿਲੇ ਕਲੇਮ ਨਾਲ ਉਨ੍ਹਾਂ ਨੇ ਫਿਲੌਰ ਸਰਕਾਰੀ ਬੋਲੀ ਦੇ ਕੇ ਮਕਾਨ ਖਰੀਦ ਲਿਆ ਸੀ। ਨੌਕਰੀ ਵਿਚੋਂ ਸੇਵਾਮੁਕਤੀ ਤੋਂ ਬਾਅਦ ਉਹ ਫਿਲੌਰ ਵਿਖੇ ਹੀ ਰਹੇ।

25 ਜੂਨ 1963 ਨੂੰ ਉਹ ਸਵਰਗਵਾਸ ਹੋ ਗਏ।

# ਉਲੰਪਿਕ ਖੇਡਾਂ ਦਾ ਸਿੱਧਾ ਪ੍ਰਸਾਰਨ



-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA

ਪੈਰਿਸ ਉਲੰਪਿਕ ਵਿਚ ਭਾਰਤ ਦੇ 117 ਖਿਡਾਰੀ ਵੱਖ-ਵੱਖ ਖੇਡਾਂ ਵਿਚ ਆਪਣੀ ਕਾਰਗੁਜ਼ਾਰੀ ਵਿਖਾ ਰਹੇ ਹਨ। ਫਰਾਂਸ ਦੀ ਰਾਜਧਾਨੀ ਪੈਰਿਸ ਵਿਖੇ ਹੋ ਰਹੀਆਂ ਇਨ੍ਹਾਂ ਖੇਡਾਂ ਵਿਚ 45 ਖੇਡਾਂ ਸ਼ਾਮਲ ਹਨ। ਟੋਕੀਓ ਉਲੰਪਿਕ ਖੇਡਾਂ ਵਿਚ ਭਾਰਤ ਦੇ 119 ਖਿਡਾਰੀ ਸ਼ਾਮਲ ਹੋਏ ਸਨ, ਜਿਨ੍ਹਾਂ ਨੇ 7 ਮੈਡਲ ਜਿੱਤੇ ਸਨ।

ਉਲੰਪਿਕ ਖੇਡਾਂ ਦਾ ਸਿੱਧਾ ਪ੍ਰਸਾਰਨ ਵੇਖਣ ਦਾ ਆਕਰਸ਼ਨ ਦੁਨੀਆਂ ਭਰ ਦੇ ਖੇਡ-ਪ੍ਰੇਮੀਆਂ ਨੂੰ ਹੁੰਦਾ ਹੈ। ਭਾਰਤ ਵਿਚ ਪੈਰਿਸ ਉਲੰਪਿਕ ਖੇਡਾਂ ਦੇ ਸਿੱਧੇ ਪ੍ਰਸਾਰਨ ਦੇ ਅਧਿਕਾਰ ਜੀਓ ਕੋਲ ਹਨ। ਸਪੋਰਟਸ 18-1; ਸਪੋਰਟਸ 18-2; ਸਪੋਰਟਸ 18-3 ਇਹ ਪ੍ਰਸਾਰਨ ਕਰ ਰਹੇ ਹਨ। ਭਾਰਤੀ ਦਰਸ਼ਕ ਜੀਓ ਸਿਨੇਮਾ 'ਤੇ ਇਨ੍ਹਾਂ ਖੇਡਾਂ ਦੇ ਸਿੱਧੇ ਪ੍ਰਸਾਰਨ ਦਾ ਮੁਫ਼ਤ ਵਿਚ ਲੁਤਫ਼ ਉਠਾ ਰਹੇ ਹਨ। ਖੇਡ-ਪ੍ਰੇਮੀ ਸਮਾਰਟ ਫੋਨ, ਆਈ ਪੈਡ, ਲੈਪਟਾਪ ਅਤੇ ਸਮਾਰਟ ਟੀ.ਵੀ. 'ਤੇ ਵੀ ਜੀਓ ਸਿਨੇਮਾ ਐਪ ਰਾਹੀਂ ਉਲੰਪਿਕ ਖੇਡਾਂ ਵੇਖ ਰਹੇ ਹਨ। ਉਲੰਪਿਕ ਖੇਡਾਂ ਨਾਲ ਸੰਬੰਧਿਤ ਖ਼ਬਰਾਂ ਲਈ ਖੇਡ-ਪ੍ਰੇਮੀ ਲਾਈਵ ਹਿੰਦੋਸਤਾਨ ਚੈਨਲ ਵੇਖ ਰਹੇ ਹਨ।

ਪੈਰਿਸ ਉਲੰਪਿਕ ਖੇਡਾਂ ਦੇ ਉਦਘਾਟਨੀ ਸਮਾਰੋਹ ਦਾ ਸਿੱਧਾ ਪ੍ਰਸਾਰਨ ਵੀ ਵਿਲੱਖਣ ਤੇ ਵੇਖਣਯੋਗ ਸੀ ਕਿਉਂਕਿ ਉਲੰਪਿਕ ਖੇਡਾਂ ਦੇ 128 ਸਾਲਾ ਇਤਿਹਾਸ ਵਿਚ ਪਹਿਲੀ ਵਾਰ ਉਦਘਾਟਨੀ ਸਮਾਰੋਹ ਸਮੇਂ ਖਿਡਾਰੀਆਂ ਦੀ ਪਰੇਡ ਸਟੇਡੀਅਮ ਤੋਂ ਬਾਹਰ ਸੀ, ਪੈਰਿਸ ਦੇ ਵਿਚੋ-ਵਿਚ ਲੰਘਦੀ ਸੀਨ ਨਦੀ 'ਤੇ। ਦੁਨੀਆਂ ਭਰ ਤੋਂ ਪਹੁੰਚੇ 6800 ਤੋਂ ਵੱਧ ਖਿਡਾਰੀ 90 ਬੇੜੀਆਂ 'ਤੇ ਸਵਾਰ ਹੋ ਕੇ ਪੈਰਿਸ ਦੀਆਂ ਮਹੱਤਵਪੂਰਨ ਥਾਵਾਂ ਤੋਂ ਲੰਘੇ ਅਤੇ ਉਨ੍ਹਾਂ ਪਲਾਂ ਨੂੰ ਯਾਦਗਾਰੀ ਬਣਾ ਗਏ। ਉਨ੍ਹਾਂ 6 ਕਿਲੋਮੀਟਰ ਦਾ ਰਸਤਾ ਤੈਅ ਕੀਤਾ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋ ਨੇ ਰਾਸ਼ਟਰਪਤੀ ਪੈਲੇਸ ਵਿਚ ਮਹਿਮਾਨਾਂ ਦਾ ਸੁਆਗਤ ਕੀਤਾ।

ਦਿਲਚਸਪ ਪਹਿਲੂ ਹੈ ਕਿ ਪੈਰਿਸ ਨੇ 100 ਸਾਲ ਪਹਿਲਾਂ 1924 'ਚ ਵੀ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ।

ਉਲੰਪਿਕ ਮਸ਼ਾਲ ਨੂੰ ਗਰਮ ਹਵਾ ਦੇ ਗੁਬਾਰੇ ਰਾਹੀਂ ਆਕਾਸ਼ ਵਿਚ ਭੇਜਿਆ ਗਿਆ। ਉਦਘਾਟਨੀ ਸਮਾਰੋਹ ਸਮੇਂ ਸੀਨ ਨਦੀ ਦੇ ਪੁਲਾਂ, ਕਿਨਾਰਿਆਂ ਅਤੇ ਆਸ-ਪਾਸ ਛੱਤਾਂ 'ਤੇ ਕਲਾਕਾਰਾਂ ਦੁਆਰਾ ਪੇਸ਼ਕਾਰੀਆਂ ਹੋ ਰਹੀਆਂ ਸਨ। ਇਹ ਰੰਗਾਰੰਗ, ਦਿਲਚਸਪ ਤੇ ਬੇਹੱਦ ਆਕਰਸ਼ਕ ਉਦਘਾਟਨੀ ਸਮਾਰੋਹ ਲਗਾਤਾਰ 4 ਘੰਟੇ ਚੱਲਿਆ। ਸੀਨ ਨਦੀ ਦੇ ਆਸ-ਪਾਸ ਦਾ ਇਲਾਕਾ ਚਿੱਟੇ, ਲਾਲ ਅਤੇ ਨੀਲੇ ਰੰਗ ਦੀ




ਆਤਿਸ਼ਬਾਜ਼ੀ ਨਾਲ ਜਗਮਗਾ ਉੱਠਿਆ।

ਅਮਰੀਕਾ ਅਤੇ ਕੈਨੇਡਾ ਦੇ ਗਾਇਕ ਕਲਾਕਾਰਾਂ ਦੀ ਮੌਜੂਦਗੀ ਅਕਰਸ਼ਨ ਦਾ ਕੇਂਦਰ ਬਣੀ ਰਹੀ। ਵਰਖਾ ਦੀ ਵਜ੍ਹਾ ਕਰਕੇ ਇਸ ਰੰਗਾਰੰਗ ਪ੍ਰੋਗਰਾਮ ਵਿਚ ਵਿਘਨ ਵੀ ਪਿਆ ਪਰ ਖਿਡਾਰੀਆਂ ਨੇ ਰੇਨਕੋਟ ਪਹਿਨ ਲਏ ਅਤੇ ਆਪਣੇ ਉਤਸ਼ਾਹ ਨੂੰ ਉਵੇਂ ਬਰਕਰਾਰ ਰੱਖਿਆ।

2000 ਦੇ ਕਰੀਬ ਸੰਗੀਤਕਾਰਾਂ ਅਤੇ ਨਾਚ-ਕਲਾਕਾਰਾਂ ਨੇ ਫਰਾਂਸ ਦੇ ਇਤਿਹਾਸ, ਕਲਾ ਅਤੇ ਖੇਡਾਂ ਬਾਰੇ ਨਿਵੇਕਲੇ ਢੰਗ ਨਾਲ ਸਮਝਾਇਆ ਦਰਸਾਇਆ।

ਬੇੜੀਆਂ ਵਿਚ ਸਟਾਰ ਵੱਖ-ਵੱਖ ਦੇਸ਼ਾਂ ਦੇ ਖਿਡਾਰੀਆਂ ਦਾ ਨਜ਼ਾਰਾ ਵੇਖਣ ਵਾਲਾ ਸੀ। ਅਖ਼ੀਰ ਵਿਚ ਫਰਾਂਸ ਦੀ ਬੇੜੀ ਬੜੀ ਦਿਲਕਸ਼ ਸੀ ਅਤੇ ਉਸ ਵਿਚ ਖਿਡਾਰੀਆਂ ਦਾ ਸੱਭ ਤੋਂ ਵੱਡਾ ਦਲ ਸਵਾਰ ਸੀ।

ਸਟੇਡੀਅਮ ਤੋਂ ਬਾਹਰ ਖੁੱਲ੍ਹੀ ਥਾਂ 'ਤੇ ਨਦੀ ਕਿਨਾਰੇ 6 ਕਿਲੋਮੀਟਰ ਤੱਕ ਫੈਲੇ ਉਦਘਾਟਨੀ ਸਮਾਰੋਹ ਨੂੰ ਸ਼ਾਨਦਾਰ ਢੰਗ ਨਾਲ ਨੇਪਰੇ ਲਗਾਉਣਾ ਭਾਵੇਂ ਬੇਹੱਦ ਚੁਣੌਤੀ ਸੀ ਪਰੰਤੂ ਫਰਾਂਸ ਨੇ ਇਹ ਕਰ ਵਿਖਾਇਆ। ਸੀਨ ਨਦੀ ਦੇ ਆਰ-ਪਾਰ ਹਜ਼ਾਰਾਂ ਪੁਲਿਸ ਕਰਮਚਾਰੀ ਮੌਜੂਦ ਸਨ।

ਭਾਰਤੀ ਖਿਡਾਰੀਆਂ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਤਸੱਲੀਬਖਸ਼ ਹੈ ਪਰੰਤੂ ਮੈਡਲਾਂ ਦੀ ਗਿਣਤੀ ਵਧਾਉਣ, ਮੁਕਾਬਲਿਆਂ ਵਿਚ ਬਣੇ ਰਹਿਣ ਅਤੇ ਹਾਕੀ ਟੀਮ ਦੇ ਅੱਗੇ ਵਧਣ 'ਤੇ ਪੂਰੇ ਭਾਰਤ ਦੀ ਨਜ਼ਰ ਰਹੇਗੀ।

ਦੁਨੀਆਂ ਦਾ ਧਿਆਨ ਜਿਸ ਵੇਲੇ ਯੁੱਧਾਂ ਜੰਗਾਂ ਵਿਚ ਬਿਖਰਿਆ ਹੋਇਆ ਹੈ, ਉਸ ਸਮੇਂ ਪੈਰਿਸ ਉਲੰਪਿਕ ਖੇਡਾਂ ਏਕਤਾ ਦਾ ਸੰਦੇਸ਼ ਦੇ ਰਹੀਆਂ ਹਨ ਕਿ ਅਸੀਂ ਸਾਰੇ ਇਕ ਹਾਂ, ਇਕੱਠੇ ਹਾਂ। ਸਮਾਰੋਹ ਦੌਰਾਨ ਸ਼ਾਂਤੀ ਦੇ ਗੀਤ ਨੇ ਵੀ ਏਕਤਾ ਤੇ ਸਹਿਣਸ਼ੀਲਤਾ ਦਾ ਸੰਦੇਸ਼ ਦਿੱਤਾ। ਇਸ ਸਮਾਰੋਹ ਦੌਰਾਨ 100 ਤੋਂ ਵੱਧ ਸਰਕਾਰਾਂ ਦੇ ਮੁਖੀ ਮੌਜੂਦ ਸਨ।

ਅਮਰੀਕੀ ਪੌਪ ਸਟਾਰ ਲੇਡੀ ਗਾਗਾ ਦੀਆਂ ਸੁਰਾਂ ਨਾਲ ਜਿਵੇਂ ਸਮਾਂ ਠਹਿਰ ਗਿਆ। ਇਸ ਸਮੁੱਚੇ ਪ੍ਰੋਗਰਾਮ ਦੇ ਨਿਰਦੇਸ਼ਕ ਥੌਮਸ ਜੌਲੀ ਸਨ।

ਉਦਘਾਟਨੀ ਸਮਾਰੋਹ ਦੀ ਰੌਣਕ ਵਧਾਉਣ ਲਈ ਦੋ ਲੱਖ ਟਿਕਟਾਂ ਮੁਫ਼ਤ ਵੰਡੀਆਂ ਗਈਆਂ ਸਨ ਅਤੇ ਇਕ ਲੱਖ ਦੇ ਕਰੀਬ ਵੇਚੀਆਂ ਗਈਆਂ ਸਨ। ਇਸ ਤੋਂ ਇਲਾਵਾ ਅਰਬਾਂ ਲੋਕਾਂ ਨੇ ਇਸ ਵਿਲੱਖਣ ਤੇ ਦਿਲਕਸ਼ ਸਮਾਰੋਹ ਨੂੰ ਟੈਲੀਵਿਜ਼ਨ ਪਰਦੇ 'ਤੇ ਵੇਖਿਆ।

ਉਲੰਪਿਕ ਖੇਡਾਂ ਦੇ ਇਤਿਹਾਸ ਵਿਚ ਪੈਰਿਸ ਉਲੰਪਿਕ 2024 ਦੇ ਉਦਘਾਟਨੀ ਸਮਾਰੋਹ ਦਾ ਜ਼ਿਕਰ ਸੁਨਿਹਰੀ ਅੱਖਰਾਂ ਵਿਚ ਹੋਵੇਗਾ ਕਿਉਂਕਿ 128 ਸਾਲਾਂ ਦੇ ਇਤਿਹਾਸ ਨੂੰ ਬਦਲਦਿਆਂ ਇਹ ਸਮਾਰੋਹ ਸਟੇਡੀਅਮ ਤੋਂ ਬਾਹਰ ਨਦੀ ਵਿਚ ਬੇੜੀਆਂ ਦੀ ਪਰੇਡ ਦੁਆਰਾ ਕੀਤਾ ਗਿਆ ਅਤੇ ਦੁਨੀਆਂ ਦੇਖਦੀ ਰਹਿ ਗਈ

## 9 ਅਗਸਤ ’ਤੇ ਵਿਸ਼ੇਸ਼ ਲੇਖ

# ਗੁਰੂ ਕੇ ਬਾਗ਼ ਦਾ ਮੋਰਚਾ



ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸਅੱਪ : +91-99141-84794
ਪੰਜਾਬ ਮੇਲ USA



ਅੰਗਰੇਜ਼ ਸਰਕਾਰ ਦੀ ਸ਼ਹਿ ’ਤੇ ਬੈਠੇ ਗੁਰਦੁਆਰਿਆਂ ਵਿਚ ਮਹੰਤਾਂ ਵਲੋਂ ਗੁਰਦੁਆਰਿਆਂ ਵਿਚ ਦਿਨੋਂ-ਦਿਨ ਵੱਧ ਰਹੀਆਂ ਬੇਅਦਬੀਆਂ ਨੂੰ ਸਿੱਖ ਕਿੰਨਾਂ ਕੁ ਚਿਰ ਸਹਿਣ ਕਰ ਸਕਦੇ ਸਨ। ਅਖ਼ੀਰ ਉਨ੍ਹਾਂ ਮਹੰਤਾਂ ਕੋਲੋਂ ਗੁਰਦੁਆਰੇ ਆਜ਼ਾਦ ਕਰਵਾਉਣ ਦੀ ਮੁਹਿੰਮ ਵਿੱਢ ਲਈ। ਸਭ ਤੋਂ ਪਹਿਲਾਂ ਇਨ੍ਹਾਂ ਮਸੰਦਾਂ ਪੁਜਾਰੀਆਂ ਦੀ ਗੱਲ ਕਰਨ ਵੇਲੇ ਇਨ੍ਹਾਂ ਦੇ ਪਿਛੋਕੜ ਵੱਲ ਝਾਤ ਮਾਰਨੀ ਜ਼ਰੂਰੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਸਿੱਖ ਰਾਜ ’ਤੇ ਡੋਗਰੇ ਹਾਵੀ ਹੋਏ, ਤਾਂ ਉਨ੍ਹਾਂ ਦੀ ਸੋਚ ਸੀ ਕਿ ਹੌਲੀ-ਹੌਲੀ ਮਹਾਰਾਜਾ ਦੇ ਪੁੱਤਰਾਂ ਨੂੰ ਖ਼ਤਮ ਕਰਕੇ ਆਪਣੇ ਪੁੱਤਰਾਂ ਨੂੰ ਤਖ਼ਤ ’ਤੇ ਬਿਠਾਇਆ ਜਾਵੇ। ਉਨ੍ਹਾਂ ਨੇ ਇਹ ਸੋਚ ਇੱਥੇ ਹੀ ਖ਼ਤਮ ਨਹੀਂ ਕੀਤੀ, ਜੋ ਸਿੱਖ ਧਰਮ ਦੇ ਅਸਥਾਨ ਸਨ, ਉਨ੍ਹਾਂ ਵਿਚ ਜੰਮੂ ਦੇ ਡੋਗਰੇ ਲਿਆ ਕੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਚਲਾਉਣ ਲਈ ਗੁਰਦੁਆਰਿਆਂ ਵਿਚ ਬਿਠਾ ਦਿੱਤੇ।

ਉਹ ਵਿਅਕਤੀ ਅੰਦਰੋਂ ਤਾਂ ਹਿੰਦੂ ਮੱਤ ਵਾਲੇ ਸਨ, ਉਨ੍ਹਾਂ ਨੂੰ ਸਿੱਖੀ ਨਾਲ ਕੋਈ ਪਿਆਰ ਨਹੀਂ ਸੀ ਪਰ ਗੁਰਦੁਆਰਿਆਂ ਵਿਚ ਭੇਖਧਾਰੀ ਸਿੱਖ ਬਣ ਕੇ ਕਾਬਜ਼ ਹੋ ਗਏ। ਇਨ੍ਹਾਂ ਵਿਅਕਤੀਆਂ ਨੂੰ ਹੀ ਪੁਜਾਰੀ ਜਾਂ ਮਸੰਦਾਂ ਦਾ ਨਾਮ ਦਿੱਤਾ ਗਿਆ। ਇਹ ਗੁਰਦੁਆਰਿਆਂ ਦਾ ਪੂਜਾ ਧਾਨ ਖਾਣ ਲੱਗ ਪਏ। ਇਹ ਗੁਰਦੁਆਰਿਆਂ ਦੀ ਮਾਣ-ਮਰਿਯਾਦਾ ਦਾ ਖਿਆਲ ਨਾ ਰੱਖਦੇ। ਜਦ ਅੰਗਰੇਜ਼ੀ ਰਾਜ ਸ਼ੁਰੂ ਹੋਇਆ, ਤਾਂ ਅੰਗਰੇਜ਼ਾਂ ਨੇ ਸਿੱਖਾਂ ਦੇ ਉਲਟ ਮਹੰਤਾਂ ਦੀ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ।

ਸਿੱਖ ਕੌਮ ਨੇ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ। ਸਿੱਖਾਂ ਦਾ ਰੌਅ ਵੇਖ ਕੇ ਸਿੱਖਾਂ ਅੱਗੇ ਧਰਮ ਦੇ ਮਸਲੇ ਵਿਚ ਸਰਕਾਰ ਵੀ ਢਿੱਲੀ ਪੈਣੀ ਸ਼ੁਰੂ ਹੋ ਗਈ। ਸਰਕਾਰ ਨੇ ਸਿੱਖਾਂ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਖ਼ਾਤਰ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਲਿਆਂਦੀ ਪਰ ਸਿੱਖਾਂ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਦਾ ਕੰਮ ਜਿਉਂ ਦਾ ਤਿਉਂ ਹੀ ਖੜ੍ਹਾ ਸੀ। ਧਾਰਮਿਕ ਅਸਥਾਨਾਂ ਦੇ ਕਬਜ਼ੇ ਲੈਣ ਖ਼ਾਤਰ ਸਿੱਖਾਂ ਨੂੰ ਬੇਸ਼ੁਮਾਰ ਸ਼ਹੀਦੀਆਂ ਦੇਣੀਆਂ ਪਈਆਂ, ਜੇਲ੍ਹਾਂ ਕੱਟਣੀਆਂ ਪਈਆਂ।

ਸਿੱਖਾਂ ਨੂੰ ਗੁਰੂ ਕੇ ਬਾਗ਼ ਦੇ ਗੁਰਦੁਆਰੇ ਦੀ ਗੁਰੂ ਮਰਿਯਾਦਾ ਕਾਇਮ ਰੱਖਣ ਖ਼ਾਤਰ ਮੋਰਚਾ ਲਾਉਣਾ ਪਿਆ। ਇਹ ਮੋਰਚਾ ਵੀ ਗੁਰਦੁਆਰਾ ਸੁਧਾਰ ਲਹਿਰ ਦਾ ਹੀ ਹਿੱਸਾ ਸੀ। ਸਿੱਖਾਂ ਨੇ ਪਹਿਲਾਂ ਤਰਨ ਤਾਰਨ, ਨਨਕਾਣਾ ਸਾਹਿਬ ਦਾ ਮੋਰਚਾ, ਚਾਬੀਆਂ ਦਾ ਮੋਰਚਾ ਫ਼ਤਿਹ ਕਰ ਲਏ ਸਨ। ਹੁਣ ਗੁਰੂ ਕੇ ਬਾਗ਼ ਤੇ ਜਿੱਤ ਹਾਸਲ ਕਰਨਾ ਚਾਹੁੰਦੇ ਸਨ।

ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਵੀਹ ਕਿਲੋਮੀਟਰ ਦੀ ਦੂਰੀ ’ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੇ ਬਾਗ਼ ਘੁੱਕੇਵਾਲੀ ਵਿਖੇ ਸਥਿਤ ਹੈ। ਇਸ ਗੁਰਦਆਰਾ ਸਾਹਿਬ ਕੋਲ ਕਾਫੀ ਜ਼ਮੀਨ ਹੈ, ਜੋ ‘ਗੁਰੂ ਕੇ ਬਾਗ਼’ ਅਖਵਾਉਂਦੀ ਹੈ। ਇਸ ਜਗ੍ਹਾ ’ਤੇ ਕਿੱਕਰਾਂ ਆਦਿ ਬਹੁਤ ਦਰੱਖਤ ਖੜ੍ਹੇ ਸਨ।

ਗੁਰੂ ਕੇ ਬਾਗ਼ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਦੇ ਕਬਜ਼ੇ ਵਿਚ ਸੀ, ਜਿਸ ਨੇ ਉੱਥੇ ਬਿਨਾਂ ਵਿਆਹ ਤੋਂ ਇਕ ਔਰਤ ਰੱਖੀ ਹੋਈ ਸੀ ਅਤੇ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਨੂੰ ਵੀ ਸਹੀ ਢੰਗ ਨਾਲ ਨਹੀਂ ਨਿਭਾ ਰਿਹਾ ਸੀ। ਇਹ ਸਭ ਕੁਝ ਇਲਾਕੇ ਦੀਆਂ ਸੰਗਤਾਂ ਨੂੰ ਮਨਜ਼ੂਰ ਨਹੀ ਸੀ। ਇਹ ਗੱਲ ਉਨ੍ਹਾਂ ਸ਼੍ਰੋਮਣੀ ਕਮੇਟੀ ਕੋਲ ਕੀਤੀ। ਸ਼੍ਰੋਮਣੀ ਕਮੇਟੀ ਨੇ ਪ੍ਰਬੰਧਾਂ ਵਿਚ ਸੁਧਾਰ ਲਿਆਉਣ ਦੀ ਡਿਊਟੀ ਦਾਨ ਸਿੰਘ ਵਿਛੋਆ ਦੀ ਲਾ ਦਿੱਤੀ। ਦਾਨ ਸਿੰਘ ਵਿਛੋਆ ਦੇ ਕਹਿਣ ’ਤੇ ਮਹੰਤ ਸੁੰਦਰ ਦਾਸ ਨੇ ਈਸਰੀ ਨਾਮ ਦੀ ਔਰਤ ਨਾਲ ਵਿਆਹ ਕਰਵਾ ਲਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛੱਕ ਕੇ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਨੂੰ ਠੀਕ ਢੰਗ ਨਾਲ ਚਲਾਉਣ ਲੱਗ ਪਿਆ।

21 ਫ਼ਰਵਰੀ, 1921 ਨੂੰ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕਰਕੇ ਨਨਕਾਣਾ ਸਾਹਿਬ ਦਾ ਕਬਜ਼ਾ ਲੈ ਲਿਆ ਸੀ। ਮਹੰਤ ਸੁੰਦਰ ਦਾਸ ਨੂੰ ਵੀ ਅਪਣਾ ਫਿਕਰ ਪੈ ਗਿਆ। ਉਸ ਨੇ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰ ਲਿਆ। ਮਹੰਤ ਸੁੰਦਰ ਦਾਸ ਨੂੰ ਕਮੇਟੀ ਨੇ 120 ਰੁਪਏ ਮਹੀਨਾ ਦੇਣਾ ਮੰਨ ਲਿਆ ਅਤੇ ਅੰਮ੍ਰਿਤਸਰ ਵਿਚ ਰਹਿਣ ਵਾਸਤੇ ਇਕ ਮਕਾਨ ਮੁੱਲ ਲੈ ਕੇ ਦੇ ਦਿੱਤਾ। ਗੁਰਦੁਆਰੇ ਦਾ ਪ੍ਰਬੰਧ ਕਮੇਟੀ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਪਰ ਅੰਗਰੇਜ਼ ਸਰਕਾਰ ਦੀ ਸ਼ਹਿ ’ਤੇ ਮਹੰਤ ਨੇ ਫਿਰ ਗੁਰਦੁਆਰੇ ਦਾ ਪ੍ਰਬੰਧ ਆਪਣੇ ਕਬਜ਼ੇ ਵਿਚ ਲੈਣ ਲਈ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ।

8 ਅਗਸਤ, 1922 ਨੂੰ 5 ਸਿੰਘਾਂ ਦਾ ਜੱਥਾ ਗੁਰੂ ਕੇ ਲੰਗਰ ਲਈ ਲੱਕੜਾਂ ਕੱਟਣ ਗੁਰੂ ਕੇ ਬਾਗ਼ ਚਲਿਆ ਗਿਆ। ਮਹੰਤ ਸੁੰਦਰ ਦਾਸ ਨੇ ਇਹ ਖ਼ਬਰ ਪੁਲਿਸ ਨੂੰ ਕਰ ਦਿੱਤੀ। ਉਨ੍ਹਾਂ 9 ਅਗਸਤ ਨੂੰ ਪੰਜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। 10 ਤਰੀਖ ਨੂੰ ਸਿੰਘਾਂ ਨੂੰ ਛੇ-ਛੇ ਮਹੀਨੇ ਦੀ ਸਜ਼ਾ ਅਤੇ ਜੁਰਮਾਨਾ ਸੁਣਾ ਦਿੱਤਾ।

ਮਿਸਟਰ ਡੰਟ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਰਕਾਰੀ ਹਦਾਇਤਾਂ ਅਨੁਸਾਰ 22 ਅਗਸਤ ਤੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। 25 ਅਗਸਤ ਤੋਂ ਸਿੱਖਾਂ ’ਤੇ ਘੋਰ ਤਸ਼ੱਦਦ ਡਾਂਗਾਂ ਨਾਲ ਮਾਰਕੁੱਟ ਦਾ ਕੰਮ ਸ਼ੁਰੂ ਕਰ ਦਿੱਤਾ।

26 ਅਗਸਤ 1922 ਨੂੰ ਅਕਾਲ ਤਖ਼ਤ ਸਾਹਿਬ ’ਤੇ ਮੀਟਿੰਗ ਕਰ ਰਹੇ ਅੰਤਰਿੰਗ ਕਮੇਟੀ ਦੇ ਆਗੂ ਭਗਤ ਜਸਵੰਤ ਸਿੰਘ ਜ. ਸਕੱਤਰ, ਸ. ਮਹਿਤਾਬ ਸਿੰਘ ਪ੍ਰਧਾਨ, ਪ੍ਰੋ. ਸਾਹਿਬ ਸਿੰਘ ਮੀਤ ਸਕੱਤਰ, ਸ. ਸਰਮੁੱਖ ਸਿੰਘ ਝਬਾਲ ਪ੍ਰਧਾਨ ਅਕਾਲੀ ਦਲ, ਬਾਬਾ ਕੇਹਰ ਸਿੰਘ ਪੱਟੀ, ਮਾਸਟਰ ਤਾਰਾ ਸਿੰਘ ਅਤੇ ਸ. ਰਵੇਲ ਸਿੰਘ ਨੂੰ ਡੀ.ਸੀ. ਅੰਮ੍ਰਿਤਸਰ ਨੇ ਵਰੰਟ ਜਾਰੀ ਕਰਕੇ ਸਾਰੇ ਗ੍ਰਿਫ਼ਤਾਰ ਕਰ ਲਏ। ਸਰਕਾਰ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵੇਲੇ ਸਿੱਖਾਂ ਦੇ ਦਲੇਰੀ ਭਰੇ ਕਾਰਨਾਮੇ ਦੇਖ ਚੁੱਕੀ ਸੀ, ਹੁਣ ਉਹ ਸਿੱਖਾਂ ਦੀ ਲਹਿਰ ਨੂੰ ਸਖਤੀ ਨਾਲ ਦਬਾ ਦੇਣਾ ਚਾਹੁੰਦੀ ਸੀ ਪਰ ਸਰਕਾਰ ਦੀ ਸਖਤੀ ਦਾ ਸਿੱਖਾਂ ’ਤੇ ਕੋਈ ਅਸਰ ਨਾ ਪਿਆ।

30 ਅਗਸਤ ਨੂੰ 60 ਕੁ ਸਿੰਘਾਂ ਦਾ ਜੱਥਾ ਗੁਰੂ ਕੇ ਬਾਗ਼ ਨੂੰ ਰਵਾਨਾ ਹੋਇਆ। ਜੱਥੇ ਨੂੰ ਰਾਤ ਪੈਣ ਕਰਕੇ ਰਸਤੇ ਵਿਚ ਹੀ ਰਾਤ ਕੱਟਣੀ ਪੈ ਗਈ। ਪੁਲਿਸ ਨੇ ਸੁੱਤੇ ਪਏ ਜੱਥੇ ਉੱਤੇ ਡਾਂਗਾਂ ਨਾਲ ਮਾਰਕੁੱਟ ਸ਼ੁਰੂ ਕਰ ਦਿੱਤੀ।

31 ਅਗਸਤ ਤੋਂ ਹਰ ਰੋਜ਼ ਸੌ ਮੈਂਬਰਾਂ ਦਾ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਤੁਰਦਾ। ਜੱਥੇ ਨੂੰ ਤੁਰਨ ਵੇਲੇ ਇਹ ਸਿੱਖਿਆ ਦਿੱਤੀ ਜਾਂਦੀ, ਉਹ ਅੰਗਰੇਜ਼ ਸਰਕਾਰ ਵਲੋਂ ਕੀਤੇ ਤਸ਼ੱਦਦ ਸਮੇਂ ਪੂਰਨ ਸ਼ਾਂਤਮਈ ਰਹਿਣਗੇ। ਜੱਥੇ ਵਿਚ ਸ਼ਾਮਲ ਸਿੰਘਾਂ ਦੀ ਰਸਤੇ ਵਿਚ ਹੀ ਪੁਲਿਸ ਵਲੋਂ ਡਾਂਗਾ ਨਾਲ ਮਾਰ-ਕੁਟਾਈ ਕੀਤੀ ਜਾਂਦੀ। ਮਿ. ਬੀ.ਟੀ. ਡਿਪਟੀ ਸੁਪਰੀਟਡੈਂਟ ਪੁਲਿਸ ਜੱਥੇ ਦੇ ਸਿੱਖਾਂ ਦੀ ਕੋਲ ਖੜ੍ਹ ਕੇ ਕੁਟਾਈ ਕਰਵਾਉਂਦਾ। ਸਿੱਖਾਂ ਨੂੰ ਕੇਸਾਂ ਤੋਂ ਫੜ੍ਹ-ਫੜ੍ਹ ਕੇ ਧੂਹ-ਘੜੀਸ ਕੀਤੀ ਜਾਂਦੀ। ਅਖੀਰ ਸਿੱਖ ਬੇਹੋਸ਼ ਹੋ ਕੇ ਡਿੱਗ ਪੈਂਦੇ। ਡਿੱਗੇ ਪਏ ਸਿੱਖਾਂ ’ਤੇ ਬੂਟਾਂ ਦੇ ਠੁੱਡੇ ਮਾਰੇ ਜਾਂਦੇ। ਜੇਕਰ ਕੋਈ ਸਿੱਖ ਦੁਬਾਰਾ ਉਠਣ ਦਾ ਯਤਨ ਕਰਦਾ, ਉਸ ਨੂੰ ਦੁਬਾਰਾ ਪੁਲਿਸ ਡਾਂਗਾ ਮਾਰ-ਮਾਰ ਥੱਲੇ ਸੁੱਟ ਕੇ ਬੇਹੋਸ਼ ਕਰ ਦਿੰਦੇ।

ਇੰਡੀਅਨ ਨੈਸ਼ਨਲ ਕਾਂਗਰਸ ਨੇ ਇਕ ਪੜਤਾਲ ਕਰਨ ਵਾਸਤੇ ਕਮੇਟੀ ਨਿਯੁਕਤ ਕੀਤੀ, ਜਿਸ ਨੇ ਅਕਾਲੀਆਂ ਦੀ ਸ਼ਾਂਤਮਈ ਢੰਗ ਨਾਲ ਸਰਕਾਰ ਦਾ ਵਹਿਸ਼ੀਆਨਾ ਜ਼ੁਲਮ ਸਹਿਣ ਕਰਨ ਦੀ ਸ਼ਲਾਘਾ ਕੀਤੀ ਅਤੇ ਪੁਲਿਸ ਨੂੰ ਦੋਸ਼ੀ ਠਹਿਰਾਇਆ।

ਸਿੱਖਾਂ ਨਾਲ ਹਮਦਰਦੀ ਦੇ ਤੌਰ ’ਤੇ ਵੱਖ-ਵੱਖ ਧਰਮਾਂ ਦੇ ਲੋਕ ਵੱਡੀ ਸੰਖਿਆ ਵਿਚ ਗੁਰੂ ਕੇ ਬਾਗ਼ ਪਹੁੰਚਣ ਲੱਗੇ। ਪੰਡਤ ਮਦਨ ਮੋਹਨ ਮਾਲਵੀਆ, ਪ੍ਰੋ. ਰੁਚੀ ਰਾਮ ਸਾਹਨੀ, ਸ਼੍ਰੀਮਤੀ ਸਰੋਜਨੀ ਨਾਇਡੂ, ਹਕੀਮ ਅਦਮਲ ਖਾਂ ਆਦਿ।

ਜਦੋਂ ਅੰਗਰੇਜ਼ੀ ਪਾਦਰੀ ਸੀ.ਐੱਫ. ਐਡਰੀਊਜ਼ ਨੇ ਜਾ ਕੇ ਵਰ੍ਹ ਰਹੀਆਂ ਡਾਂਗਾਂ ਨਾਲ ਤਸੀਹੇ ਝਲਦੇ ਸਿੱਖਾਂ ਨੂੰ ਦੇਖਿਆ ਤਾਂ ਰੋ ਉਠਿਆ! ਕਹਿੰਦਾ ਮੈਂ ਇਕ ਮਸੀਹਾ ਸੂਲੀ ਚੜ੍ਹਦਾ ਸੁਣਿਆ ਸੀ ਪਰ ਆਹ ਅੱਖਾਂ ਸਾਹਮਣੇ ਸੈਂਕੜੇ ਮਸੀਹੇ ਸੂਲੀ ਚੜ੍ਹਦੇ ਵੇਖ ਨਹੀਂ ਹੁੰਦੇ। ਉਸ ਨੇ ਲੈਫਟੀਨੈਂਟ ਗਵਰਨਰ ਨੂੰ ਪੁਲਿਸ ਦੀ ਵਹਿਸ਼ੀਆਨਾ ਕਾਰਵਾਈ ਤੋਂ ਜਾਣੂ ਕਰਵਾਇਆ ਤੇ ਉਸ ਨੂੰ ਆਪ ਜਾ ਕੇ ਮੌਕਾ ਵੇਖਣ ਦੀ ਪ੍ਰੇਰਨਾ ਕੀਤੀ। ਸਰ ਐਡਵਰਡ ਮੈਕਲਾਗਨ 13 ਸਤੰਬਰ ਨੂੰ ਗੁਰੂ ਕੇ ਬਾਗ਼ ਪਹੁੰਚਿਆ ’ਤੇ ਡਾਂਗਾ ਨਾਲ ਹੁੰਦੀ ਮਾਰਕੁੱਟ ਬੰਦ ਕਰਵਾਈ ਪਰ ਗ੍ਰਿਫ਼ਤਾਰੀਆਂ ਉਸ ਤਰ੍ਹਾਂ ਹੀ ਚੱਲ ਰਹੀਆਂ ਸਨ।

ਸਰਕਾਰ ਨੇ ਸਰ ਗੰਗਾ ਰਾਮ ਨੂੰ ਵਿਚੋਲਾ ਬਣਾ ਕੇ ਗੁਰੂ ਕੇ ਬਾਗ਼ ਦੀ ਜ਼ਮੀਨ ਮਹੰਤ ਪਾਸੋਂ ਲੈ ਕੇ ਉਸ ਨੂੰ ਪਟੇ ’ਤੇ ਦੇ ਦਿੱਤੀ। ਸਰ ਗੰਗਾ ਰਾਮ ਨੇ ਪੁਲਿਸ ਨੂੰ ਇਹ ਕਹਿ ਕੇ ਭੇਜ ਦਿੱਤਾ, ਜਾਓ ਮੈਨੂੰ ਤੁਹਾਡੀ ਲੋੜ ਨਹੀਂ ਸਰਕਾਰ ਨੇ ਇਹ ਢੰਗ ਵਰਤਕੇ ਆਪਣੀ ਹਾਰ ਵਾਲੀ ਕਮਜ਼ੋਰੀ ਵਿਚ ਹੀ ਛੁਪਾ ਲਈ। ਸਰਕਾਰ ਨੇ ਪੁਲਿਸ ਉੱਥੋਂ ਹਟਾ ਲਈ। ਸ਼੍ਰੋਮਣੀ ਕਮੇਟੀ ਨੂੰ ਗੁਰੂ ਕੇ ਬਾਗ਼ ਦੀ ਸਾਰੀ ਜਾਇਦਾਦ ਦਾ ਕਬਜ਼ਾ ਦੇ ਕੇ ਮਾਲਕ ਬਣਾ ਦਿੱਤਾ ਗਿਆ। ਇਸ ਦੇ ਨਾਲ ਹੀ 17 ਨਵੰਬਰ 1922 ਨੂੰ ਗ੍ਰਿਫ਼ਤਾਰੀਆਂ ਬੰਦ ਹੋ ਗਈਆਂ। 14 ਮਾਰਚ 1923 ਨੂੰ ਸਿੱਖ ਆਗੂ ਰਿਹਾਅ ਕਰ ਦਿੱਤੇ ਗਏ। ਅਪ੍ਰੈਲ ਮਈ 1923 ਵਿਚ ਮੋਰਚੇ ਦੇ ਸਾਰੇ ਕੈਦੀ ਰਿਹਾਅ ਕਰ ਦਿੱਤੇ। ਇਸ ਤਰ੍ਹਾਂ ਸਿੱਖਾਂ ਨੇ ਮੋਰਚਾ ਫ਼ਤਿਹ ਕੀਤਾ। ਇਸ ਜਿੱਤ ਨਾਲ ਹੀ ਆਜ਼ਾਦੀ ਦਾ ਰਾਹ ਹੋਰ ਪੱਧਰਾ ਹੋ ਗਿਆ। ਇਸ ਮੋਰਚੇ ਵਿਚ ਲਗਭਗ 839 ਸਿੱਖ ਜ਼ਖਮੀ ਹੋਏ 5605 ਸਿੱਖ ਗ੍ਰਿਫ਼ਤਾਰ ਹੋਏ। ਇਹ ਗੁਰੂ ਕਾ ਬਾਗ਼ ਮੋਰਚੇ ਦੀ ਸਰਕਾਰੀ ਦਸਤਾਨ ਅਤੇ ਸਿੱਖਾਂ ਦੀ ਤਸੀਹਿਆਂ ਭਰੀ ਕੁਰਬਾਨੀਆਂ ਦੀ ਮਿਸਾਲ ਹੋਰ ਕਿਤੋਂ ਵੀ ਨਹੀਂ ਮਿਲ ਸਕਦੀ।

# ਗੁਲਾਬੋ ਮਾਸੀ ਨੂੰ ਅਮਰ ਕਰਨ ਵਾਲੀ ਨਿਰਮਲ ਰਿਸ਼ੀ



ਰਜਵਿੰਦਰ ਪਾਲ ਸ਼ਰਮਾ
70873-67969
ਪੰਜਾਬ ਮੇਲ USA



ਪੰਜਾਬੀ ਰੰਗਮੰਚ ਅਤੇ ਸਿਨੇਮਾ ਵਿਚ ਗੁਲਾਬੋ ਮਾਸੀ ਅਤੇ ਬੇਬੇ ਜਿਹੇ ਕਿਰਦਾਰਾਂ ਵਿਚ ਜਾਨ ਭਰਨ ਵਾਲੀ ਪਦਮਸ਼੍ਰੀ ਨਿਰਮਲ ਰਿਸ਼ੀ ਦਾ ਜਨਮ ਪੰਜਾਬ ਦੇ ਬਠਿੰਡਾ (ਹੁਣ ਮਾਨਸਾ) ਦੇ ਖੀਵਾ ਕਲਾਂ ਵਿਚ ਸਰਪੰਚ ਬਲਦੇਵ ਕ੍ਰਿਸ਼ਣ ਰਿਸ਼ੀ ਅਤੇ ਮਾਤਾ ਬੱਚਨੀ ਦੇਵੀ ਦੇ ਘਰ 28 ਅਗਸਤ 1943 ਨੂੰ ਹੋਇਆ। ਨਿਰਮਲ ਰਿਸ਼ੀ ਆਪਣੇ ਮਾਪਿਆਂ ਦੀ ਤੀਜੀ ਧੀ ਸੀ। ਇਹ ਅਜਿਹਾ ਸਮਾਂ ਸੀ, ਜਦੋਂ ਧੀਆਂ ਨੂੰ ਬੋਝ ਸਮਝਿਆ ਜਾਂਦਾ ਸੀ, ਇਸ ਲਈ ਨਿਰਮਲ ਰਿਸ਼ੀ ਦੇ ਜਨਮ ’ਤੇ ਉਨ੍ਹਾਂ ਦੇ ਦਾਦਾ ਜੀ ਦੁਆਰਾ ਉਸ ਨੂੰ ਪੱਥਰ ਵੀ ਕਿਹਾ ਗਿਆ। ਧੀ ਹੋਣ ਕਰਕੇ ਦੋ-ਤਿੰਨ ਸਾਲਾਂ ਤੱਕ ਉਨ੍ਹਾਂ ਦਾ ਕੋਈ ਨਾਮ ਨਹੀਂ ਰੱਖਿਆ ਗਿਆ ਅਤੇ ਉਨ੍ਹਾਂ ਨੂੰ ਮੁੰਨੀ ਕਹਿ ਕੇ ਬੁਲਾਇਆ ਜਾਂਦਾ ਸੀ। ਉਨ੍ਹਾਂ ਨੂੰ ਨਿਰਮਲਾ ਦਾ ਨਾਮ ਉਨ੍ਹਾਂ ਦਾ ਜਨਮ ਰਿਕਾਰਡ ਵਿਚ ਦਰਜ਼ ਕਰਨ ਸਮੇਂ ਪਿੰਡ ਦੇ ਪਟਵਾਰੀ ਨੇ ਦਿੱਤਾ, ਜੋ ਕਿ ਬਾਅਦ ਵਿਚ ਨਿਰਮਲ ਰਿਸ਼ੀ ਵਜੋਂ ਜਾਣੇ ਜਾਣ ਲੱਗੇ।

ਉਨ੍ਹਾਂ ਦਾ ਪਾਲਣ-ਪੋਸ਼ਣ ਅਤੇ ਮੁੱਢਲੀ ਪੜ੍ਹਾਈ ਆਪਣੀ ਭੂਆ-ਫੁੱਫੜ ਕੋਲ ਰਾਜਸਥਾਨ ਦੇ ਗੰਗਾਨਗਰ ਵਿਚ ਹੋਈ। ਜੈਪੁਰ ਕਾਲਜ ਤੋਂ ਬੀ.ਏ. ਕਰਨ ਉਪਰੰਤ ਉਨ੍ਹਾਂ ਨੇ ਸਰਕਾਰੀ ਕਾਲਜ ਪਟਿਆਲਾ ਵਿਚ ਸਰੀਰਕ ਸਿੱਖਿਆ ਦੇ ਵਿਸ਼ੇ ਵਿਚ ਐੱਮ.ਏ. ਦੀ ਡਿਗਰੀ ਹਾਸਲ ਕੀਤੀ। ਲੁਧਿਆਣਾ ਦੇ ਖਾਲਸਾ ਕਾਲਜ ਵਿਚ ਉਨ੍ਹਾਂ ਨੇ ਸਰੀਰਕ ਸਿੱਖਿਆ ਦੇ ਲੈਕਚਰਾਰ ਵਜੋਂ ਵੀ ਸੇਵਾਵਾਂ ਨਿਭਾਈਆਂ, ਸੇਵਾਮੁਕਤੀ ਤੋਂ ਬਾਅਦ ਉਹ ਪੂਰੀ ਤਰ੍ਹਾਂ ਆਪਣੇ ਸਮੇਂ ਨੂੰ ਥੀਏਟਰ ਅਤੇ ਰੰਗਮੰਚ ਵਿਚ ਦੇਣ ਲੱਗੇ।

ਥਿਏਟਰ ਅਤੇ ਰੰਗਮੰਚ ਵਿਚ ਉਨ੍ਹਾਂ ਦਾ ਰੁਝਾਨ ਬਚਪਨ ਤੋਂ ਹੀ ਸੀ, ਇਸ ਨੂੰ ਹੋਰ ਨਿਖ਼ਾਰ ਉਦੋਂ ਮਿਲਿਆ, ਜਦੋਂ ਕਾਲਜ ਦੇ ਦੌਰਾਨ ਹਰਪਾਲ ਅਤੇ ਨੀਨਾ ਟਿਵਾਣਾ ਦੇ ਸੰਪਰਕ ਵਿਚ ਆਏ। ਨਿਰਮਲ ਰਿਸ਼ੀ ਨੇ ਹਰਪਾਲ ਅਤੇ ਨੀਨਾ ਦੇ ਨਾਲ ਮਿਲਕੇ ਰੰਗਮੰਚ ਦੇ ਕਈ ਬੇਹਤਰੀਨ ਨਾਟਕਾਂ ਵਿਚ ਆਪਣੀ ਭੂਮਿਕਾ ਨਿਭਾਈ, ਜਿਨ੍ਹਾਂ ਵਿਚ ਹਰਪਾਲ ਟਿਵਾਣਾ ਦੇ ਨਾਟਕ ਹਿੰਦ ਦੀ ਚਾਦਰ, ਚਮਕੌਰ ਦੀ ਗੜ੍ਹੀ ਅਤੇ ਬਲਵੰਤ ਗਾਰਗੀ ਦੁਆਰਾ ਰਚਿਤ ਲੋਹਾ ਕੁੱਟ ਮੁੱਖ ਹਨ।

ਹਰਪਾਲ ਟਿਵਾਣਾ ਦੁਆਰਾ 1983 ਵਿਚ ਬਣਾਈ ਫ਼ਿਲਮ ਲੌਂਗ ਦਾ ਲਿਸ਼ਕਾਰਾ ਵਿਚ ਨਿਰਮਲ ਰਿਸ਼ੀ ਨੂੰ ਮਿਲੇ ਹੋਏ ਗੁਲਾਬੋ ਮਾਸੀ ਦੇ ਕਿਰਦਾਰ ਨੇ ਅਮਰ ਕਰ ਦਿੱਤਾ। ਅੱਜ ਵੀ ਉਨ੍ਹਾਂ ਨੂੰ ਪੰਜਾਬੀ ਸਿਨੇਮਾ ਜਗਤ ਵਿਚ ਗੁਲਾਬੋ ਮਾਸੀ ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸੱਠ ਤੋਂ ਜ਼ਿਆਦਾ ਫਿਲਮਾਂ ਪੰਜਾਬੀ ਸਿਨੇਮੇ ਦੀ ਝੋਲੀ ਪਾਈਆਂ, ਜਿਨ੍ਹਾਂ ਵਿਚ ਉੱਚਾ ਦਰ ਬਾਬੇ ਨਾਨਕ ਦਾ, ਦੀਵਾ ਬਲੇ ਸਾਰੀ ਰਾਤ, ਸੁਨੇਹਾ, ਲਵ ਪੰਜਾਬ, ਅੰਗਰੇਜ਼, ਨਿੱਕਾ ਜੈਲਦਾਰ, ਦਿ ਗ੍ਰੇਟ ਸਰਦਾਰ, ਲਾਹੌਰੀਏ, ਬੂਹੇ ਬਾਰੀਆਂ, ਗੋਡੇ ਗੋਡੇ ਚਾਅ, ਬੰਬੂਕਾਟ, ਜੱਟ ਨੂੰ ਚੁੜੇਲ ਟੱਕਰੀ, ਨੀ ਮੈਂ ਸੱਸ ਕੁੱਟਣੀ ਅਤੇ ਹਾਲ ਵਿਚ ਹੀ ਰਿਲੀਜ਼ ਹੋਈ ਨੀ ਮੈਂ ਸੱਸ ਕੁੱਟਣੀ-2 ਉਨ੍ਹਾਂ ਦੀ ਬੇਹਤਰੀਨ ਅਦਾਕਾਰੀ ਨੂੰ ਪੇਸ਼ ਕਰਦੀਆਂ ਹਨ। ਪੰਜਾਬੀ ਫ਼ਿਲਮਾਂ ਦੇ ਨਾਲ-ਨਾਲ ਉਨ੍ਹਾਂ ਨੇ ਮਹਿਮਾਨ ਕਲਾਕਾਰ ਵਜੋਂ ਵੀ ਹਿੰਦੀ ਫ਼ਿਲਮ ਦੰਗਲ ਵਿਚ ਕੰਮ ਕੀਤਾ। ਉਨ੍ਹਾਂ ਦੀ ਅਦਾਕਾਰੀ ਜਿਥੇ ਹੱਸਣ ਲਈ ਮਜਬੂਰ ਕਰ ਦਿੰਦੀ ਹੈ, ਉਥੇ ਔਰਤਾਂ ਦੇ ਸਤਿਕਾਰ ਅਤੇ ਔਰਤਾਂ ’ਤੇ ਹੋ ਰਹੇ ਜ਼ੁਲਮ ਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਕੇ ਸਮਾਜ ਨੂੰ ਜਾਗਰੂਕ ਵੀ ਕਰਦੀ ਹੈ।

ਪੰਜਾਬੀ ਰੰਗਮੰਚ ਅਤੇ ਸਿਨੇਮਾ ਜਗਤ ਵਿਚ ਪਾਏ ਯੋਗਦਾਨ ਬਦਲੇ ਉਨ੍ਹਾਂ ਨੂੰ ਬਹੁਤ ਸਾਰੇ ਮਾਣ-ਸਨਮਾਨਾਂ ਨਾਲ ਨਿਵਾਜਿਆ ਗਿਆ, ਜਿਸ ਵਿਚ ਸੰਗੀਤ ਨਾਟਕ ਅਕੈਡਮੀ ਅਵਾਰਡ, ਪੀ.ਟੀ.ਸੀ. ਪੰਜਾਬੀ ਦੁਆਰਾ ਬੈਸਟ ਸਪੋਰਟਿੰਗ ਐਕਟਰ, 2017 ਵਿਚ ਲਾਈਫਟਾਈਮ ਅਚੀਵਮੈਂਟ ਅਤੇ 2024 ਵਿਚ ਭਾਰਤ ਸਰਕਾਰ ਦੁਆਰਾ ਸਨਮਾਨਿਤ ਪਦਮਸ਼੍ਰੀ ਐਵਾਰਡ ਸ਼ਾਮਿਲ ਹਨ।

ਨਿਰਮਲ ਰਿਸ਼ੀ ਜੀ ਅੱਸੀਂ ਸਾਲ ਦੀ ਉਮਰ ਵਿਚ ਪਹੁੰਚ ਚੁੱਕੇ ਹਨ ਪ੍ਰੰਤੂ ਉਨ੍ਹਾਂ ਦੀ ਅਦਾਕਾਰੀ ਵਿਚ ਅੱਜ ਵੀ ਜਵਾਨਾਂ ਵਰਗੀ ਚੁਸਤੀ ਅਤੇ ਫੁਰਤੀ ਮੌਜੂਦ ਹੈ। ਆਪਣੀ ਵਧਦੀ ਉਮਰ ਨੂੰ ਕਦੇ ਵੀ ਉਨ੍ਹਾਂ ਨੇ ਆਪਣੇ ਰਾਹ ਵਿਚ ਅੜਿੱਕਾ ਨਹੀਂ ਆਉਣ ਦਿੱਤਾ। ਉਹ ਹੁਣ ਵੀ ਮਿਲਿਆ ਕਿਰਦਾਰ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ। ਉਨ੍ਹਾਂ ਨੇ ਵਿਆਹ ਨਹੀਂ ਕਰਵਾਇਆ। ਉਨ੍ਹਾਂ ਨੂੰ ਬਚਪਨ ਵਿਚ ਪੱਥਰ ਕਿਹਾ ਗਿਆ ਪ੍ਰੰਤੂ ਇਹ ਕਿਸੇ ਨੂੰ ਪਤਾ ਨਹੀਂ ਸੀ ਕਿ ਇਹ ਪੱਥਰ ਇੱਕ ਦਿਨ ਜਾ ਕੇ ਪੰਜਾਬੀ ਸਿਨੇਮਾ ਜਗਤ ਦਾ ਧਰੂ ਤਾਰਾ ਬਣੇਗਾ। ਪੂਰਾ ਸਿਨੇਮਾ ਜਗਤ ਹੀ ਉਨ੍ਹਾਂ ਦਾ ਪਰਿਵਾਰ ਹੈ। ਇਹੀ ਕਾਰਨ ਹੈ ਕਿ ਦਰਸ਼ਕ ਵੀ ਉਨ੍ਹਾਂ ਨੂੰ ਬੇਬੇ ਜੀ, ਬੀਜੀ, ਨਾਨੀ ਜੀ, ਭੂਆ ਜੀ ਅਤੇ ਗੁਲਾਬੋ ਮਾਸੀ ਕਹਿ ਕੇ ਬੁਲਾਉਂਦੇ ਹਨ।

ਨਿਰਮਲ ਰਿਸ਼ੀ ਦਾ ਪੂਰਾ ਜੀਵਨ ਪ੍ਰੇਰਨਾ ਸ੍ਰੋਤ ਹੈ। ਉਹ ਨਵੇਂ ਉੱਭਰ ਰਹੇ ਔਰਤ ਕਲਾਕਾਰਾਂ ਲਈ ਰਾਹ ਦਸੇਰਾ ਹਨ। ਉਨ੍ਹਾਂ ਦੁਆਰਾ ਪ੍ਰਾਪਤ ਕੀਤੇ ਮਾਣ-ਸਨਮਾਨ ਅਤੇ ਤਰੱਕੀ ਉਨ੍ਹਾਂ ਲੋਕਾਂ ਦੇ ਮੂੰਹ ’ਤੇ ਚਪੇੜ ਹਨ, ਜੋ ਧੀਆਂ ਨੂੰ ਪੱਥਰ ਅਤੇ ਬੋਝ ਸਮਝਦੇ ਹਨ। ਉਨ੍ਹਾਂ ਦੁਆਰਾ ਪੰਜਾਬੀ ਥੀਏਟਰ ਅਤੇ ਸਿਨੇਮਾ ਵਿਚ ਪਾਏ ਯੋਗਦਾਨ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਅਸੀਂ ਪ੍ਰਮਾਤਮਾ ਅੱਗੇ ਉਨ੍ਹਾਂ ਦੀ ਲੰਮੀ ਉਮਰ ਅਤੇ ਚੰਗੀ ਸਿਹਤ ਦੀ ਅਰਦਾਸ ਕਰਦੇ ਹੋਏ ਇਹ ਉਮੀਦ ਵੀ ਕਰਦੇ ਹਾਂ ਕਿ ਭਵਿੱਖ ਵਿਚ ਵੀ ਉਨ੍ਹਾਂ ਦੀਆਂ ਫਿਲਮਾਂ ਦਰਸ਼ਕਾਂ ਨੂੰ ਸਮਾਜਿਕ ਕੁਰੀਤੀਆਂ ਖ਼ਿਲਾਫ਼ ਜਾਗਰੂਕ ਕਰਦੀਆਂ ਹੋਈਆਂ ਲਾਮਬੰਦ ਕਰਨਗੀਆਂ।

## 8 ਅਗਸਤ ਨੂੰ ਵਿਸ਼ੇਸ਼

# ਮੋਰਚਾ ਗੁਰੂ ਕਾ ਬਾਗ


-ਦਿਲਜੀਤ ਸਿੰਘ ਬੇਦੀ

ਮੋ: 76579-68579, 76579-98570

ਪੰਜਾਬ ਮੇਲ USA




'ਗੁਰੂ ਕਾ ਬਾਗ' ਤਹਿਸੀਲ ਅਜਨਾਲਾ ਵਿਚ ਅੰਮ੍ਰਿਤਸਰ ਤੋਂ 13-14 ਕੁ ਮੀਲ ਦੀ ਵਿੱਥ ਉਤੇ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਯਾਦਗਾਰੀ ਗੁਰਦੁਆਰਾ ਹੈ। ਸਿੱਖ-ਰਾਜ ਦੇ ਵੇਲੇ ਸਿੱਖ ਸਰਦਾਰਾਂ ਤੇ ਇਲਾਕੇ ਦੀ ਸੰਗਤ ਨੇ ਇਕ ਉਦਾਸੀ ਸਿੱਖ ਨੂੰ ਇਸ ਗੁਰਦੁਆਰੇ ਦੀ ਸੇਵਾ ਵਾਸਤੇ ਮਹੰਤ ਨੀਯਤ ਕੀਤਾ। ਉਸ ਤੋਂ ਮਗਰੋਂ ਉਦਾਸੀ ਸਿੱਖਾਂ ਦੀ ਮਹੰਤੀ ਚੱਲਦੀ ਰਹੀ। ਜਦ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (ਜਾਂ ਅਕਾਲੀ ਲਹਿਰ) ਸ਼ੁਰੂ ਹੋਈ, ਉਸ ਵੇਲੇ ਗੁਰੂ ਕੇ ਬਾਗ ਦਾ ਮਹੰਤ, ਸੁੰਦਰ ਦਾਸ ਸੀ। ਉਹ ਅੱਤ ਦਰਜੇ ਦਾ ਐਬੀ ਤੇ ਵੈਲੀ ਸੀ। ਸੰਗਤਾਂ ਨੂੰ ਉਸ ਦੇ ਆਚਰਨ ਵਿਰੁੱਧ ਬੜੀਆਂ ਸ਼ਿਕਾਇਤਾਂ ਸਨ। ਉਹ ਸ਼ਿਕਾਇਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਪੁੱਜੀਆਂ। ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਦੀ ਡਿਊਟੀ ਲਾਈ ਗਈ ਕਿ ਉਹ ਮਹੰਤ ਸੁੰਦਰ ਦਾਸ ਨਾਲ ਗੱਲਬਾਤ ਕਰੇ ਅਤੇ ਉਸ ਨੂੰ ਆਪਣਾ ਚਾਲ-ਚਲਨ ਅਤੇ ਗੁਰਦੁਆਰੇ ਦਾ ਪ੍ਰਬੰਧ ਠੀਕ ਕਰਨ ਲਈ ਸਮਝਾਵੇ, ਪਰੇਰੇ।

31 ਜਨਵਰੀ 1921 ਨੂੰ ਗੁਰੂ ਕਾ ਬਾਗ ਵਿਚ ਇਕ ਬੜਾ ਭਾਰੀ ਪੰਥਕ ਇਕੱਠ ਹੋਇਆ। ਉਸ ਵਿਚ ਮਹੰਤ ਸੁੰਦਰ ਦਾਸ ਨੂੰ ਕਿਹਾ ਗਿਆ:

1) ਕਿਸੇ ਇਸਤਰੀ ਨਾਲ ਅਯੋਗ ਸੰਬੰਧ ਨਾ ਰੱਖੋ, ਇਕ ਨਾਲ ਸ਼ਾਦੀ ਕਰ ਲਵੋ।

2) ਅੰਮ੍ਰਿਤ ਛਕ ਕੇ ਸਿੰਘ ਸੱਜ ਜਾਓ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਕੇ ਸੇਵਾ ਕਰੋ।

ਮਹੰਤ ਨੇ ਦੀਵਾਨ ਵਿਚ ਸ਼ਰਤਾਂ ਮੰਨ ਲਈਆਂ ਅਤੇ ਇਕਰਾਰਨਾਮੇ ਉੱਪਰ ਦਸਤਖ਼ਤ ਕਰ ਦਿੱਤੇ। ਇਸੇ ਦੀਵਾਨ ਵਿਚ ਗੁਰਦੁਆਰੇ ਦੇ ਪ੍ਰਬੰਧ ਵਾਸਤੇ 11 ਮੈਂਬਰਾਂ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ। ਮਹੰਤ ਇਸ ਕਮੇਟੀ ਦੇ ਅਧੀਨ ਰਹਿ ਕੇ ਸੇਵਾ ਕਰਨੀ ਮੰਨ ਗਿਆ। 8 ਫਰਵਰੀ 1921 ਨੂੰ ਮਹੰਤ ਸੁੰਦਰ ਦਾਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਕੇ ਅੰਮ੍ਰਿਤ ਛਕ ਲਿਆ ਅਤੇ ਇਕ ਇਸਤਰੀ ਨਾਲ ਅਨੰਦ ਪੜ੍ਹਾ ਲਿਆ। ਮਹੰਤ ਦਾ ਨਾਂ ਜੁਗਿੰਦਰ ਸਿੰਘ ਅਤੇ ਉਸ ਦੀ ਇਸਤਰੀ ਦਾ ਨਾਂ ਗਿਆਨ ਕੌਰ ਰੱਖਿਆ ਗਿਆ। ਉਹ ਗੁਰਦੁਆਰਾ ਕਮੇਟੀ ਦੇ ਅਧੀਨ ਕੰਮ ਕਰਨ ਲੱਗ ਪਿਆ।

ਪਰ ਨਨਕਾਣੇ ਸਾਹਿਬ ਦੇ ਸਾਕੇ ਮਗਰੋਂ ਜਦ ਸਰਕਾਰ ਨੇ ਗੁਰਦੁਆਰਾ ਪ੍ਰਬੰਧ ਸੁਧਾਰਕਾਂ ਅਰਥਾਤ ਅਕਾਲੀਆਂ ਵਿਰੁੱਧ ਸਖਤੀ ਕਰਨੀ ਆਰੰਭੀ, ਤਾਂ ਇਹ ਮਹੰਤ ਫਿਰ ਆਕੀ ਹੋ ਬੈਠਾ ਅਤੇ ਪਹਿਲਾਂ ਵਾਂਗ ਹੀ ਰੰਗ-ਰਲੀਆਂ ਮਾਣਨ ਲੱਗ ਪਿਆ। ਇਹ ਵਤੀਰਾ ਵੇਖ ਕੇ ਸ਼੍ਰੋਮਣੀ ਕਮੇਟੀ ਨੇ 23 ਅਗਸਤ 1921 ਨੂੰ ਜੱਥਾ ਭੇਜ ਕੇ ਗੁਰਦੁਆਰੇ ਦਾ ਪ੍ਰਬੰਧ ਸੰਭਾਲ ਲਿਆ। ਮਹੰਤ ਨੇ ਸਰਕਾਰ ਤੋਂ ਮਦਦ ਮੰਗੀ। ਪੁਲਿਸ ਕਪਤਾਨ ਪੁਲਿਸ ਦਾ ਜਥਾ ਲੈ ਕੇ ਮੌਕੇ 'ਤੇ ਪੁੱਜਾ। ਉਸ ਨੇ ਸਾਰਾ ਹਾਲ-ਚਾਲ ਵੇਖ ਕੇ ਅਕਾਲੀਆਂ ਦੇ ਕਬਜ਼ੇ ਦੀ ਪ੍ਰੋੜ੍ਹਤਾ ਕੀਤੀ ਅਤੇ ਅਕਾਲੀ ਪ੍ਰਬੰਧਕਾਂ ਦੀ ਰੱਖਿਆ ਲਈ ਕੁਝ ਪੁਲਿਸ ਨੀਯਤ ਕਰ ਦਿੱਤੀ। ਜਦ ਮਹੰਤ ਵਲੋਂ ਹੱਲੇ-ਗੁੱਲੇ ਦਾ ਖਤਰਾ ਹਟ ਗਿਆ, ਤਾਂ ਪੁਲਿਸ ਹਟਾ ਲਈ ਗਈ।

ਫਰਵਰੀ 1922 ਵਿਚ ਮਹੰਤ ਦੇ ਗੁਜ਼ਾਰੇ ਲਈ 120 ਰੁਪਏ ਮਹੀਨਾ ਨੀਯਤ ਕੀਤਾ ਗਿਆ ਤੇ ਅੰਮ੍ਰਿਤਸਰ ਵਿਚ ਇਕ ਮਕਾਨ ਉਸ ਨੂੰ ਦਿੱਤਾ ਗਿਆ। ਇਹ ਕੁਝ ਉਸ ਨੇ ਬੜੀ ਖੁਸ਼ੀ ਨਾਲ ਪ੍ਰਵਾਨ ਵੀ ਕਰ ਲਿਆ, ਪਰ ਮਾਰਚ-ਅਪ੍ਰੈਲ ਵਿਚ ਸਰਕਾਰ ਦੀ ਨੀਤੀ ਸਿੱਖਾਂ ਵਿਰੁੱਧ ਵੇਖ ਕੇ ਉਹ ਫੇਰ ਫਿਰ ਗਿਆ।

ਜਦੋਂ ਦਾ ਇਹ ਗੁਰਦੁਆਰਾ ਸ਼੍ਰੋਮਣੀ ਕਮੇਟੀ ਦੇ ਮਾਤਹਿਤ ਹੋਇਆ ਸੀ, ਤਦ ਤੋਂ ਹੀ ਗੁਰੂ ਕਾ ਲੰਗਰ ਚਾਲੂ ਹੋ ਗਿਆ ਸੀ, ਲੰਗਰ ਵਾਸਤੇ ਬਾਲਣ ਗੁਰਦੁਆਰੇ ਦੀ ਭੋਂ ਵਿਚਲੀ ਕਿੱਕਰਾਂ ਦੀ ਝੰਗ ਵਿਚੋਂ ਕੱਟਿਆ ਜਾਂਦਾ ਸੀ। 8 ਅਗਸਤ ਸੰਨ 1922 ਨੂੰ ਇਸੇ ਭੋਂ ਵਿਚੋਂ ਪੰਜਾਂ ਅਕਾਲੀਆਂ ਨੇ ਲੰਗਰ ਵਾਸਤੇ ਇਕ ਸੁੱਕੀ ਕਿੱਕਰ ਛਾਂਗ ਕੇ ਬਾਲਣ ਲਿਆਂਦਾ, ਤਾਂ ਇਨ੍ਹਾਂ ਨੂੰ ਅਗਲੇ ਦਿਨ 9 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ। 10 ਅਗਸਤ ਨੂੰ ਇਨ੍ਹਾਂ ਦੇ ਵਿਰੁੱਧ ਮਹੰਤ ਪਾਸੋਂ ਦਰਖਾਸਤ ਲਈ ਗਈ ਕਿ ਹੀ ਇਨ੍ਹਾਂ ਅਕਾਲੀਆਂ ਨੂੰ ਚੋਰੀ ਦੇ ਜੁਰਮ ਵਿਚ 6-6 ਮਹੀਨੇ ਦੀ ਕੈਦ ਅਤੇ ਪੰਜਾਹ-ਪੰਜਾਹ ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ ਗਈ।




ਅਗਲੇ ਦਿਨ ਉਥੇ ਪੁਲਿਸ ਦੀ ਗਾਰਦ ਬਿਠਾਈ ਗਈ। ਅਕਾਲੀ ਉਸੇ ਤਰ੍ਹਾਂ ਲੰਗਰ ਵਾਸਤੇ ਬਾਲਣ ਵੱਢਦੇ ਤੇ ਵਰਤਦੇ ਰਹੇ। ਪੁਲਿਸ ਨੇ 10-12 ਦਿਨ ਕੋਈ ਰੋਕ ਰੁਕਾਵਟ ਨਾ ਕੀਤੀ ਪਰ 22 ਅਗਸਤ ਸੰਨ 1922 ਨੂੰ ਯਕਾ-ਯਕ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ, ਜਿਨ੍ਹਾਂ ਦੀ 25 ਅਗਸਤ ਤੱਕ ਗਿਣਤੀ 210 ਹੋ ਗਈ। ਪਹਿਲਾਂ ਲੱਕੜਾਂ ਵੱਢਣ ਵਾਲੇ ਸਿੱਖ ਫੜੇ ਜਾਂਦੇ ਰਹੇ, ਫਿਰ ਗੁਰਦੁਆਰੇ ਅੰਦਰ ਸੇਵਾ ਕਰਨ ਵਾਲੇ ਚਾਰ ਸਿੱਖ ਗ੍ਰਿਫ਼ਤਾਰ ਕੀਤੇ ਗਏ।

25 ਅਗਸਤ ਨੂੰ ਸਰਕਾਰੀ ਕਾਰਵਾਈ ਨੇ ਹੋਰ ਪਾਸਾ ਪਲਟਿਆ। ਗੁਰਦੁਆਰੇ ਵਿਚ ਫੌਜ ਤੇ ਪੁਲਿਸ ਬਿਠਾਈ ਗਈ। ਗੁਰਦੁਆਰੇ ਦੇ ਉਦਾਲੇ ਘੇਰਾ ਘੱਤਿਆ ਗਿਆ ਅਤੇ ਹੁਕਮ ਦਿੱਤਾ ਗਿਆ ਕਿ ਕੋਈ ਅਕਾਲੀ ਗੁਰਦੁਆਰੇ ਤੋਂ ਬਾਹਰ ਨਿਕਲ ਕੇ ਰਸਦ-ਪਾਣੀ ਜਾਂ ਲੱਕੜਾਂ ਨਾ ਲਿਆਵੇ। ਬਾਹਰੋਂ ਸੰਗਤਾਂ ਨੇ ਰਸਦਾਂ ਦੇ ਗੱਡੇ ਲਿਆਂਦੇ, ਪਰ ਉਹ ਡੱਕ ਲਏ ਗਏ ਅਤੇ ਲਿਆਉਣ ਵਾਲੇ ਕੈਦ ਕੀਤੇ ਗਏ। ਪੁਲਿਸ ਕਪਤਾਨ ਨੇ ਹੁਕਮ ਦਿੱਤਾ ਕਿ ਜਦ ਕੋਈ ਸਿੰਘ ਲੱਕੜਾਂ ਵੱਢਣ ਜਾਵੇ, ਤਾਂ ਉਸ ਨੂੰ ਸੰਮਾਂ ਵਾਲੀਆਂ ਡਾਂਗਾਂ ਨਾਲ ਝੰਬਿਆ ਜਾਵੇ।

ਗੁਰਦੁਆਰੇ ਅੰਦਰ ਰਸਦ ਨਾ ਪਹੁੰਚੀ ਅਤੇ ਲੰਗਰ ਮਸਤਾਨਾ ਹੋ ਗਿਆ ਪਰ ਭੁੱਖੇ-ਭਾਣੇ ਸਿੰਘ ਆਪਣੇ ਪ੍ਰਣ ਦੀ ਪਾਲਣਾ ਕਰਦੇ ਹੋਏ ਲੱਕੜਾਂ ਵੱਢਣ ਵਾਸਤੇ ਵਾਰੀ-ਵਾਰੀ ਜਾਂਦੇ ਰਹੇ। ਅੱਗੋਂ ਪੁਲਿਸ ਵੀ ਆਪਣਾ ਨਿਰਦਈ ਹਠ ਪਾਲਦੀ ਰਹੀ। ਇਸ ਤਰ੍ਹਾਂ 36 ਭੁੱਖੇ-ਭਾਣੇ ਸ਼ਾਂਤਮਈ ਅਕਾਲੀਆਂ ਨੂੰ ਸੰਮਾਂ ਵਾਲੀਆਂ ਡਾਂਗਾਂ ਨਾਲ ਕੁੱਟ-ਕੁੱਟ ਕੇ ਬੇ-ਸੁਰਤ ਕਰ ਕੇ ਸੁੱਟ ਦਿੱਤਾ ਗਿਆ। ਜਦ ਸ਼੍ਰੋਮਣੀ ਕਮੇਟੀ ਨੂੰ ਇਸ ਦੁਰਘਟਨਾ ਦਾ ਪਤਾ ਲੱਗਾ, ਤਾਂ ਜ਼ਖਮੀ ਹੋਏ ਸਿੰਘਾਂ ਨੂੰ ਲਾਰੀਆਂ ਵਿਚ ਪਾ ਕੇ ਅੰਮ੍ਰਿਤਸਰ ਲਿਆਂਦਾ ਗਿਆ। ਇਸ ਮਾਰ-ਕੁਟਾਈ ਦੀ ਘਟਨਾ ਨੇ ਸਾਰੇ ਪੰਥ ਵਿਚ ਰੋਸ ਤੇ ਬੇਚੈਨੀ ਦੀ ਲਹਿਰ ਪੈਦਾ ਕਰ ਦਿੱਤੀ। ਅਗਲੇ ਦਿਨ 26 ਅਗਸਤ ਨੂੰ ਬਹੁਤ ਸਾਰੀ ਸੰਗਤ ਗੁਰਦੁਆਰੇ ਆ ਜੁੜੀ। ਪੁਲਿਸ ਨੇ ਫਿਰ ਲਾਠੀਚਾਰਜ ਕੀਤਾ।

ਇਹ ਮਾਮਲਾ ਵਧਦਾ ਜਾ ਰਿਹਾ ਸੀ। ਅੰਗਰੇਜ਼ੀ ਸਰਕਾਰ ਸਿੱਖਾਂ ਨੂੰ ਕੁਚਲਣਾ ਚਾਹੁੰਦੀ ਸੀ, ਕਿਉਂਕਿ ਗੁਰਦੁਆਰਾ ਲਹਿਰ ਸਿੱਖਾਂ ਵਿਚ ਦੇਸ਼ ਦੀ ਆਜ਼ਾਦੀ ਲਈ ਵਧ ਰਹੇ ਜੋਸ਼ ਦਾ ਹੀ ਇਕ ਚਿੰਨ੍ਹ ਸੀ। ਸਿੱਖ ਵੀ ਹਰ ਪ੍ਰਕਾਰ ਦੀ ਕੁਰਬਾਨੀ ਵਾਸਤੇ ਤਿਆਰ ਸਨ, ਇਸ ਲਈ ਮੋਰਚਾ ਗਰਮ ਹੋਣਾ ਹੀ ਸੀ।

26 ਅਗਸਤ ਸੰਨ 1922 ਨੂੰ ਗੁਰੂ ਕਾ ਬਾਗ ਦੇ ਮਾਮਲੇ ਉਤੇ ਵਿਚਾਰ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਕਮੇਟੀ ਦੀ ਇਕੱਤਰਤਾ ਹੋਈ। ਇਹ ਕਮਿਸ਼ਨਰ ਨੇ ਆਪਣੇ ਚਪੜਾਸੀ ਦੇ ਹੱਥ ਚਿੱਠੀ ਭੇਜੀ। ਇਸ ਵਿਚ ਲਿਖਿਆ ਸੀ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਜਨਰਲ ਸਕੱਤਰ, ਸਕੱਤਰ ਅਤੇ ਛੇ ਹੋਰ ਮੁਖੀ ਮੈਂਬਰਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਹੋਏ ਹਨ। ਸ੍ਰੀ ਅਕਾਲ ਤਖ਼ਤ ਦੇ ਹਜ਼ੂਰ ਹਜ਼ਾਰਾਂ ਦੀ ਗਿਣਤੀ ਵਿਚ ਜੁੜੀਆਂ ਸੰਗਤਾਂ ਨੇ ਬੜੀ ਸਜ-ਧਜ ਤੇ ਜ਼ੋਸ਼ ਨਾਲ ਇਨ੍ਹਾਂ 9 ਆਗੂਆਂ ਨੂੰ ਗ੍ਰਿਫ਼ਤਾਰੀ ਲਈ ਰਵਾਨਾ ਕੀਤਾ। ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਸਜੇ ਇਕੱਠ ਵਿਚ ਇਹ ਐਲਾਨ ਕੀਤਾ ਗਿਆ ਕਿ ਗੁਰੂ ਕਾ ਬਾਗ ਸਿੱਖ-ਪੰਥ ਦਾ ਹੈ, ਸਰਕਾਰ ਉਥੋਂ ਪੁਲਿਸ ਹਟਾ ਲਵੇ ਅਤੇ ਕਿਸੇ ਪ੍ਰਕਾਰ ਦੀ ਰੋਕ-ਰੁਕਾਵਟ ਨਾ ਪਾਵੇ, ਨਹੀਂ ਤਾਂ ਪੰਥ ਦਾ ਹੱਕ ਜਮਾਉਣ ਲਈ ਸ਼ਾਂਤਮਈ ਸਤਿਆਗ੍ਰਹਿ ਸ਼ੁਰੂ ਕੀਤਾ ਜਾਵੇਗਾ। ਸਰਕਾਰ ਤਾਂ ਸਿੱਖਾਂ ਨੂੰ ਕੁਚਲਣ ਉੱਤੇ ਤੁਲੀ ਬੈਠੀ ਸੀ। ਉਸ ਨੇ ਇਸ ਪੰਥਕ ਐਲਾਨ ਦੀ ਕੋਈ ਪ੍ਰਵਾਹ ਨਾ ਕੀਤੀ, ਸਗੋਂ ਵਧੇਰੇ ਸਖਤੀ ਲਈ ਤਿਆਰ ਹੋ ਪਈ।



ਸਿੱਖਾਂ ਨੇ ਸੱਤਿਆਗ੍ਰਹਿ ਸ਼ੁਰੂ ਕਰ ਦਿੱਤਾ। ਪਹਿਲਾਂ ਅੰਮ੍ਰਿਤਸਰ ਜ਼ਿਲ੍ਹੇ ਦਾ 60 ਸਿੰਘਾਂ ਦਾ ਜਥਾ ਤਿਆਰ ਹੋਇਆ। 29 ਅਗਸਤ ਸੰਨ 1922 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਅਣਗਿਣਤ ਸੰਗਤ ਜੁੜੀ। ਇਹ ਜਥਾ ਵੀ ਉਥੇ ਹਾਜ਼ਰ ਸੀ। ਇਨ੍ਹਾਂ ਸੂਰਬੀਰ ਤੇ ਗੁਰੂ-ਚਰਨਾਂ ਦੇ ਭੌਰਿਆਂ ਨੇ ਪੂਰਨ ਤੌਰ 'ਤੇ ਸ਼ਾਂਤਮਈ ਰਹਿਣ, ਹਰ ਪ੍ਰਕਾਰ ਦੇ ਕਸ਼ਟ ਡਰ ਕੇ ਝੱਲਣ ਅਤੇ ਪਿੱਠ ਨਾ ਮੋੜਨ ਦਾ ਪ੍ਰਣ ਲਿਆ। ਦਿਨ ਦੇ 3 ਵਜੇ ਇਸ ਜਥੇ ਨੂੰ ਬੜੀ ਸਜ-ਧਜ ਤੇ ਜੋਸ਼ ਨਾਲ ਗੁਰੂ ਕੇ ਬਾਗ ਵੱਲ ਤੋਰਿਆ ਗਿਆ।

ਇਸ ਜਥੇ ਨੂੰ ਗੁਰੂ ਕੇ ਬਾਗ ਦੇ ਪਾਸ ਪੁਲ ਉੱਤੇ ਰੋਕਿਆ ਗਿਆ ਅਤੇ ਵਾਪਸ ਚਲੇ ਜਾਣ ਲਈ ਕਿਹਾ ਗਿਆ। ਪਰ ਜਥੇ ਨੇ ਮੁੜਨੋਂ ਨਾਂਹ ਕਰ ਦਿੱਤੀ। ਪੁਲਿਸ ਨੇ ਅੱਤ ਦਰਜੇ ਦੀ ਬੇ-ਕਿਰਕੀ ਨਾਲ ਇਨ੍ਹਾਂ ਸਿੰਘਾਂ ਛੱਲੀਆਂ ਵਾਂਗ ਕੁੱਟ-ਕੁੱਟ ਕੇ ਬੇਹੋਸ਼ ਕਰ ਦਿੱਤਾ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਨੂੰ ਲਾਰੀਆਂ ਵਿਚ ਪਾ ਕੇ ਸ੍ਰੀ ਅੰਮ੍ਰਿਤਸਰ ਲਿਆਂਦਾ।

ਸਤਿਆਗ੍ਰਹਿ ਦਾ ਜੋਸ਼ ਸਾਰੇ ਪੰਥ ਵਿਚ ਫੈਲ ਗਿਆ। ਰੋਜ਼ਾਨਾ 100-100 ਦਾ ਜਥਾ ਸ਼ਾਂਤਮਈ ਸਤਿਆਗ੍ਰਹਿ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਣ ਲੱਗ ਪਿਆ। ਇਸ ਤਰ੍ਹਾਂ ਜ਼ਿਲ੍ਹਾ ਫਿਰੋਜ਼ਪੁਰ, ਗੁਰਦਾਸਪੁਰ, ਲਾਇਲਪੁਰ, ਹੁਸ਼ਿਆਰਪੁਰ, ਅੰਬਾਲਾ, ਲਾਹੌਰ, ਗੁਜਰਾਂਵਾਲਾ, ਸਿਆਲਕੋਟ, ਸ਼ੇਖੂਪੁਰਾ, ਮਿੰਟਗੁਮਰੀ, ਰਾਵਲਪਿੰਡੀ, ਜਿਹਲਮ, ਗੁਜਰਾਤ ਤੇ ਸਰਹੱਦ ਦੇ ਜਥੇ ਅਤੇ ਫੌਜੀ ਪਿਨਸ਼ਨੀਏ ਸਤਿਆਗ੍ਰਹਿ ਕਰਨ ਲਈ ਗਏ। ਸਾਰਿਆਂ ਨੂੰ ਹੀ ਬੇ-ਕਿਰਕੀ ਨਾਲ ਕੁੱਟ-ਕੁੱਟ ਕੇ ਬੇਹੋਸ਼ ਕੀਤਾ ਜਾਂਦਾ, ਪਰ ਸੂਰਬੀਰ ਸਿੰਘ ਚੁੱਪ ਕੀਤੇ ਅਤੇ ਅਡੋਲ ਰਹਿ ਕੇ ਮਾਰ ਖਾਈ ਜਾਂਦੇ। ਕੋਈ ਪਿਛਾਂਹ ਨਾ ਹਟਦਾ। ਕੋਈ ਸੱਟਾਂ ਤੋਂ ਬਚਾਅ ਦਾ ਯਤਨ ਨਾ ਕਰਦਾ 'ਵਾਹਿਗੁਰੂ-ਵਾਹਿਗੁਰੂ' ਆਖੀ ਜਾਂਦੇ ਅਤੇ ਮਾਰ ਖਾਈ ਜਾਂਦੇ, ਜਦ ਤੱਕ ਸਰੀਰ ਵਿਚ ਬਲ ਹੁੰਦਾ, ਹਰੇਕ ਸਿੰਘ ਅਗਾਂਹ ਵਧਣ ਦਾ ਯਤਨ ਕਰਦਾ।

ਜ਼ਖ਼ਮੀ ਸਿੰਘਾਂ ਨੂੰ ਰੋਜ਼ ਦੇ ਰੋਜ਼ ਲਾਰੀਆਂ ਵਿਚ ਪਾ ਕੇ ਸ੍ਰੀ ਅੰਮ੍ਰਿਤਸਰ ਲਿਆਂਦਾ ਜਾਂਦਾ ਅਤੇ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਗੁਰੂ ਕੇ ਬਾਗ ਵਿਚ ਅਤੇ ਹੋਰ ਥਾਵਾਂ 'ਤੇ ਉਨ੍ਹਾਂ ਦੀ ਸੇਵਾ-ਟਹਿਲ ਕੀਤੀ ਜਾਂਦੀ। ਸਿੱਖਾਂ ਤੋਂ ਇਲਾਵਾ ਸੇਵਾ ਸੰਮਤੀ ਵਾਲੇ ਅਤੇ ਸ਼ਹਿਰ ਦੇ ਹਿੰਦੂ ਤੇ ਮੁਸਲਮਾਨ ਵੀ ਉਨ੍ਹਾਂ ਦੀ ਸੇਵਾ ਕਰਦੇ।



ਜਥਾ ਹਰ ਰੋਜ਼ ਜਾਂਦਾ ਸੀ ਅਤੇ ਹਰ ਰੋਜ਼ ਗਜ਼ਬ ਦੀ ਮਾਰ-ਕੁਟਾਈ ਹੁੰਦੀ ਸੀ। ਸਿੱਖਾਂ ਦੇ ਸਬਰ, ਜ਼ਬਤ ਅਤੇ ਸ਼ਾਂਤਮਈ ਬੀਰਤਾ ਦਾ ਸਰਕਾਰ ਦੇ ਜਬਰ, ਬੇ-ਕਾਨੂੰਨੇ ਅੱਤਿਆਚਾਰ ਅਤੇ ਬੇ-ਕਿਰਕੀ ਭਰੇ ਹਠ ਨਾਲ ਟਾਕਰਾ ਸੀ। 13 ਕੁ ਦਿਨ ਇਹ ਭਿਆਨਕ ਮਾਰ-ਕੁਟਾਈ ਹੁੰਦੀ ਰਹੀ। ਦੇਸ਼ ਦੇ ਕਈ ਉੱਘੇ ਆਗੂ ਅਤੇ ਕਈ ਵਿਦੇਸ਼ੀ ਪ੍ਰਸਿੱਧ ਬੰਦੇ ਇਸ ਟਾਕਰੇ ਦੀ ਭਿਆਨਕ ਝਾਕੀ ਨੂੰ ਹਰ ਰੋਜ਼ ਵੇਖਦੇ ਅਤੇ ਸਿੱਖਾਂ ਦੀ ਸ਼ਾਂਤਮਈ ਸੂਰਬੀਰਤਾ ਅਤੇ ਸਰਕਾਰ ਦਾ ਵਹਿਸ਼ੀਪੁਣਾ ਵੇਖ-ਵੇਖ ਦੰਗ ਹੁੰਦੇ। ਜਥੇ ਰੋਜ਼-ਰੋਜ਼ ਜਾਂਦੇ ਰਹੇ ਅਤੇ 'ਵਾਹਿਗੁਰੂ ਵਾਹਿਗੁਰੂ' ਆਖਦੇ ਤੇ ਸ਼ਾਂਤਮਈ ਰਹਿ ਕੇ ਲਾਠੀਆਂ ਖਾਂਦੇ ਰਹੇ।

ਅੰਤ ਨੂੰ ਜਾਬਰ ਹਾਰ ਗਏ। 13 ਕੁ ਦਿਨਾਂ ਮਗਰੋਂ ਕਾਮਯਾਬੀ ਨਾ ਹੁੰਦੀ ਅਤੇ ਬਦਨਾਮੀ ਤੇ ਬੇਚੈਨੀ ਵਧਦੀ ਵੇਖ ਕੇ ਸਰਕਾਰ ਨੇ ਗੁਰਦੁਆਰੇ ਦੇ ਰਾਹ ਵਾਲੀ ਚੌਂਕੀ ਉਠਾ ਲਈ ਅਤੇ ਜਥੇ ਗੁਰੂ ਕੇ ਬਾਗ ਤੀਕ ਪੁੱਜਣ ਲੱਗ ਪਏ। 13 ਸਤੰਬਰ ਤੋਂ ਮਗਰੋਂ ਮਾਰ-ਕੁਟਾਈ ਬੰਦ ਕੀਤੀ ਗਈ ਅਤੇ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਆਰੰਭਿਆ ਗਿਆ। ਜਥੇ ਹਰ ਰੋਜ਼ ਜਾਂਦੇ ਅਤੇ ਗ੍ਰਿਫ਼ਤਾਰ ਹੁੰਦੇ ਰਹੇ। ਇਸ ਤਰ੍ਹਾਂ 5605 ਸਿੰਘ ਗ੍ਰਿਫ਼ਤਾਰ ਹੋਏ ਜਿਨ੍ਹਾਂ ਵਿਚੋਂ 35 ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ 200 ਫੌਜੀ ਪਿਨਸ਼ਨੀਏ ਸਨ। ਸਰਕਾਰ ਇਸ ਕੁੜਿੱਕੀ ਵਿਚੋਂ ਨਿਕਲਣਾ ਚਾਹੁੰਦੀ ਸੀ, ਪਰ ਕੋਈ ਰਾਹ ਨਹੀਂ ਸੀ ਲੱਭਦਾ।

ਅੰਤ ਨੂੰ 17 ਨਵੰਬਰ ਸੰਨ 1922 ਨੂੰ ਗੁਰੂ ਘਰ ਦੇ ਪਿਆਰ ਵਾਲੇ ਸਰ ਗੰਗਾ ਰਾਮ ਨੇ ਸਰਕਾਰ ਦੀ ਖਲਾਸੀ ਕਰਾਈ। ਉਸ ਨੇ ਗੁਰੂ ਕੇ ਬਾਗ ਦੀ ਜ਼ਮੀਨ ਮਹੰਤ ਪਾਸੋਂ ਠੇਕੇ ਉੱਤੇ ਲੈ ਲਈ ਅਤੇ ਸਰਕਾਰ ਨੂੰ ਲਿਖ ਦਿੱਤਾ ਕਿ ਮੈਨੂੰ ਪੁਲਿਸ ਦੀ ਲੋੜ ਨਹੀਂ ਅਤੇ ਨਾ ਹੀ ਮੈਂ ਸਿੰਘਾਂ ਨੂੰ ਗੁਰੂ ਕੇ ਲੰਗਰ ਵਾਸਤੇ ਬਾਲਣ ਵੱਢਣੋਂ ਰੋਕਣਾ ਚਾਹੁੰਦਾ ਹਾਂ। ਇਸ ਤਰ੍ਹਾਂ ਗੁਰੂ ਕੇ ਬਾਗ ਦਾ ਮੋਰਚਾ ਸਰ ਹੋਇਆ। ਪੰਥ ਦੇ ਸੂਰਬੀਰਾਂ ਨੇ ਬੇ-ਮਿਸਾਲ ਕੁਰਬਾਨੀਆਂ ਕਰਕੇ ਅਤੇ ਅੱਤ ਦੇ ਤਸੀਹੇ ਝੱਲ ਕੇ ਸਰਕਾਰ ਦੇ ਜਬਰ ਵਾਲੇ ਹਠ ਨੂੰ ਤੋੜਿਆ ਅਤੇ ਸ਼ਾਂਤਮਈ ਸਤਿਆਗ੍ਰਹਿ ਦੀ ਸ਼ਾਨਦਾਰ ਮਿਸਾਲ ਕਾਇਮ ਕਰਕੇ ਪੰਥ ਦਾ ਨਾਂ ਉੱਚਾ ਕੀਤਾ। ਕੁਝ ਚਿਰ ਮਗਰੋਂ ਇਸ ਮੋਰਚੇ ਦੌਰਾਨ ਗ੍ਰਿਫਤਾਰ ਕੀਤੇ ਸਭੇ ਸਿੰਘ ਛੱਡ ਦਿੱਤੇ ਗਏ।

ਇਸ ਮੋਰਚੇ ਸਬੰਧੀ ਪੜਤਾਲ ਕਰਨ ਲਈ ਕਾਂਗਰਸ ਨੇ ਇਕ ਪੜਤਾਲੀਆ ਕਮੇਟੀ ਬਣਾਈ, ਜਿਸ ਨੇ ਬੜੀ ਮਿਹਨਤ ਨਾਲ ਪੁੱਛ-ਗਿੱਛ ਕਰ ਕੇ ਰਿਪੋਰਟ ਪ੍ਰਕਾਸ਼ਤ ਕੀਤੀ। ਇਹ ਰਿਪੋਰਟ ਦੱਸਦੀ ਹੈ ਕਿ ਸਿੱਖਾਂ ਉੱਪਰ ਕਿਵੇਂ ਨਿਰਦਈਪੁਣੇ ਵਾਲੇ ਅੱਤਿਆਚਾਰ ਕੀਤੇ ਗਏ ਅਤੇ ਉਨ੍ਹਾਂ ਨੇ ਕਿਵੇਂ ਬੜੀ ਦ੍ਰਿੜ੍ਹਤਾ, ਬਹਾਦਰੀ ਅਤੇ ਨਿਰਭੈਤਾ ਨਾਲ ਸ਼ਾਂਤਮਈ ਸਤਿਆਗ੍ਰਹਿ ਕਰ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਅਤੇ ਦੁਨੀਆਂ ਨੂੰ ਦੱਸਿਆ ਕਿ ਸ਼ਾਂਤਮਈ ਸਤਿਆਗ੍ਰਹਿ ਕਿਵੇਂ ਕਰੀਦਾ ਹੈ ਅਤੇ ਇਹ ਕੀ ਕੁਝ ਕਰ ਸਕਦਾ ਹੈ।

# ਹਰਿਆਲੀ ਤੀਜ ਸਾਵਣ ਵਿਚ ਖੁਸ਼ੀਆਂ ਦੇ ਬੀਜ ਬੀਜਣ ਲਈ ਆਉਂਦੀ ਹੈ



ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570





ਹਰਿਆਲੀ ਤੀਜ ਦਾ ਤਿਉਹਾਰ ਸ਼੍ਰਵਣ ਮਹੀਨੇ ਦੇ ਸ਼ੁਕਲ ਪੱਖ ਤ੍ਰਿਤੀਆ ਨੂੰ ਮਨਾਇਆ ਜਾਂਦਾ ਹੈ। ਇਹ ਮੁੱਖ ਤੌਰ 'ਤੇ ਔਰਤਾਂ ਦਾ ਤਿਉਹਾਰ ਹੈ। ਇਸ ਸਮੇਂ ਜਦੋਂ ਕੁਦਰਤ ਚਾਰੇ ਪਾਸੇ ਹਰਿਆਲੀ ਦੀ ਚਾਦਰ ਵਿਛਾ ਦਿੰਦੀ ਹੈ, ਤਾਂ ਕੁਦਰਤ ਦੀ ਇਸ ਸ਼ਾਨੋ-ਸ਼ੌਕਤ ਨੂੰ ਦੇਖ ਕੇ ਮਨ ਖੁਸ਼ ਹੋ ਜਾਂਦਾ ਹੈ ਅਤੇ ਨੱਚਣ ਲੱਗ ਪੈਂਦਾ ਹੈ। ਹਰ ਪਾਸੇ ਝੂਲੇ ਹਨ। ਔਰਤਾਂ ਦੇ ਸਮੂਹ ਗੀਤ ਗਾਉਂਦੇ ਹਨ ਅਤੇ ਝੂਲਿਆਂ 'ਤੇ ਝੂਲਦੇ ਹਨ। ਸ਼ਰਵਣ ਮਹੀਨੇ ਦੇ ਸ਼ੁਕਲ ਪੱਖ ਦੇ ਤੀਜੇ ਦਿਨ ਨੂੰ ਸ਼ਰਵਣੀ ਤੀਜ ਕਿਹਾ ਜਾਂਦਾ ਹੈ। ਇਸ ਨੂੰ ਹਰਿਤਾਲਿਕਾ ਤੀਜ ਵੀ ਕਿਹਾ ਜਾਂਦਾ ਹੈ। ਇਸ ਹਰਿਆਲੀ ਨੂੰ ਲੋਕਾਂ ਵਿਚ ਤੀਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ਼ਰਾਵਣ ਦੇ ਮਹੀਨੇ ਵਿਚ ਚਾਰੇ ਪਾਸੇ ਹਰਿਆਲੀ ਦੀ ਚਾਦਰ ਵਿਛ ਜਾਂਦੀ ਹੈ, ਜਿਸ ਨੂੰ ਦੇਖ ਕੇ ਹਰ ਕਿਸੇ ਦਾ ਦਿਲ ਦਹਿਲ ਗਿਆ। ਸਾਵਣ ਦਾ ਮਹੀਨਾ ਇੱਕ ਵੱਖਰੀ ਕਿਸਮ ਦਾ ਆਨੰਦ ਅਤੇ ਉਤਸ਼ਾਹ ਲੈ ਕੇ ਆਉਂਦਾ ਹੈ। ਤੀਜ ਦਾ ਤਿਉਹਾਰ ਸ਼ਰਵਣ ਦੇ ਸੁਹਾਵਣੇ ਮੌਸਮ ਦੇ ਮੱਧ ਵਿਚ ਆਉਂਦਾ ਹੈ। ਔਰਤਾਂ ਖਾਸ ਤਿਉਹਾਰ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਹੱਥਾਂ 'ਤੇ ਵੱਖ-ਵੱਖ ਤਰ੍ਹਾਂ ਦੀ ਮਹਿੰਦੀ ਲਗਾਉਂਦੀਆਂ ਹਨ। ਜਦੋਂ ਉਹ ਆਪਣੇ ਮਹਿੰਦੀ ਰੰਗੇ ਹੱਥਾਂ ਨਾਲ ਝੂਲੇ ਦੀ ਰੱਸੀ ਫੜ ਕੇ ਝੂਲਦੀ ਹੈ, ਤਾਂ ਨਜ਼ਾਰਾ ਬਹੁਤ ਸੋਹਣਾ ਲੱਗਦਾ ਹੈ, ਜਿਵੇਂ ਵਿਆਹੀ ਔਰਤ ਅਸਮਾਨ ਨੂੰ ਛੂਹਣ ਗਈ ਹੋਵੇ। ਇਸ ਦਿਨ ਵਿਆਹੁਤਾ ਔਰਤਾਂ ਵਿਆਹ ਦੀ ਅੰਗੂਠੀ ਫੜ ਕੇ ਆਪਣੀ ਸੱਸ ਨੂੰ ਉਸਦੇ ਪੈਰ ਛੂਹ ਕੇ ਦਿੰਦੀਆਂ ਹਨ। ਜੇ ਸੱਸ ਨਾ ਹੋਵੇ, ਤਾਂ ਉਹ ਆਪਣੇ ਬਜ਼ੁਰਗਾਂ ਭਾਵ ਭਰਜਾਈ ਜਾਂ ਕਿਸੇ ਬੁੱਢੀ ਨੂੰ ਦੇ ਦਿੰਦੀ ਹੈ। ਇਸ ਦਿਨ ਕਈ ਥਾਵਾਂ 'ਤੇ ਔਰਤਾਂ ਆਪਣੇ ਪੈਰਾਂ 'ਤੇ ਅਲਤਾ ਵੀ ਲਗਾਉਂਦੀਆਂ ਹਨ, ਜਿਸ ਨੂੰ ਵਿਆਹ ਦਾ ਸੰਕੇਤ ਮੰਨਿਆ ਜਾਂਦਾ ਹੈ। ਹਰਿਆਲੀ ਤੀਜ ਵਾਲੇ ਦਿਨ ਕਈ ਥਾਵਾਂ 'ਤੇ ਮੇਲੇ ਲੱਗਦੇ ਹਨ ਅਤੇ ਮਾਤਾ ਪਾਰਵਤੀ ਦਾ ਜਲੂਸ ਬੜੀ ਧੂਮਧਾਮ ਨਾਲ ਕੱਢਿਆ ਜਾਂਦਾ ਹੈ। ਦਰਅਸਲ ਹਰਿਆਲੀ ਤੀਜ ਕੋਈ ਧਾਰਮਿਕ ਤਿਉਹਾਰ ਨਹੀਂ, ਸਗੋਂ ਔਰਤਾਂ ਦੇ ਇਕੱਠ ਦਾ ਤਿਉਹਾਰ ਹੈ। ਨਵੀਆਂ ਵਿਆਹੀਆਂ ਕੁੜੀਆਂ ਲਈ ਵਿਆਹ ਤੋਂ ਬਾਅਦ ਸਾਵਣ ਦਾ ਪਹਿਲਾ ਤਿਉਹਾਰ ਵਿਸ਼ੇਸ਼ ਮਹੱਤਵ ਰੱਖਦਾ ਹੈ।

ਧਾਰਮਿਕ ਮਾਨਤਾ ਅਨੁਸਾਰ ਮਾਤਾ ਪਾਰਵਤੀ ਨੇ ਭਗਵਾਨ ਸ਼ਿਵ ਨੂੰ ਪਤੀ ਦੇ ਰੂਪ ਵਿਚ ਪ੍ਰਾਪਤ ਕਰਨ ਲਈ ਇਹ ਵਰਤ ਰੱਖਿਆ ਸੀ। ਨਤੀਜੇ ਵਜੋਂ, ਭਗਵਾਨ ਸ਼ਿਵ ਨੇ ਉਸਦੀ ਤਪੱਸਿਆ ਤੋਂ ਖੁਸ਼ ਹੋ ਕੇ ਉਸਨੂੰ ਆਪਣੀ ਪਤਨੀ ਵਜੋਂ ਸਵੀਕਾਰ ਕਰ ਲਿਆ। ਇਹ ਮੰਨਿਆ ਜਾਂਦਾ ਹੈ ਕਿ ਸ਼ਰਵਣ ਸ਼ੁਕਲ ਤ੍ਰਿਤੀਆ ਦੇ ਦਿਨ, ਮਾਤਾ ਪਾਰਵਤੀ ਨੇ ਸੌ ਸਾਲਾਂ ਦੀ ਤਪੱਸਿਆ ਤੋਂ ਬਾਅਦ ਭਗਵਾਨ ਸ਼ਿਵ ਨੂੰ ਆਪਣੇ ਪਤੀ ਦੇ ਰੂਪ ਵਿਚ ਪ੍ਰਾਪਤ ਕੀਤਾ ਸੀ। ਇਸ ਮਾਨਤਾ ਅਨੁਸਾਰ ਔਰਤਾਂ ਮਾਂ ਪਾਰਵਤੀ ਦੀ ਪੂਜਾ ਕਰਦੀਆਂ ਹਨ। ਤੀਜ 'ਤੇ ਮਹਿੰਦੀ ਲਗਾਉਣਾ, ਚੂੜੀਆਂ ਪਾਉਣਾ, ਝੂਲੇ ਲਗਾਉਣੇ ਅਤੇ ਲੋਕ ਗੀਤ ਗਾਉਣ ਦਾ ਵਿਸ਼ੇਸ਼ ਮਹੱਤਵ ਹੈ। ਤੀਜ ਦੇ ਤਿਉਹਾਰ ਵਾਲੇ ਦਿਨ ਵੱਡੇ ਦਰੱਖਤਾਂ ਦੀਆਂ ਟਾਹਣੀਆਂ 'ਤੇ, ਘਰ ਦੀ ਛੱਤ 'ਤੇ ਜਾਂ ਵਰਾਂਡੇ 'ਤੇ ਖੁੱਲ੍ਹੀਆਂ ਥਾਵਾਂ 'ਤੇ ਝੂਲੇ ਲਗਾਏ ਜਾਂਦੇ ਹਨ, ਜਿਸ 'ਤੇ ਔਰਤਾਂ ਝੂਲੇ ਕਰਦੀਆਂ ਹਨ। ਹਰਿਆਲੀ ਤੀਜ ਵਾਲੇ ਦਿਨ ਕਈ ਥਾਵਾਂ 'ਤੇ ਮੇਲੇ ਵੀ ਲੱਗਦੇ ਹਨ। ਜਿਵੇਂ ਹੱਥਾਂ 'ਤੇ ਮਹਿੰਦੀ ਲਗਾਉਣ ਨਾਲ ਕੁਦਰਤ 'ਤੇ ਵੀ ਹਰਿਆਲੀ ਦੀ ਚਾਦਰ ਵਿਛ ਜਾਂਦੀ ਹੈ। ਇਸ ਮਨੋਰੰਜਕ ਸੁੰਦਰਤਾ ਨੂੰ ਦੇਖ ਕੇ ਮਨ ਵਿਚ ਆਪਣੇ ਆਪ ਹੀ ਇਕ ਮਿੱਠੀ ਧੁੰਨ ਵੱਜਣ ਲੱਗ ਪੈਂਦੀ ਹੈ ਅਤੇ ਦਿਲ ਉਤਸ਼ਾਹ ਨਾਲ ਨੱਚਣ ਲੱਗ ਪੈਂਦਾ ਹੈ। ਇਸ ਸਮੇਂ ਬਰਸਾਤ ਦੇ ਮੌਸਮ ਨੇ ਕੁਦਰਤ ਨੂੰ ਪੂਰੀ ਤਰ੍ਹਾਂ ਭਿੱਜ ਦਿੱਤਾ ਹੈ। ਸਾਵਣ ਦੀ ਤੀਜ ਮੌਕੇ ਔਰਤਾਂ ਵਰਤ ਰੱਖਦੀਆਂ ਹਨ। ਅਣਵਿਆਹੀਆਂ ਲੜਕੀਆਂ ਯੋਗ ਲਾੜਾ ਪ੍ਰਾਪਤ ਕਰਨ ਲਈ ਇਹ ਵਰਤ ਰੱਖਦੀਆਂ ਹਨ ਅਤੇ ਵਿਆਹੀਆਂ ਔਰਤਾਂ ਆਪਣੇ ਸੁਖੀ ਵਿਆਹ ਲਈ ਇਹ ਵਰਤ ਰੱਖਦੀਆਂ ਹਨ।

ਤੇਜ਼ ਗਰਮੀ ਦੇ ਮੌਸਮ ਤੋਂ ਬਾਅਦ ਤੀਜ ਪੁਨਰ-ਸੁਰਜੀਤੀ ਅਤੇ ਮੁੜ-ਉਸਾਰੀ ਦੇ ਸੰਕੇਤ ਵਜੋਂ ਆਉਂਦੀ ਹੈ। ਜੇਕਰ ਇਸ ਦਿਨ ਮੀਂਹ ਪੈਂਦਾ ਹੈ, ਤਾਂ ਇਹ ਹੋਰ ਵੀ ਯਾਦਗਾਰ ਬਣ ਜਾਂਦਾ ਹੈ। ਤੀਜ ਜਲੂਸ ਦੌਰਾਨ ਲੋਕ ਠੰਢੇ ਮੀਂਹ ਲਈ ਅਰਦਾਸ ਕਰਦੇ ਹਨ। ਗਰਮੀਆਂ ਦੇ ਅੰਤ ਵਿਚ ਅਸਮਾਨ ਵਿਚ ਕਾਲੇ ਬੱਦਲਾਂ ਨੂੰ ਘੁੰਮਦੇ ਵੇਖ ਕੇ, ਪਪੀਹੇ ਦੀ ਪੁਕਾਰ ਅਤੇ ਪਵਸ ਦੀ ਸ਼ੁਰੂਆਤ ਵਿਚ ਮੀਂਹ ਦੇ ਛਿੱਟੇ ਨੂੰ ਦੇਖ ਕੇ ਅੰਦਰੋਂ ਆਨੰਦ ਆ ਜਾਂਦਾ ਹੈ। ਅਜਿਹੀ ਸਥਿਤੀ ਵਿਚ ਭਾਰਤੀ ਲੋਕ ਜੀਵਨ ਕਾਜਲੀ ਜਾਂ ਹਰਿਆਲੀ ਤੀਜ ਦਾ ਤਿਉਹਾਰ ਮਨਾਉਂਦਾ ਹੈ। ਇਸ ਤਿਉਹਾਰ ਨੂੰ ਕਜਲੀ ਜਾਂ ਕਜਲੀ ਤੀਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਕਿਉਂਕਿ ਅਸਮਾਨ 'ਤੇ ਕਾਲੇ ਬੱਦਲ ਛਾ ਜਾਂਦੇ ਹਨ ਅਤੇ ਕੁਦਰਤ ਵਿਚ ਹਰਿਆਲੀ ਫੈਲ ਜਾਂਦੀ ਹੈ। ਇਸ ਤਿਉਹਾਰ 'ਤੇ ਕੁੜੀਆਂ ਨੂੰ ਸਹੁਰੇ ਘਰੋਂ ਪੇਹਰ ਬੁਲਾਇਆ ਜਾਂਦਾ ਹੈ। ਵਿਆਹ ਤੋਂ ਬਾਅਦ ਸਾਵਣ ਦੇ ਪਹਿਲੇ ਦਿਨ ਲੜਕੀ ਨੂੰ ਸਹੁਰੇ ਘਰ ਨਹੀਂ ਛੱਡਿਆ ਜਾਂਦਾ। ਇਸ ਤਿਉਹਾਰ 'ਤੇ ਨਵੀਂ ਵਿਆਹੀ ਲੜਕੀ ਦੇ ਸਹੁਰੇ ਘਰੋਂ ਸਿੰਜਾਰਾ ਭੇਜਿਆ ਜਾਂਦਾ ਹੈ। ਸਿੰਜਾਰਾ ਹਰਿਆਲੀ ਤੀਜ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਇਸ ਦਿਨ ਨਵੀਂ ਵਿਆਹੀ ਲੜਕੀ ਦੇ ਸਹੁਰੇ ਘਰੋਂ ਕੱਪੜੇ, ਗਹਿਣੇ, ਮੇਕਅੱਪ ਦਾ ਸਮਾਨ, ਮਹਿੰਦੀ ਅਤੇ ਮਠਿਆਈਆਂ ਭੇਜੀਆਂ ਜਾਂਦੀਆਂ ਹਨ। ਇਸ ਦਿਨ ਮਹਿੰਦੀ ਲਗਾਉਣ ਦਾ ਵਿਸ਼ੇਸ਼ ਮਹੱਤਵ ਹੈ।

ਔਰਤਾਂ ਆਕਰਸ਼ਕ ਕੱਪੜੇ ਪਹਿਨ ਕੇ ਦੇਵੀ ਪਾਰਵਤੀ ਦੀ ਪੂਜਾ ਕਰਦੀਆਂ ਹਨ। ਰਾਜਸਥਾਨ ਵਿਚ, ਜਿਨ੍ਹਾਂ ਕੁੜੀਆਂ ਦੀ ਮੰਗਣੀ ਹੋ ਜਾਂਦੀ ਹੈ, ਉਨ੍ਹਾਂ ਨੂੰ ਇੱਕ ਦਿਨ ਪਹਿਲਾਂ ਉਨ੍ਹਾਂ ਦੇ ਹੋਣ ਵਾਲੇ ਸਹੁਰੇ ਤੋਂ ਮੁਲਾਕਾਤ ਹੁੰਦੀ ਹੈ। ਇਸ ਤੋਹਫ਼ੇ ਨੂੰ ਸਥਾਨਕ ਭਾਸ਼ਾ ਵਿਚ ਸ਼ਿੰਜਰ (ਮੇਕਅੱਪ) ਕਿਹਾ ਜਾਂਦਾ ਹੈ। ਸ਼ਿੰਜਰ ਵਿਚ ਬਹੁਤ ਸਾਰੀਆਂ ਚੀਜ਼ਾਂ ਹਨ, ਜਿਵੇਂ ਕਿ ਮਹਿੰਦੀ, ਲੱਖ ਚੂੜੀਆਂ, ਇੱਕ ਖਾਸ ਪਹਿਰਾਵਾ ਜਿਸ ਨੂੰ ਲਹਰੀਆ ਕਿਹਾ ਜਾਂਦਾ ਹੈ, ਜਿਸ ਨੂੰ ਬੰਨ੍ਹਿਆ ਅਤੇ ਰੰਗਿਆ ਜਾਂਦਾ ਹੈ ਅਤੇ ਇੱਕ ਮਿੱਠਾ ਜਿਸਨੂੰ ਘੇਵਰ ਕਿਹਾ ਜਾਂਦਾ ਹੈ। ਇਸ ਵਿਚ ਕਈ ਗਿਫਟ ਆਈਟਮਾਂ ਹਨ, ਜਿਨ੍ਹਾਂ ਵਿਚ ਕੱਪੜੇ ਅਤੇ ਮਠਿਆਈਆਂ ਸ਼ਾਮਲ ਹਨ। ਮਾਂ ਆਪਣੀ ਵਿਆਹੀ ਧੀ ਨੂੰ ਭੇਜਦੀ ਹੈ। ਪੂਜਾ ਤੋਂ ਬਾਅਦ 'ਬੇ' ਨੂੰ ਸੱਸ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਪੂਰਬੀ ਉੱਤਰ ਪ੍ਰਦੇਸ਼ ਵਿਚ ਵੀ ਜੇਕਰ ਲੜਕੀ ਆਪਣੇ ਸਹੁਰੇ ਘਰ ਹੋਵੇ, ਤਾਂ ਉਸ ਦੇ ਨਾਨਕੇ ਘਰੋਂ ਮਠਿਆਈ, ਕੱਪੜੇ ਆਦਿ ਭੇਜਣ ਦੀ ਪ੍ਰੰਪਰਾ ਹੈ ਅਤੇ ਜੇਕਰ ਉਹ ਆਪਣੇ ਨਾਨਕੇ ਘਰ ਹੋਵੇ ਤਾਂ ਮਠਿਆਈ, ਕੱਪੜੇ ਆਦਿ ਭੇਜਦੀ ਹੈ। ਉਸਦੇ ਸਹੁਰੇ ਘਰ ਤੋਂ। ਇਸ ਨੂੰ ਸਥਾਨਕ ਭਾਸ਼ਾ ਵਿਚ ਤੀਜ ਭੇਟਾ ਕਿਹਾ ਜਾਂਦਾ ਹੈ। ਰਾਜਸਥਾਨ ਹੋਵੇ ਜਾਂ ਪੂਰਬੀ ਉੱਤਰ ਪ੍ਰਦੇਸ਼, ਇੱਥੇ ਅਕਸਰ ਸਾਵਣ ਦੇ ਮਹੀਨੇ ਨਵ-ਵਿਆਹੀਆਂ ਕੁੜੀਆਂ ਨੂੰ ਸਹੁਰੇ ਘਰ ਤੋਂ ਆਪਣੇ ਨਾਨਕੇ ਘਰ ਲਿਜਾਣ ਦਾ ਰਿਵਾਜ਼ ਹੈ। ਸਾਰੀਆਂ ਵਿਆਹੁਤਾ ਔਰਤਾਂ ਇਸ ਦਿਨ ਵਿਸ਼ੇਸ਼ ਮੇਕਅੱਪ ਕਰਦੀਆਂ ਹਨ। ਸ਼ਾਮ ਨੂੰ ਉਹ ਝੀਲ ਦੇ ਕੰਢੇ ਤੀਆਂ ਦਾ ਤਿਉਹਾਰ ਮਨਾਉਂਦੇ ਹਨ ਅਤੇ ਬਗੀਚਿਆਂ ਵਿਚ ਝੂਲਦੇ ਹੋਏ ਕਾਜਲੀ ਦੇ ਗੀਤ ਗਾਉਂਦੇ ਹਨ।


ਇਸ ਮੌਕੇ 'ਤੇ ਮੁਟਿਆਰਾਂ ਆਪਣੇ ਹੱਥਾਂ 'ਤੇ ਮਹਿੰਦੀ ਲਗਾਉਂਦੀਆਂ ਹਨ। ਹੱਥਾਂ 'ਤੇ ਮਹਿੰਦੀ ਲਗਾਉਂਦੇ ਹੋਏ ਤੀਜ ਦੇ ਗੀਤ ਗਾਏ ਜਾਂਦੇ ਹਨ। ਸਾਰਾ ਮਾਹੌਲ ਮੇਕਅੱਪ ਨਾਲ ਰੰਗਿਆ ਜਾਂਦਾ ਹੈ। ਇਸ ਤਿਉਹਾਰ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਔਰਤਾਂ ਵੱਖ-ਵੱਖ ਤਰ੍ਹਾਂ ਦੀਆਂ ਘੰਟੀਆਂ ਬਣਾ ਕੇ ਆਪਣੇ ਹੱਥਾਂ 'ਤੇ ਮਹਿੰਦੀ ਲਗਾਉਂਦੀਆਂ ਹਨ। ਪੈਰਾਂ ਵਿਚ ਅਲਤਾ ਲਗਾਉਣਾ ਔਰਤ ਦੇ ਵਿਆਹ ਦੀ ਨਿਸ਼ਾਨੀ ਹੈ। ਵਿਆਹੁਤਾ ਔਰਤਾਂ ਵੀ ਆਪਣੇ ਹੱਥਾਂ ਅਤੇ ਪੈਰਾਂ 'ਤੇ ਮਹਿੰਦੀ ਲਗਾਉਂਦੀਆਂ ਹਨ, ਜਿਸ ਨੂੰ 'ਮਹਿੰਦੀ ਮੰਡਨਾ' ਕਿਹਾ ਜਾਂਦਾ ਹੈ। ਇਸ ਦਿਨ ਕੁੜੀਆਂ ਦੂਰ-ਦੁਰਾਡੇ ਗਏ ਆਪਣੇ ਪਤੀਆਂ ਨੂੰ ਤੀਜ 'ਤੇ ਆਉਣ ਦੀ ਕਾਮਨਾ ਕਰਦੀਆਂ ਹਨ, ਜਿਸ ਦਾ ਪ੍ਰਗਟਾਵਾ ਉਨ੍ਹਾਂ ਦੇ ਲੋਕ ਗੀਤਾਂ ਵਿਚ ਵੀ ਹੁੰਦਾ ਹੈ। ਤੀਜ ਦੇ ਦਿਨ ਇੱਕ ਵਿਸ਼ੇਸ਼ ਸਮਾਰੋਹ ਇੱਕ ਖੁੱਲ੍ਹੀ ਜਗ੍ਹਾ ਵਿਚ ਵੱਡੇ ਦਰੱਖਤਾਂ ਦੀਆਂ ਟਾਹਣੀਆਂ ਉੱਤੇ ਝੂਲਾ ਬੰਨ੍ਹਣਾ ਹੈ। ਔਰਤਾਂ ਲਈ ਝੂਲਾ ਇੱਕ ਬਹੁਤ ਹੀ ਸੁਹਾਵਣਾ ਅਨੁਭਵ ਹੈ। ਮਲਹਾਰ ਗਾਉਂਦੇ ਸਮੇਂ ਮਹਿੰਦੀ ਰੰਗੇ ਹੱਥਾਂ ਨਾਲ ਰੱਸੀ ਫੜ ਕੇ ਝੂਲਣਾ ਇੱਕ ਵਿਲੱਖਣ ਅਨੁਭਵ ਹੈ। ਜੇਕਰ ਸਾਵਣ ਵਿਚ ਤੀਜ 'ਤੇ ਝੂਲੇ ਨਹੀਂ ਹਨ, ਤਾਂ ਸਾਵਣ ਕੀ ਹੈ? ਤੀਜ ਤੋਂ ਕੁਝ ਦਿਨ ਪਹਿਲਾਂ ਦਰੱਖਤਾਂ ਦੀਆਂ ਟਾਹਣੀਆਂ 'ਤੇ, ਘਰ ਦੀ ਛੱਤ 'ਤੇ ਜਾਂ ਵਰਾਂਡੇ 'ਤੇ ਝੂਲੇ ਲਗਾਏ ਜਾਂਦੇ ਹਨ ਅਤੇ ਔਰਤਾਂ ਆਪਣੀਆਂ ਸਹੇਲੀਆਂ ਨਾਲ ਮਿਲ ਕੇ ਲੋਕ ਗੀਤ, ਕਜਰੀ ਆਦਿ ਗਾ ਕੇ ਝੂਲੇ ਲਾਉਂਦੀਆਂ ਹਨ। ਉਸ ਦੇ ਗੀਤਾਂ ਦੀ ਮਿੱਠੀ ਤਾਲ ਨਾਲ ਸਾਰਾ ਮਾਹੌਲ ਖੁਸ਼ਹਾਲ, ਗੀਤਕਾਰੀ ਅਤੇ ਸੰਗੀਤਮਈ ਬਣ ਜਾਂਦਾ ਹੈ।



# ਰਿਟਾਇਰਮੈਂਟ ਲਾਈਫ ਅਤੇ ਸਿਹਤ

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA






ਕੀ ਰਿਟਾਇਰਮੈਂਟ ਬਾਅਦ ਸਿਹਤ ਅਕਸਰ ਖ਼ਰਾਬ ਰਹਿੰਦੀ ਹੈ? ਨਹੀਂ ਥੋੜ੍ਹੀ ਜਿਹੀ ਦਿਲਚਸਪੀ, ਚੇਤੰਨਤਾ, ਧਿਆਨ ਅਤੇ ਸਮਾਂ ਲਾ ਕੇ ਇਨ੍ਹਾਂ ਸਾਲਾਂ ਨੂੰ ਸਿਹਤਮੰਦ ਪ੍ਰਸੰਨ ਲੰਮੀ ਉਮਰ ਵਿਚ ਬਦਲਿਆ ਜਾ ਸਕਦਾ ਹੈ।

1. ਸਰੀਰ ਦੀ ਸਮਰੱਥਾ ਅਤੇ ਸ਼ੌਕ ਅਨੁਸਾਰ ਸੈਰ, ਕਸਰਤ, ਯੋਗਾ, ਸਾਈਕਲਿੰਗ, ਸਵਿਮਿੰਗ ਵਿਚੋਂ ਕੁਝ ਵੀ ਕਰੋ। ਨਵੀਆਂ ਕਸਰਤਾਂ ਸਿੱਖੋ। ਘੁੰਮਣ-ਫਿਰਨ, ਨਵੀਆਂ ਥਾਵਾਂ ਵੇਖਣ ਦੀ ਰੁਚੀ ਪੈਦਾ ਕਰੋ। ਸੀਨੀਅਰ ਸਿਹਤ-ਗਰੁੱਪ ਜਾਇਨ ਕਰੋ। ਸਰੀਰਕ ਤੌਰ 'ਤੇ ਸਰਗਰਮ ਰਹੋ।
2. ਜੀਵਨ-ਸ਼ੈਲੀ ਬਦਲੋ। ਕ੍ਰਾਂਤੀਕਾਰੀ ਤਬਦੀਲੀਆਂ ਲਿਆਓ। ਸਿਹਤਮੰਦ ਖ਼ੁਰਾਕ 'ਤੇ ਫੋਕਸ ਕਰੋ। ਗੈਰ-ਸਿਹਤਮੰਦ ਖ਼ੁਰਾਕ ਨੂੰ ਜੀਵਨ ਵਿਚੋਂ, ਰਸੋਈ ਵਿਚੋਂ ਕੱਢ ਦਿਓ।
3. ਸਾਕਾਰਾਤਮਕ ਸੋਚ ਅਪਣਾਓ। ਗੂੜ੍ਹੀ-ਗਹਿਰੀ ਨੀਂਦ ਲਓ। ਲੰਮੇ-ਡੂੰਘੇ ਸਾਹ ਲਓ। ਪੀਸ ਆਫ਼ ਮਾਈਂਡ ਨੂੰ ਤਰਜੀਹ ਦਿਓ। ਮੈਡੀਟੇਸ਼ਨ ਨੂੰ ਸਮਾਂ ਦਿਓ। ਲੋਕਾਂ ਦੇ ਦੁੱਖ-ਸੁੱਖ ਵਿਚ ਸ਼ਾਮਲ ਹੋਵੋ। ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਦੇ ਸੰਪਰਕ ਵਿਚ ਰਹੋ। ਪਰਿਵਾਰ ਨੂੰ, ਆਪਣੇ ਸ਼ੌਕ ਨੂੰ ਸਮਾਂ ਦਿਓ। ਰੁੱਝੇ ਰਹੋ। ਪਾਣੀ, ਫਲ, ਸਲਾਦ, ਸਬਜ਼ੀਆਂ ਵਧੇਰੇ ਮਾਤਰਾ ਵਿਚ ਲਓ। ਜੀਵਨ ਦਾ, ਹਰ ਦਿਨ ਦਾ ਉਦੇਸ਼ ਮਿੱਥੋ ਅਤੇ ਉਸ ਨੂੰ ਪੂਰਾ ਕਰਨ ਵਿਚ ਲੱਗੇ ਰਹੋ। ਮਨੋਰੰਜਨ ਲਈ, ਆਰਾਮ ਲਈ ਸਮਾਂ ਕੱਢੋ। ਸੰਗੀਤ ਸੁਣੋ, ਪੁਸਤਕਾਂ ਪੜ੍ਹੋ, ਬਗੀਚੀ ਦੇ ਫੁੱਲਾਂ-ਫਲ੍ਹਾਂ-ਸਬਜ਼ੀਆਂ ਨੂੰ ਪਾਣੀ ਦਿਓ। ਕੁਦਰਤ ਦੇ ਅੰਗ-ਸੰਗ ਰਹੋ। ਮਨ ਦੀ ਤਾਕਤ ਨੂੰ ਪਛਾਣੋ। ਸ਼ੁਕਰਾਨਾ ਕਰੋ, ਚਿਹਰੇ 'ਤੇ ਮੁਸਕਾਨ ਰੱਖੋ। ਪ੍ਰਦੂਸ਼ਨ ਤੋ ਬਚੋ। ਵੱਧ ਤੋਂ ਵੱਧ ਸਮਾਂ ਖੁੱਲ੍ਹੀ ਹਵਾ ਵਿਚ ਬਤੀਤ ਕਰੋ। ਘਰ ਦੇ ਖਿੜਕੀਆਂ ਦਰਵਾਜ਼ੇ ਖੁੱਲ੍ਹੇ ਰੱਖੋ। ਜਾਅਲੀ ਵਾਲੇ ਦਰਵਾਜ਼ਿਆਂ ਖਿੜਕੀਆਂ ਦੀਆਂ ਜਾਅਲੀਆਂ ਸਾਫ਼ ਕਰੋ, ਤਾਂ ਜੋ ਵੱਧ ਤੋਂ ਵੱਧ ਹਵਾ ਕਮਰਿਆਂ ਅੰਦਰ ਆ ਜਾ ਸਕੇ।
4. ਜਿੱਥੇ ਵੀ ਹੋ ਖੁਸ਼ ਰਹੋ, ਰੁੱਝੇ ਰਹੋ। ਰੁਝੇਵੇਂ ਵਾਲੀ ਅਰਥ ਭਰਪੂਰ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰੋ। ਕਿਸੇ ਸੰਸਥਾ, ਹਸਪਤਾਲ, ਲਾਇਬਰੇਰੀ, ਐੱਨ.ਜੀ.ਓ. ਨਾਲ ਵਲੰਟੀਅਰ ਵਜੋਂ ਜੁੜੋ।
ਕਿਸੇ ਉਦੇਸ਼ ਲਈ ਜੀਣਾ, ਦੂਸਰਿਆਂ ਦੇ ਕੰਮ ਆਉਣਾ ਲੰਮੇ ਸਮੇਂ ਵਿਚ ਸਰੀਰਕ ਮਾਨਸਿਕ ਤੰਦਰੁਸਤੀ ਲਈ ਫਾਇਦੇਮੰਦ ਹੁੰਦਾ ਹੈ। ਜੇ ਤੁਸੀਂ ਸਾਫ਼-ਸ਼ੁੱਧ ਹਵਾ ਚਾਹੁੰਦੇ ਹੋ, ਤਾਂ ਰਹਿਣ ਲਈ ਕਿਸੇ ਅਜਿਹੇ ਸਥਾਨ ਦੀ ਚੋਣ ਕਰੋ।
5. ਧੁੱਪ ਇਸ ਉਮਰ ਵਿਚ ਵਰਦਾਨ ਹੈ। ਵਿਟਾਮਿਨ ਬੀ12, ਡੀ, ਸੀ, ਈ, ਏ ਦੀ ਕਮੀ ਨਾ ਹੋਣ ਦਿਓ। ਸੰਤੁਲਿਤ ਖੁਰਾਕ ਲਓ, ਜਿਸ ਵਿਚ ਕਾਰਬੋਹਾਈਡਰੇਟਸ, ਪ੍ਰੋਟੀਨ, ਫਾਈਬਰ, ਫੈਟ, ਮਿਨਰਲ, ਵਿਟਾਮਿਨ ਅਤੇ ਹੋਰ ਲੋੜੀਂਦੇ ਖੁਰਾਕੀ ਤੱਤ ਸ਼ਾਮਲ ਹੋਣ। ਖ਼ੂਨ ਦਾ ਦਬਾਅ, ਦਿਲ ਦੀ ਧੜਕਨ, ਤਣਾਅ ਅਤੇ ਕੋਲੈਸਟਰੋਲ 'ਤੇ ਕੰਟਰੋਲ ਰੱਖੋ।
6. ਭਾਰ 'ਤੇ ਕਾਬੂ ਰੱਖੋ। ਬਜ਼ਾਰੀ ਭੋਜਨ ਤੋਂ ਪ੍ਰਹੇਜ਼ ਕਰੋ। ਕਣਕ ਦੀ ਵਰਤੋਂ ਘੱਟ ਤੋਂ ਘੱਟ ਕਰੋ। ਡੇਅਰੀ ਪ੍ਰੋਡਕਟ, ਬੇਕਰੀ ਪ੍ਰੋਡਕਟ, ਮਠਿਆਈਆਂ, ਪ੍ਰੋਸੈਸਡ ਫੂਡ, ਡੱਬਾ ਬੰਦ, ਬੋਤਲ ਬੰਦ, ਪੈਕਟ ਬੰਦ ਖੁਰਾਕੀ ਵਸਤੂਆਂ ਤੋਂ ਬਚੋ। ਖੇਤਾਂ ਵਿਚੋਂ, ਪੌਦਿਆਂ ਤੋਂ ਆਉਣ ਵਾਲੀਆਂ ਕੁਦਰਤੀ ਵਸਤਾਂ ਨੂੰ ਤਰਜੀਹ ਦਿਓ।
7. ਸਿਹਤ ਦੀ ਜਾਂਚ ਕਰਵਾਉਂਦੇ ਰਹੋ। ਡਾਕਟਰ ਦੀਆਂ ਹਦਾਇਤਾਂ ਦੀ ਪਾਲਣਾ ਕਰੋ। ਦਵਾਈ ਨਿਯਮਤ ਤੌਰ 'ਤੇ ਸਮੇਂ ਸਿਰ ਲਓ। ਬੀ.ਪੀ. ਅਤੇ ਤਣਾਅ ਵਧਣ ਨਾ ਦਿਓ, ਤਾਂ ਜੋ ਸਟ੍ਰੋਕ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਬਚੇ ਰਹੋ। ਸਰੀਰ ਵਾਂਗ ਦਿਮਾਗ ਨੂੰ ਵੀ ਕਸਰਤ ਦੀ ਲੋੜ ਹੈ। ਇਸਨੂੰ ਆਪਣੇ ਪਸੰਦ ਦੀਆਂ ਸਿਰਜਣਾਤਮਿਕ ਸਰਗਰਮੀਆਂ ਵਿਚ ਲਗਾਈ ਰੱਖੋ।
8. ਘਰ ਅਤੇ ਬਾਹਰ ਤੁਰਦੇ-ਫਿਰਦੇ ਛੋਟੀਆਂ-ਛੋਟੀਆਂ ਸੱਟਾਂ, ਐਕਸੀਡੈਂਟਾਂ ਤੋਂ ਬਚੋ। ਉੱਚੀ, ਨੀਵੀਂ, ਤਿਲਕਵੀਂ ਥਾਂ ਅਤੇ ਪੌੜੀਆਂ ਪ੍ਰਤੀ ਸੁਚੇਤ ਰਹੋ। ਲੋੜ ਅਨੁਸਾਰ ਘਰ, ਕਮਰੇ ਅਤੇ ਬਾਥਰੂਮ ਵਿਚ ਰੌਸ਼ਨੀ ਦੀ ਵਿਵਸਥਾ ਕਰੋ।
9. ਜਿਹੜੇ ਲੋਕ ਰਿਟਾਇਰਮੈਂਟ ਬਾਅਦ ਆਪਣੇ ਸਮੇਂ ਦੀ ਵਿਉਂਤਬੰਦੀ ਕਰਕੇ ਰੁੱਝੇ ਰਹਿੰਦੇ ਹਨ, ਉਹ ਮੁਕਾਬਲਤਨ ਵਧੇਰੇ ਖੁਸ਼ ਤੇ ਸੰਤੁਸ਼ਟ ਰਹਿੰਦੇ ਹਨ।
10. ਊਰਜਾ ਲਈ ਆਲੇ-ਦੁਆਲੇ, ਘਰ-ਪਰਿਵਾਰ ਅਤੇ ਜੀਵਨ ਵਿਚ ਦਿਲਚਸਪੀ ਬਣਾਈ ਰੱਖੋ। ਤਕਨੀਕੀ ਸਹੂਲਤਾਂ ਅਪਣਾਓ ਪਰ ਉਨ੍ਹਾਂ ਦੇ ਗੁਲਾਮ ਨਾ ਬਣੋ। ਸਮਾਰਟ ਫੋਨ ਅਤੇ ਇੰਟਰਨੈੱਟ ਸਾਡੀ ਸਹੂਲਤ ਲਈ ਹਨ, ਇਨ੍ਹਾਂ ਨੂੰ ਜ਼ਿੰਦਗੀ 'ਤੇ ਹਾਵੀ ਨਾ ਹੋਣ ਦਿਓ।
11. ਮਨੋਰੰਜਨ ਤੇ ਸ਼ੌਕ ਜ਼ਰੂਰੀ ਹਨ। ਮਨ ਨੂੰ ਖੁੱਲ੍ਹਾ ਤੇ ਲਚਕੀਲਾ ਰੱਖੋ। ਵਰਤਮਾਨ ਮਹੱਤਵਪੂਰਨ ਹੈ। ਵਰਤਮਾਨ ਵਿਚ ਜੀਓ। ਜੇਕਰ ਤੁਸੀਂ ਇਸ ਉਮਰ ਲਈ ਯੋਜਨਾਬੰਦੀ ਅਤੇ ਤਿਆਰੀ ਨਹੀਂ ਕੀਤੀ, ਤਾਂ ਅੱਜ ਤੋਂ ਹੀ ਸ਼ੁਰੂ ਕਰ ਦਿਓ।

ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਲਿਖਦੇ ਹਨ, ਜਿਹੜਾ ਦੌੜ ਸਕਦੈ, ਉਹ ਵਗੇ ਨਾ। ਜਿਹੜਾ ਵਗ ਸਕਦੈ, ਉਹ ਤੁਰੇ ਨਾ, ਜਿਹੜਾ ਤੁਰ ਸਕਦੈ, ਉਹ ਖੜ੍ਹੇ ਨਾ, ਜਿਹੜਾ ਖੜ੍ਹ ਸਕਦੈ, ਉਹ ਬੈਠੇ ਨਾ, ਜਿਹੜਾ ਬੈਠ ਸਕਦੈ, ਉਹ ਲੇਟੇ ਨਾ। ਜਿੰਨੇ ਜੋਗਾ ਕੋਈ ਹੈ, ਓਨਾ ਕੁਛ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ ਰਹੇ। ਤੁਰੋ ਤੇ ਤੰਦਰੁਸਤ ਰਹੋ। ਤੁਹਾਡੇ ਰੁਝੇਵੇਂ ਕਦੇ ਨਾ ਮੁੱਕਣ। ਕਿਸੇ ਨਾ ਕਿਸੇ ਆਹਰੇ ਜ਼ਰੂਰ ਲੱਗੇ ਰਹੋ। ਆਹਰ ਮੁੱਕ ਜਾਣ ਤਾਂ ਬੰਦਾ ਬਹੁਤੀ ਦੇਰ ਜਿਊਂਦਾ ਨਹੀਂ ਰਹਿ ਸਕਦਾ।

# ਦੋਗਾਣਾ ਗਾਇਕੀ ਦਾ ਚਰਚਿਤ ਗੀਤਕਾਰ 'ਪਾਲ ਜੇਠੂਕਿਆਂ ਵਾਲਾ'

## ਗੀਤਾਂ ਦੇ ਵਣਜਾਰੇ

-ਸੁਰਜੀਤ ਜੱਸਲ
98146-07737
ਪੰਜਾਬ ਮੇਲ USA



ਦੋਗਾਣਾ ਗਾਇਕੀ ਵਿਚ ਜਿੱਥੇ ਪਰਿਵਾਰਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੇ ਗੀਤਾਂ ਦਾ ਬੋਲਬਾਲਾ ਸੀ, ਉੱਥੇ ਅੱਲੜ੍ਹ ਦਿਲਾਂ ਦੀ ਬਾਤ ਪਾਉਂਦੇ ਚੁਲਬੁਲੇ ਗੀਤਾਂ ਦਾ ਬਾਜ਼ਾਰ ਵੀ ਗਰਮ ਰਿਹਾ। ਆਪਣੀ ਕਲਮੀ ਸੋਚ ਨਾਲ ਰਿਸ਼ਤਿਆਂ ਦੀ ਪੜਚੋਲ ਕਰਦਿਆਂ ਅਨੇਕਾਂ ਗੀਤਕਾਰਾਂ ਨੇ ਸਮਾਜਿਕ ਦਾਇਰੇ 'ਚ ਰਹਿੰਦਿਆਂ ਬੇਬਾਕ ਹੋ ਕੇ ਲਿਖਿਆ। ਮੁਕਾਬਲੇ ਦੇ ਦੌਰ ਵਿਚ ਹਰ ਗੀਤਕਾਰ ਦੀ ਕੋਸ਼ਿਸ਼ ਰਹੀ ਕਿ ਵੱਧ ਤੋਂ ਵੱਧ ਲਿਖ ਕੇ ਰਿਕਾਰਡ ਹੋਇਆ ਜਾਵੇ। ਬਹੁਤੇ ਗੀਤਕਾਰਾਂ ਨੇ ਇਸ ਦੌੜ 'ਚ ਪਰਿਵਾਰਕ ਗੀਤਾਂ ਤੋਂ ਚੁਲਬੁਲੇ ਗੀਤਾਂ ਦੀ ਸਿਰਜਣਾ ਵੱਲ ਮੋੜਾ ਕੱਟਿਆ। ਅਜਿਹੇ ਗੀਤਕਾਰਾਂ 'ਚੋਂ ਇੱਕ ਨਾਂ ਹੈ ਮਾਸਟਰ ਗੁਰਪਾਲ ਸਿੰਘ ਉਰਫ਼ 'ਪਾਲ ਜੇਠੂਕਿਆਂ ਵਾਲਾ'। ਅਕਸਰ ਵੇਖਿਆ ਜਾਂਦਾ ਹੈ ਕਿ ਅਧਿਆਪਨ ਕਿੱਤੇ ਨਾਲ ਜੁੜੇ ਜ਼ਿਆਦਾਤਰ ਲੇਖਕ ਕਵਿਤਾਵਾਂ, ਕਹਾਣੀਆਂ ਦੇ ਖੇਤਰ 'ਚ ਸਰਗਰਮ ਹੁੰਦੇ ਹਨ ਪਰ ਪਾਲ ਨੇ ਗੀਤਕਾਰੀ ਵਿਚ ਨਾਂ ਚਮਕਾਇਆ। ਉਸਦੇ ਗੀਤਾਂ ਨੂੰ ਆਪਣੇ ਵੇਲੇ ਦੀਆਂ ਅਨੇਕਾਂ ਨਾਮਵਰ ਗਾਇਕ ਜੋੜੀਆਂ ਨੇ ਰਿਕਾਰਡ ਕਰਵਾਇਆ ਪ੍ਰੰਤੂ ਵਧੇਰੇ ਪ੍ਰਸਿੱਧੀ ਕਰਤਾਰ ਰਮਲੇ ਦੇ ਆਵਾਜ਼ 'ਚ ਰਿਕਾਰਡ ਗੀਤਾਂ ਨਾਲ ਮਿਲੀ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਜੇਠੂਕੇ (ਨੇੜੇ ਤਪਾ ਮੰਡੀ) ਵਿਖੇ ਜਨਮੇ ਮਾਸਟਰ ਗੁਰਪਾਲ ਸਿੰਘ ਨੇ ਦੱਸਿਆ ਕਿ ਪਹਿਲੇ ਸਮਿਆਂ ਵਿਚ ਵਿਆਹਾਂ ਮੌਕੇ ਸਪੀਕਰ ਵਜਾਉਣ ਦਾ ਰਿਵਾਜ਼ ਹੁੰਦਾ ਸੀ। ਵਿਆਹ ਵਾਲੇ ਘਰੇ ਦੋ-ਤਿੰਨ ਦਿਨ ਪਹਿਲਾਂ ਹੀ ਸਪੀਕਰ ਲੱਗ ਜਾਂਦਾ ਸੀ। ਉਸ ਨੂੰ ਨਿਆਣੀਂ ਉਮਰੇ ਹੀ ਸਪੀਕਰ 'ਤੇ ਵੱਜਦੇ ਗੀਤ ਸੁਣਨ ਦਾ ਭੁੱਸ ਪੈ ਗਿਆ, ਜੋ ਉਸਦੇ ਗੀਤਕਾਰ ਬਣਨ ਦਾ ਸਬੱਬ ਬਣਿਆ। ਫ਼ਿਰ ਸਕੂਲ ਪੜ੍ਹਦਿਆਂ ਉਸਨੂੰ ਸਾਹਿਤ ਦੀ ਚੇਟਕ ਵੀ ਲੱਗੀ, ਜਿਸਨੇ ਉਸਨੂੰ ਲੇਖਣੀ ਨਾਲ ਜੋੜਿਆ।

ਪਾਲ ਨੇ ਦੱਸਿਆ ਕਿ ਉਸਦੀ ਲੇਖਣੀ 'ਤੇ ਜ਼ਿਆਦਾ ਪ੍ਰਭਾਵ ਦੀਦਾਰ ਸੰਧੂ, ਦੇਵ ਥਰੀਕਿਆਂ ਵਾਲੇ ਅਤੇ ਬਾਬੂ ਸਿੰਘ ਮਾਨ ਦਾ ਰਿਹਾ। ਇਨ੍ਹਾਂ ਦੇ ਗੀਤ ਸੁਣ-ਸੁਣ ਕੇ ਹੀ ਉਹ ਲਿਖਣ ਲੱਗਿਆ। ਉਸਦਾ ਪਹਿਲਾ ਗੀਤ ਗੁਰਚਰਨ ਪੋਹਲੀ ਤੇ ਪ੍ਰੋਮਿਲਾ ਪੰਮੀ ਦੀ ਆਵਾਜ਼ ਵਿਚ 'ਤੋਰ ਸਕੂਟਰ ਨੂੰ' ਰਿਕਾਰਡ ਹੋਇਆ, ਉਦੋਂ ਉਹ ਦਸਵੀਂ ਜਮਾਤ ਵਿਚ ਪੜ੍ਹਦਾ ਸੀ। ਫ਼ਿਰ ਉਸਦਾ ਗੀਤ 'ਦੋ ਦਿਨ ਜੀਅ ਪ੍ਰਚਾਅ ਕੇ ਤੁਰ ਗਿਆ ਕਨੈਡਾ ਨੂੰ' ਨਰਿੰਦਰ ਬੀਬਾ ਤੇ ਰਣਬੀਰ ਰਾਣਾ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਇਨ੍ਹਾਂ ਗੀਤਾਂ ਨਾਲ ਹੀ ਉਸਦਾ ਹੌਂਸਲਾ ਵੱਧ ਗਿਆ ਤੇ ਉਹ ਗੀਤਕਾਰੀ ਵੱਲ ਸਰਗਰਮ ਹੋ ਗਿਆ। ਭਾਵੇਂਕਿ ਮੁੱਢਲੇ ਗੀਤਾਂ ਨਾਲ ਪਾਲ ਗੀਤਕਾਰ ਬਣ ਚੁੱਕਾ ਸੀ ਪਰ ਉਸ ਨੂੰ ਪਛਾਣ ਦੇਣ ਵਾਲਾ ਗੀਤ ਰਿਕਾਰਡ ਹੋਣਾ ਅਜੇ ਬਾਕੀ ਸੀ। ਲੁਧਿਆਣਾ ਗਾਇਕ ਮੰਡੀ ਨੇ ਮੁਕਾਬਲੇ ਦੇ ਦੌਰ ਵਿਚ ਪਾਲ ਨੂੰ ਨਵੇਂ-ਨਵੇਂ ਵਿਸ਼ਿਆਂ 'ਤੇ ਲਿਖਣ ਦਾ ਹੁਨਰ ਦਿੱਤਾ। ਜਦ ਐੱਚ.ਐੱਮ.ਵੀ. ਨਾਇਟ ਵਿਚ ਗੁਰਚਰਨ ਪੋਹਲੀ ਤੇ ਪੰਮੀ ਦੇ ਰਿਕਾਰਡ ਗੀਤ 'ਨੰਗੇ ਮੂੰਹ ਦਾ ਮੁੱਲ ਪੁੱਛਦਾ ..' ਦੀ ਚਰਚਾ ਛਿੜੀ, ਤਾਂ ਪਾਲ ਸ਼ੌਹਰਤ ਦੇ ਅੰਬਰੀਂ ਉਡਾਰੀਆਂ ਮਾਰਨ ਲੱਗਾ ਤੇ ਉਸਦੇ ਗੀਤ ਧੜਾਧੜ ਰਿਕਾਰਡ ਹੋਣ ਲੱਗੇ। ਜਿੱਥੇ ਗੁਰਚਰਨ ਪੋਹਲੀ ਨੇ ਉਸਦੇ ਗੀਤ 'ਤਿੰਨ ਜੋੜੇ ਲੱਡੂਆਂ ਦੇ, ਸਾਡੀ ਕੱਢ ਤੇਲ 'ਚੋਂ ਕੌਡੀ, ਨੰਗੇ ਮੂੰਹ ਦਾ ਮੁੱਲ, ਤੋਰ ਸਕੂਟਰ ਨੂੰ' ਤੇ 'ਸੱਸੀ ਦੀ ਕਲੀ' ਰਿਕਾਰਡ ਕਰਵਾਏ, ਉੱਥੇ ਉਸ ਵੇਲੇ ਦੇ ਸਰਗਰਮ ਦੋਗਾਣਾ ਗਾਇਕ ਗੁਰਦਿਆਲ ਨਿਰਮਾਣ ਧੂਰੀ ਨੇ ਪਾਲ ਦੇ ਲਿਖੇ ਗੀਤਾਂ 'ਪਰੇ ਹੋ ਜਾ ਵੇ ਸ਼ੌਕੀਨਾਂ, ਮੱਕੀ ਦੀ ਰੋਟੀ



ਉੱਤੇ ਮਿਰਚਾਂ ਭੁੱਕਾਂਗੇ.., ਸੋਹਣਾ ਲੱਗਦਾ ਏ ਮੁੰਡਿਆਂ ਬਾਰਾਤ ਵਿਚ ਤੂੰ, ਦਿਉਰਾ ਛੇੜਿਆ ਨਾ ਕਰ' ਅਤੇ 'ਬਹਿਜਾ-ਬਹਿਜਾ ਕਰ ਛੱਡੀਏ' ਗੀਤਾਂ ਨਾਲ ਸੱਚਮੁਚ ਹੀ ਬਹਿਜਾ-ਬਹਿਜਾ ਕਰਵਾ ਦਿੱਤੀ।

ਪਾਲ ਦੱਸਦਾ ਹੈ ਕਿ ਉਸਦੇ ਗੀਤ ਤਾਂ ਰਿਕਾਰਡ ਹੁੰਦੇ ਗਏ ਪਰ ਉਹ ਸਮਕਾਲੀਆਂ ਦੀ ਭੀੜ 'ਚ ਗੁਆਚਿਆ ਰਿਹਾ। ਫ਼ਿਰ ਜਦ ਕਰਤਾਰ ਰਮਲੇ ਨਾਲ ਮੇਲ ਹੋਇਆ, ਤਾਂ ਉਸਨੇ ਕੁਝ ਹਟਵਾਂ ਲਿਖਣ ਲਈ ਪ੍ਰੇਰਿਆ। ਜਦ ਪਾਲ ਦੀ ਕਲਮ ਰਮਲੇ ਦੀ ਸੋਚ ਨਾਲ ਮਿਲੀ ਤਾਂ ਗੀਤਕਾਰੀ ਦੀ ਇੱਕ ਨਵੀਂ ਸਵੇਰ ਦਾ ਆਗਾਜ਼ ਹੋਇਆ। ਰਮਲੇ ਦੇ ਗਾਏ 'ਜੇਠ ਨੂੰ ਚਾਅ ਚੜ ਗਿਆ, ਬਾਬਾ ਤੇਰੇ ਇੰਜਨ 'ਤੇ ਬੈਠ ਜਾ, ਵੇ ਜੱਟੀ ਰੋਹਬ ਨਾਲ, ਕਾਹਦਾ ਸਾਕ ਕਰਾਇਆ ਭਾਬੀਏ' ਆਦਿ ਗੀਤਾਂ ਨਾਲ ਪਾਲ ਜੇਠੂਕਿਆਂ ਵਾਲੇ ਦੀ ਤੂਤੀ ਬੋਲਣ ਲੱਗੀ। ਪਾਲ ਨੂੰ ਐੱਚ.ਐੱਮ.ਵੀ. ਦੇ ਤਵਿਆਂ ਤੋਂ ਲੈ ਕੇ ਕੈਸਟ ਕਲਚਰ ਦੇ ਨਾਮੀਂ ਗਾਇਕਾਂ ਦੀ ਆਵਾਜ਼ ਵਿਚ ਰਿਕਾਰਡ ਹੋਣ ਦਾ ਮਾਣ ਹੈ। ਕਰਤਾਰ ਰਮਲਾ-ਸੁਖਵੰਤ ਸੁੱਖੀ, ਅਜੈਬ ਰਾਏ-ਮਨਜੀਤ ਕੌਰ, ਨਰਿੰਦਰ ਬੀਬਾ-ਰਣਬੀਰ ਰਾਣਾ, ਗੁਰਦਿਆਲ ਨਿਰਮਾਣ-ਕੁਮਾਰੀ ਲਾਜ-ਹਰਵਿੰਦਰ ਬੀਬਾ, ਗੁਰਚਰਨ ਪੋਹਲੀ-ਪੰਮੀ, ਜਸਵਿੰਦਰ ਬਰਾੜ, ਮੇਜਰ ਰਾਜਸਥਾਨੀ, ਅੰਮ੍ਰਿਤਾ ਵਿਰਕ, ਹਰਦੇਵ ਮਾਹੀਨੰਗਲ, ਗੋਰਾ ਚੱਕ ਵਾਲਾ, ਅਮਰਜੀਤ ਨਗੀਨਾ, ਕਿਰਨਜੋਤੀ, ਕੁਲਵਿੰਦਰ ਕਮਲ-ਸਪਨਾ ਕਮਲ, ਅਵਤਾਰ ਚਮਕ ਤੇ ਬਬਲੀ ਖੋਸਾ ਆਦਿ ਕਲਾਕਾਰਾਂ ਨੇ ਪਾਲ ਜੇਠੂਕਿਆਂ ਵਾਲੇ ਦੀ ਕਲਮ ਨੂੰ ਰਿਕਾਰਡ ਕਰਵਾਇਆ। ਗੀਤਾਂ ਦੇ ਵਿਸ਼ਿਆਂ ਬਾਰੇ ਉਸਦਾ ਕਹਿਣਾ ਹੈ ਕਿ ਉਸਨੇ ਗਾਇਕਾਂ ਦੀ ਮੰਗ ਅਤੇ ਸਰੋਤਿਆਂ ਦੀ ਪਸੰਦ ਨੂੰ ਵੇਖਦਿਆਂ ਸਮਾਜਿਕ ਦਾਇਰੇ 'ਚ ਰਹਿ ਕੇ ਹੀ ਲਿਖਿਆ ਹੈ। ਇਸੇ ਕਰਕੇ ਉਸਦੇ ਗੀਤ ਅੱਜ ਵੀ ਸੁਣੇ ਜਾਂਦੇ ਹਨ। ਗੀਤਾਂ ਦੀ ਪ੍ਰਸਿੱਧੀ ਸਦਕਾ ਹੀ ਉਸਨੂੰ ਦੇਸ਼ਾਂ-ਵਿਦੇਸ਼ਾਂ ਵਿਚ ਲੱਖਾਂ ਸਰੋਤਿਆਂ ਦਾ ਪਿਆਰ ਮਿਲਿਆ ਹੈ। ਪਾਲ ਨੇ ਆਮ ਗੀਤਾਂ ਦੇ ਨਾਲ-ਨਾਲ ਸਿੱਖ ਇਤਿਹਾਸ ਦੀ ਗੱਲ ਕਰਦੇ 'ਸੇਵਕ ਕੀ ਅਰਦਾਸ', 'ਜਿੰਨਾਂ ਨੇਜਿਆਂ 'ਤੇ ਪੁੱਤ ਟੰਗਾਏ' ਅਤੇ 'ਤੋਰੋ ਹੱਸ ਕੇ ਪਿਤਾ ਜੀ ਮੈਨੂੰ ਜੰਗ ਨੂੰ' ਧਾਰਮਿਕ ਗੀਤ ਵੀ ਲਿਖੇ ਹਨ। ਉਸਦੇ ਲਿਖੇ ਚਰਚਿਤ ਗੀਤਾਂ ਵਿਚ ਕੁਝ ਇਹ ਵੀ ਹਨ:-


- ਆਪਾਂ ਗੱਡੀਆਂ ਦੇ ਮਾਲਕ ਕਹਾਇਆ ਕਰਾਂਗੇ (ਮੇਜਰ ਰਾਜਸਥਾਨੀ)
- ਮੇਰੇ ਨੀਂ ਸ਼ੌਕੀਨ ਮਾਹੀ ਨੇ (ਜਸਵਿੰਦਰ ਬਰਾੜ)
- ਜੰਞ ਨੱਚਦੀ ਕਾਲਜੋਂ ਆਈ (ਜਸਵਿੰਦਰ ਬਰਾੜ)
- ਭਾਬੀ ਸੁਲਾਹ ਕਰਾਦੇ (ਗੋਰਾ ਚੱਕ ਵਾਲਾ)
- ਆਸ਼ਕ ਵੱਢ ਸੁੱਟਿਆ (ਅਜੈਬ ਰਾਏ-ਮਨਜੀਤ ਕੌਰ)
- ਰਹਾਂ ਰਾਤ ਨੂੰ ਰੋਂਦੀ (ਅਜੈਬ ਰਾਏ-ਮਨਜੀਤ ਕੌਰ)
- ਨਾਲ ਮਾਹੀ ਨੇ ਨਚਾ ਲਿਆ (ਮਨਜਿੰਦਰ ਕੋਮਲ)
- ਹਾਰ ਗਿਆ ਬਾਜੀ ਮੁੰਡਾ (ਚਰਨਜੀਤ ਚੰਨੀ)
- ਕੀ ਹੋਗਿਆ ਜੇ ਵੇਚਦੀ ਭੰਬੀਰੀਆਂ (ਮਨਜੀਤ ਸਰਿਤਾ)
- ਸੌਹਰੀਂ ਮੇਰੇ ਪੈਰ ਨਾ ਧਰੀਂ (ਅਮਨਜੋਤ)

ਪਾਲ ਆਪਣੇ ਕਲਮੀ ਸਫ਼ਰ ਤੋਂ ਸੰਤੁਸ਼ਟ ਹੈ। ਗੀਤਾਂ ਦੇ ਨਾਲ-ਨਾਲ ਟੈਲੀ ਫ਼ਿਲਮਾਂ ਦੇ ਦੌਰ ਵਿਚ ਪਾਲ ਨੇ ਸਮਾਜਿਕ ਮੁੱਦਿਆਂ ਆਧਾਰਿਤ ਕੁਝ ਫ਼ਿਲਮਾਂ ਵੀ ਲਿਖੀਆਂ।

ਉਸਦੇ ਪਰਿਵਾਰ ਵਿਚ ਉਸਦਾ ਬੇਟਾ ਰਾਜਿੰਦਰ ਪੱਪੂ ਵੀ ਲਿਖਣ ਤੇ ਗਾਉਣ ਦਾ ਸ਼ੌਂਕ ਰੱਖਦਾ ਹੈ। ਅਧਿਆਪਨ ਕਿੱਤੇ ਤੋਂ ਸੇਵਾਮੁਕਤ ਹੋ ਕੇ ਜ਼ਿੰਦਗੀ ਦੇ ਕੌੜੇ ਮਿੱਠੇ ਪਲਾਂ ਨੂੰ ਹੰਡਾਅ ਰਿਹਾ ਪਾਲ ਜੇਠੂਕਿਆਂ ਵਾਲਾ ਮਨ ਦੇ ਵਲਵਲਿਆ ਨੂੰ ਅੱਜ ਵੀ ਲਿਖਦਾ ਹੈ। ਪਾਲ ਭਾਵੇਂਕਿ ਦੇਸ਼ਾਂ-ਵਿਦੇਸ਼ਾਂ ਵਿਚ ਘੁੰਮ ਆਇਆ ਪਰ ਉਹ ਅੱਜ ਵੀ ਪਿੰਡ ਜੇਠੂਕੇ ਦੇ ਮੋਹ ਨਾਲ ਜੁੜਿਆ

# 'ਦਿਲਾਂ ਦੀ ਜੂਹ'

## ਕਾਂਡ 22




-ਸ਼ਿਵਚਰਨ ਜੱਗੀ ਕੁੱਸਾ

ਪੰਜਾਬ ਮੇਲ USA



ਸ਼ੰਮੀਂ ਦੇ ਕੇਸ ਕਰ ਕੇ ਜੋਰਾ ਸਿੰਘ ਕਾਫ਼ੀ ਪ੍ਰੇਸ਼ਾਨ ਸੀ।

ਇੱਕ ਉਹ ਕੰਮ ਵੱਲੋਂ ਵਿਹਲਾ ਸੀ, ਨਹੀਂ ਤਾਂ ਬੰਦੇ ਦਾ ਕੰਮ 'ਤੇ ਦਿਲ ਲੱਗਿਆ ਰਹਿੰਦਾ ਹੈ। ਘਰ ਵਿਚ ਤਾਂ ਅੱਠੇ ਪਹਿਰ ਕੇਸ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ, ਅਤੇ ਘਰ ਦਾ ਮਾਹੌਲ ਸੁਖਾਵਾਂ ਨਹੀਂ ਸੀ। ਪੁੱਤ ਦੇ ਕੇਸ ਨੂੰ ਲੈ ਕੇ ਗੁਰਮੇਲ ਕੌਰ ਵੀ ਸਾਰਾ ਦਿਨ "ਰੌਊਂ-ਰੌਊਂ" ਕਰਦੀ ਰਹਿੰਦੀ।

ਜੋਰਾ ਸਿੰਘ ਨੇ ਚਾਰ ਕੁ ਬੀਅਰ ਦੇ ਡੱਬੇ ਖਰੀਦੇ ਅਤੇ ਸਾਊਥਾਲ ਦੀ ਪਾਰਕ ਵਿਚ ਚਲਿਆ ਗਿਆ।

ਪਾਰਕ ਵਿਚ ਜੋਰਾ ਸਿੰਘ ਦਾ ਪੁਰਾਣਾ ਯਾਰ ਜੁਗਰਾਜ ਸਿੰਘ ਫ਼ੌਜੀ ਮਿਲ਼ ਪਿਆ।

-"ਓਏ ਆ ਬਾਈ ਜੋਰਿਆ, ਈਦ ਦਾ ਚੰਦ ਈ ਹੋ ਗਿਆ, ਜਿਵੇਂ ਗਾਉਣ ਆਲ਼ੇ ਗਾਉਂਦੇ ਹੁੰਦੇ ਐ; ਕੀਹਨੇ ਲਿੱਪ ਕੇ ਭੜੋਲੇ ਵਿੱਚ ਪਾ ਲਿਆ ਵੇ ਹੁਣ ਕਦੇ ਮਿਲ਼ਿਆ ਈ ਨੀ...!" ਫ਼ੌਜੀ ਬੋਲਿਆ।

-"ਪੱਥਰ ਨੂਣ ਨੂੰ ਕਹਿੰਦਾ ਬਾਈ ਖੁਰਦੇ ਜਾਨੇ ਐਂ, ਨੂਣ ਕਹਿੰਦਾ ਜਿਹੜੇ ਖੁਰਦੇ ਐ, ਬੋਲਦੇ ਈ ਨੀ...! ਓਹ ਹਾਲ ਤੇਰੈ, ਨਾ ਕਦੇ ਫ਼ੋਨ, ਨਾ ਦਰਸ਼ਣ..! ਮਿਲ਼ਦਾ ਤੂੰ ਨੀ, ਟਕੋਰਾਂ ਸਾਨੂੰ...?" ਜੋਰਾ ਸਿੰਘ ਨੇ ਬੀਅਰ ਦਾ ਡੱਬਾ ਫ਼ੌਜੀ ਦੇ ਹੱਥ ਫੜਾਉਂਦਿਆਂ ਕਿਹਾ।

-"ਨਹੀਂ, ਮੈਂ ਬੀਅਰ ਨੀ ਪੀਣੀਂ...!" ਫ਼ੌਜੀ ਨੇ ਡੱਬਾ ਪਿੱਛੇ ਧੱਕ ਦਿੱਤਾ।

-"ਫੜ'ਲਾ...! ਤੈਨੂੰ ਜ਼ਹਿਰ ਤਾਂ ਨੀ ਦਿੰਦਾ...!" ਅਮਰੀਕ ਸਿੰਘ ਢਿੱਲੋਂ ਬੋਲਿਆ।

-"ਢਿੱਲੋਂ ਸਾਹਬ ਮੈਨੂੰ ਸ਼ੂਗਰ ਤੰਗ ਕਰਦੀ ਐ...!" ਫ਼ੌਜੀ ਨੇ ਅਸਲੀਅਤ ਦੱਸੀ।

-"ਜੋਰਾ ਸਿਉਂ ਨੂੰ ਕਹਿ ਬੋਤਲ ਫ਼ੜ ਲਿਆਊ...!" ਢਿੱਲੋਂ ਨੇ ਟਾਂਚ ਕੀਤੀ।

-"ਉਹ ਕਿਹੜਾ ਕਰੇਲੇ ਦੀ ਬਣੀਂ ਹੋਊ..?"

ਸਾਰੇ ਹੱਸ ਪਏ।

-"ਆ ਜਾ, ਇੱਕ ਪਾਸੇ ਬਹਿ ਕੇ ਗੱਲਾਂ ਕਰਦੇ ਐਂ, ਫ਼ੌਜੀਆ..! ਦਿਲ ਸਾਲ਼ਾ ਭੁੱਜਿਆ ਪਿਐ..!"

ਇੱਕ ਪਾਸੇ ਇਕਾਂਤ ਵਿਚ ਬੈਠ ਕੇ, ਬੀਅਰ ਪੀਂਦੇ ਜੋਰਾ ਸਿੰਘ ਨੇ ਫ਼ੌਜੀ ਨੂੰ ਸ਼ੰਮੀਂ ਦੇ ਕੇਸ ਬਾਰੇ ਵਿਸਥਾਰ ਨਾਲ਼ ਦੱਸਿਆ।

ਸੁਣ ਕੇ ਫ਼ੌਜੀ ਨੇ ਦਰਦ ਮੰਨਿਆਂ।

-"ਕੇਸ ਦਾ ਕੀ ਬਣੂੰ...?" ਡੋਲੇ ਹੋਏ ਜੋਰਾ ਸਿੰਘ ਨੇ ਪੁੱਛਿਆ।

-"ਇਹ ਤਾਂ ਵਕੀਲ 'ਤੇ ਨਿਰਭਰ ਕਰਦੈ, ਬਈ ਉਹ ਕੇਸ ਨੂੰ ਜੱਜ ਅੱਗੇ ਕਿਵੇਂ ਰੱਖਦੈ...! ਹੁਣ ਤਾਂ ਖੇਡ ਵਕੀਲਾਂ ਦੇ ਹੱਥ ਐ, 'ਵੇਟ ਐਂਡ ਵਾਚ' ਵਾਲ਼ੀ ਗੱਲ ਐ, ਬਾਈ..!"

-"ਬਲਬੀਰ ਸਿਉਂ ਨੀ ਮੁੜ ਕੇ ਇੰਗਲੈਂਡ ਆਇਆ...?"

-"ਨਹੀਂ..! ਬੱਸ ਓਦੋਂ ਈ ਆਇਆ ਸੀ, ਫ਼ੇਰ ਨੀ ਆਇਆ..! ਉਹਦੇ ਘਰੇ ਵੀ ਇੱਕ ਪੰਗਾ ਜਿਆ ਖੜ੍ਹਾ ਹੋ ਗਿਆ ਸੀ..!"

-"ਪੰਗਾ...? ਪੰਗੇ ਆਲ਼ਾ ਤਾਂ ਬਲਬੀਰ ਸਿਉਂ ਲੱਗਦਾ ਨੀ..!"

-"ਉਹਨੇ ਕਾਹਨੂੰ, ਓਹਦੀ ਨੂੰਹ ਨੇ...!"

-"ਅੱਛਾ ਓਹਨੇ ਮੁੰਡਾ ਵਿਆਹ ਲਿਆ...?"

-"ਹਾਂ, ਪਿੱਛੇ ਜੇ ਈ ਵਿਆਹਿਆ ਸੀ...!"

-"ਕੀ ਗੱਲ ਹੋਗੀ ਸੀ...?"

....ਬੜੀ ਗ਼ਰੀਬੀ ਦੇਖੀ ਸੀ ਇਕਬਾਲ ਦੇ ਬਾਪ ਬਲਬੀਰ ਸਿੰਘ ਨੇ! ਪਰ ਜ਼ਰੂਰੀ ਨਹੀਂ ਕਿ ਗ਼ਰੀਬੀ ਕਿਸੇ ਦਾ ਹੌਂਸਲਾ ਢਾਹ ਲਵੇ? ਗ਼ਰੀਬੀ ਘੱਟੋ-ਘੱਟ ਬਲਬੀਰ ਸਿੰਘ ਨੂੰ ਡੁਲਾ ਨਹੀਂ ਸਕੀ ਸੀ। ਨਾ ਹੀ ਉਹ ਛੇਤੀ ਕੀਤੇ ਡੋਲਣ ਵਾਲ਼ਾ ਮਨੁੱਖ ਸੀ! ਨਿੱਕੀ ਮੋਟੀ ਖੇਤੀ ਦੇ ਨਾਲ ਬਲਬੀਰ ਸਿੰਘ ਨੇ ਸ਼ਹਿਰ ਜਾ ਕੇ ਮਜ਼ਦੂਰੀ ਵੀ ਕੀਤੀ ਅਤੇ ਜਿੱਥੇ ਲੋੜ ਪਈ, ਉਸ ਨੇ ਆਪਣੀ ਕੌਮ ਅਤੇ ਪੰਥ ਲਈ ਵੀ ਸਰਦਾ-ਪੁੱਜਦਾ ਯੋਗਦਾਨ ਪਾਇਆ। ਜਦ ਵੀ ਪੰਥ 'ਤੇ ਕੋਈ ਭੀੜ ਪੈਂਦੀ, ਉਹ ਵੱਧ-ਚੜ੍ਹ ਕੇ ਆਪਣੀਆਂ ਸੇਵਾਵਾਂ ਪੇਸ਼ ਕਰਦਾ। ਹੁਣ ਤੱਕ ਉਸ ਨੇ ਕਈ ਪੰਥਕ ਮੋਰਚਿਆਂ ਵਿਚ ਗ੍ਰਿਫ਼ਤਾਰੀਆਂ ਵੀ ਦਿੱਤੀਆਂ ਅਤੇ ਜੇਲ੍ਹ ਯਾਤਰਾ ਵੀ ਕੀਤੀ। ਪਰ ਕੌਮ ਅਤੇ ਪੰਥ ਦੀ ਕਿਸੇ ਵੀ ਸੇਵਾ ਤੋਂ ਉਹ ਪਿੱਛੇ ਨਾ ਹਟਿਆ।

ਨਿੱਤ ਨੇਮ ਵਾਂਗ ਗੁਰਦੁਆਰੇ ਜਾਣਾ ਉਸ ਦਾ ਕਰਮ ਸੀ। ਉਹ ਸਵੇਰੇ ਉਠਣ ਸਾਰ ਗੁਰਦੁਆਰੇ ਜਾਂਦਾ, ਹੁਕਮਨਾਮਾਂ ਲੈ ਕੇ ਫ਼ਿਰ ਕੋਈ ਦੁਨਿਆਵੀ ਕਾਰਜ ਆਰੰਭ ਕਰਦਾ। ਜਦ ਸਮਾਂ ਹੁੰਦਾ, ਉਹ ਗੁਰਦੁਆਰੇ ਵਿਚ ਝਾੜੂ ਲਾਉਂਦਾ। ਪਾਣੀ ਦਾ ਛਿੜਕਾਅ ਕਰਦਾ ਅਤੇ ਗੁਰੂ ਤਾਬਿਆ ਵਿਚ ਗਲੀਚੇ ਝਾੜ ਕੇ ਵਿਛਾਉਂਦਾ। ਆਈਆਂ ਸੰਗਤਾਂ ਦੇ ਜੋੜੇ ਸਾਫ਼ ਕਰਦਾ ਅਤੇ ਫ਼ਿਰ ਲੰਗਰ ਵਿਚ ਬਰਤਨਾਂ ਦੀ ਸੇਵਾ ਵੀ ਕਰਦਾ। ਜਦ ਉਹ ਵਿਹਲਾ ਹੁੰਦਾ, ਛੱਤ ਵਾਲੇ ਪੱਖਿਆਂ ਦੀ ਝਾੜ-ਪੂੰਝ ਕਰ ਦਿੰਦਾ ਅਤੇ ਜਾਂ ਫ਼ਿਰ ਫ਼ੁੱਲ-ਬੂਟਿਆਂ ਨੂੰ ਪਾਣੀ ਦਿੰਦਾ ਰਹਿੰਦਾ। ਪਿੰਡ ਵਿਚ ਜੇ ਕਿਸੇ ਦੇ ਘਰ ਸ੍ਰੀ ਆਖੰਡ ਪਾਠ ਪ੍ਰਕਾਸ਼ ਹੁੰਦਾ ਤਾਂ ਬਲਬੀਰ ਸਿੰਘ ਪੂਰੇ ਤਿੰਨ ਦਿਨ ਸੇਵਾ ਸੰਭਾਲਦਾ। ਉਹ ਕਿਸੇ ਦੇ ਸੱਦੇ ਦੀ ਉਡੀਕ ਨਾ ਕਰਦਾ, ਬਿਨਾਂ ਸੱਦੇ ਆਪ ਹੀ ਆਖੰਡ ਪਾਠ ਵਾਲੇ ਘਰ ਚਲਿਆ ਜਾਂਦਾ ਅਤੇ ਸੇਵਾ ਵਿਚ ਹਾਜ਼ਿਰ ਹੁੰਦਾ। ਬਲਬੀਰ ਸਿੰਘ ਦੇ ਘਰਵਾਲੀ ਭਜਨ ਕੌਰ ਵੀ ਸਿੱਧੀ ਅਤੇ ਸਾਦੀ ਔਰਤ ਸੀ। ਉਹ ਵੀ ਕਿਸੇ ਭਲਾਈ ਦੇ ਕਾਰਜ ਵੱਲੋਂ ਬਲਬੀਰ ਸਿੰਘ ਨੂੰ ਨਾ ਰੋਕਦੀ। ਸਗੋਂ ਆਪ ਵੀ ਬਣਦੀ-ਸਰਦੀ ਸੇਵਾ ਕਰਦੀ।

ਜਦ ਅਕਾਲ ਪੁਰਖ਼ ਨੇ ਬਲਬੀਰ ਸਿੰਘ ਦੇ ਘਰ ਪੁੱਤਰ ਦੀ ਦਾਤ ਬਖ਼ਸ਼ੀ, ਤਾਂ ਗੁਰੂ ਦੇ ਸ਼ੁਕਰਾਨੇ ਵਜੋਂ ਬਲਬੀਰ ਝੁਕ ਕੇ ਹੋਰ "ਨੀਵਾਂ" ਹੋ ਗਿਆ। ਉਹ ਹਰ ਵਕਤ ਰੱਬ ਦੇ ਸ਼ੁਕਰਾਨੇ ਵਿਚ ਘੁਲ਼ਿਆ ਰਹਿੰਦਾ। ਖੇਤ ਜਾਂਦਾ ਜਾਂ ਗਲੀਆਂ ਵਿਚ ਤੁਰਿਆ ਫ਼ਿਰਦਾ ਵੀ ਉਹ ਕੋਈ ਨਾ ਕੋਈ ਗੁਰਬਾਣੀ ਸ਼ਬਦ ਗਾਇਨ ਕਰਦਾ ਰਹਿੰਦਾ। ਉਸ ਦੀ ਆਮ ਧਾਰਨਾਂ, "ਫ਼ਲ ਨੀਵਿਆਂ ਰੁੱਖਾਂ ਨੂੰ ਲੱਗਦੇ, ਐਵੇਂ ਨਾ ਜਿੰਦੇ ਮਾਣ ਕਰੀਂ..!" ਹੁੰਦੀ।

ਪੁੱਤਰ ਦਾ ਨਾਂ ਉਸ ਨੇ "ਇਕਬਾਲ ਸਿੰਘ" ਰੱਖਿਆ। ਉਹ ਉਸ ਨੂੰ ਗੁਰਦੁਆਰੇ ਲੈ ਕੇ ਜਾਂਦਾ। ਦੇਗ ਲੈ ਕੇ ਆਪ ਉਸ ਦੇ ਮੂੰਹ ਵਿਚ ਪਾਉਂਦਾ। ਇਕ ਦਿਨ ਉਸ ਨਾਲ ਅਜੀਬ ਵਰਤਾਰਾ ਹੋਇਆ। ਉਸ ਦਾ ਪੁੱਤਰ ਇਕਬਾਲ ਤਕਰੀਬਨ ਛੇ ਕੁ ਸਾਲ ਦਾ ਸੀ। ਬਲਬੀਰ ਸਿੰਘ ਉਸ ਨੂੰ ਲੈ ਕੇ ਗੁਰਦੁਆਰੇ ਚਲਿਆ ਗਿਆ। ਸੰਗਰਾਂਦ ਦਾ ਦਿਹਾੜਾ ਸੀ। ਬਲਬੀਰ ਸਿੰਘ ਨੇ ਬੜੀ ਸ਼ਰਧਾ ਨਾਲ ਜੋੜਿਆਂ ਦੀ ਸੇਵਾ ਸੰਭਾਲ ਲਈ। ਉਹ ਬਰਤਨ ਅਤੇ ਜੋੜਿਆਂ ਦੀ ਸੇਵਾ ਨੂੰ ਬੜੀ ਉੱਤਮ ਸੇਵਾ ਮੰਨਦਾ ਸੀ। ਜਦ ਉਸ ਨੇ ਆਪਣੇ ਗਲ ਪਾਏ ਪਰਨੇ ਨਾਲ ਜੋੜੇ ਸਾਫ਼ ਕਰਨੇ ਸ਼ੁਰੂ ਕੀਤੇ ਤਾਂ ਉਸ ਨੇ ਬੜੇ ਲਾਡ ਅਤੇ ਮਾਣ ਨਾਲ ਆਪਣੇ ਪੁੱਤਰ ਇਕਬਾਲ ਨੂੰ ਆਖਿਆ, "ਲੈ ਪੁੱਤਰਾ...! ਹੋ ਜਾਹ ਸ਼ੁਰੂ..! ਕਰ ਸੇਵਾ ਜੋੜਿਆਂ ਦੀ..! ਜਿੰਨੀ ਸੇਵਾ ਕਰੇਂਗਾ, ਓਨਾਂ ਈ ਫ਼ਲ ਪਾਵੇਂਗਾ..!" ਪਰ ਇਕਬਾਲ ਇਨਕਾਰੀ ਹੋ ਗਿਆ, "ਮੈਂ ਕਿਸੇ ਦੀਆਂ ਜੁੱਤੀਆਂ ਕਿਉਂ ਸਾਫ਼ ਕਰਾਂ...? ਮੈਂ ਨੀ ਕਿਸੇ ਦੀਆਂ ਜੁੱਤੀਆਂ ਸਾਫ਼ ਕਰਨੀਆਂ..!" ਤੇ ਉਹ ਭੱਜ ਕੇ ਘਰ ਆ ਗਿਆ।

ਬਲਬੀਰ ਸਿੰਘ ਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਨਿਰਾਸ਼ਾ ਹੋਈ। ਦਿਲ ਨੂੰ ਧੱਕਾ ਲੱਗਿਆ। ਬੜੀਆਂ ਤੱਤੀਆਂ-ਠੰਢੀਆਂ ਹਵਾਵਾਂ ਵਗੀਆਂ ਸਨ ਉਸ ਦੇ ਸਰੀਰ 'ਤੇ...! ਬੜੇ ਝੱਖੜ-ਝੋਲੇ ਆਏ ਸਨ ਉਸ ਦੀ ਜ਼ਿੰਦਗੀ ਵਿਚ, ਪਰ ਬਲਬੀਰ ਸਿੰਘ ਡੋਲਿਆ ਨਹੀਂ ਸੀ। ਪਰ ਅੱਜ ਇਕਲੌਤੇ ਪੁੱਤਰ ਵੱਲੋਂ ਬੇਬਾਕ, ਇਨਕਾਰੀ ਲਹਿਜੇ ਵਿਚ ਤੋੜ ਕੇ ਉੱਤਰ ਦੇਣ ਅਤੇ ਸੇਵਾ ਤੋਂ ਮੁਨੱਕਰ ਹੋ ਜਾਣ ਕਾਰਨ ਉਸ ਦੇ ਮਨ 'ਤੇ ਡਾਢੀ ਠੇਸ ਲੱਗੀ ਸੀ।

-"ਮਨ 'ਤੇ ਨਾ ਲਾ ਸਿੰਘਾ...! ਉਦਾਸ ਨਹੀਂ ਹੋਈਦਾ ਹੁੰਦਾ...!" ਗੁਰਦੁਆਰੇ ਦਾ ਮੁੱਖ ਗ੍ਰੰਥੀ ਧਰਮ ਸਿੰਘ ਬਲਬੀਰ ਸਿੰਘ ਨੂੰ ਦੇਖ ਰਿਹਾ ਸੀ, "ਗੁਰੂ ਸਪੁੱਤਰ ਵੀ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਬਚਨ ਮੰਨਣ ਤੋਂ ਇਨਕਾਰੀ ਹੁੰਦੇ ਰਹੇ ਐ..! ਸਮੇਂ ਦਾ ਕੋਈ ਹੇਰ-ਫ਼ੇਰ ਹੁੰਦੈ ਸਿੰਘਾ, ਘਬਰਾ ਨਾ..! ਗੁਰੂ ਬਾਬਾ ਭਲੀ ਕਰੇਗਾ...!"

-"ਉਹ ਤਾਂ ਗੁਰੂ ਪੁੱਤਰ ਸੀ ਧਰਮ ਸਿਆਂ...! ਅਸੀਂ ਤਾਂ ਕਲਯੁਗੀ ਜੀਅ ਆਂ...! ਬਥੇਰਾ ਸਹੁਰੇ ਨੂੰ ਸੇਵਾ ਵਾਲੇ ਪਾਸੇ ਲਾਈਦੈ, ਪਰ ਪਤਾ ਨੀ ਕਿਉਂ, ਇਨਕਾਰੀ ਹੋ ਜਾਂਦੈ...?"

-"ਬਲਬੀਰ ਸਿਆਂ, ਮੈਂ ਤੈਨੂੰ ਇਕ ਉਦਾਹਰਣ ਦਿੰਨੈ...! ਪਹਿਲੇ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਜਗਤ ਜਲੰਦੇ ਨੂੰ ਤਾਰਨ ਲਈ ਉਦਾਸੀਆਂ ਕਰਦੇ ਰਹੇ, ਤੇ ਦੁਨੀਆਂ ਨੂੰ ਤਾਰਦੇ ਆਪਣੇ ਸਪੁੱਤਰਾਂ ਲਈ ਵਕਤ ਨਹੀਂ ਕੱਢ ਸਕੇ, ਉਨ੍ਹਾਂ ਦੇ ਸਪੁੱਤਰ ਵੀ ਉਨ੍ਹਾਂ ਦੀ ਗੱਲ ਮੰਨਣ ਤੋਂ ਇਨਕਾਰੀ ਹੁੰਦੇ ਰਹੇ...! ਤੇ ਦੂਜੇ ਪਾਸੇ ਚੋਜੀ ਪ੍ਰੀਤਮ, ਦਸਵੇਂ ਪਾਤਿਸ਼ਾਹ, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ ਦੀ ਪਾਲਣਾ ਪੋਸ਼ਣਾਂ ਆਪਣੀ ਦੇਖ-ਰੇਖ ਹੇਠ ਕੀਤੀ ਅਤੇ ਕਰਵਾਈ...! ਸ਼ਸ਼ਤਰ ਵਿੱਦਿਆ ਵੀ ਦਿੱਤੀ, ਤੇ ਦੇਖ ਲੈ, ਵੱਡੇ ਸਾਹਿਬਜ਼ਾਦੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਸਵਾ-ਸਵਾ ਲੱਖ ਨਾਲ ਜੂਝ ਗਏ ਤੇ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਖੜ੍ਹ ਗਏ, ਪਰ ਪਿਤਾ ਅਤੇ ਪੰਥ ਨੂੰ ਪਿੱਠ ਨਹੀਂ ਦਿੱਤੀ, ਸ਼ਹੀਦੀਆਂ ਪਾ ਲਈਆਂ...!"

-"ਧੰਨ ਹੈ ਮੇਰਾ ਸਤਿਗੁਰੂ...!" ਉਸ ਨੇ ਝੁਕ ਕੇ ਮੱਥਾ ਟੇਕਿਆ।

-"ਇਕ ਵਾਰੀ ਦੀ ਸਾਖੀ ਹੈ ਬਲਬੀਰ ਸਿਆਂ...! ਗੁਰੂ ਨਾਨਕ ਪਾਤਿਸ਼ਾਹ ਦਾ ਦਰਬਾਰ ਸਜਿਆ ਹੋਇਐ, ਤੇ ਕਿਸੇ ਸਿੱਖ ਨੇ ਆ ਕੇ ਇੱਕ ਟਕਾ ਮੱਥਾ ਟੇਕਿਆ...! ਤੇ ਗੁਰੂ ਪਾਤਿਸ਼ਾਹ ਨੇ ਉਹ ਟਕਾ ਆਪਣੀ ਮੁੱਠੀ ਵਿਚ ਹੀ ਘੁੱਟ ਲਿਆ ਤੇ ਆਪਣੇ ਸਪੁੱਤਰ ਭਾਈ ਸ੍ਰੀ ਚੰਦ ਜੀ ਨੂੰ ਪੁੱਛਣ ਲੱਗੇ, ਭਾਈ ਸ੍ਰੀ ਚੰਦ ਜੀ, ਸਾਡੀ ਮੁੱਠੀ ਵਿਚ ਕੀ ਐ...? ਤੇ ਭਾਈ ਸ੍ਰੀ ਚੰਦ ਆਖਣ ਲੱਗੇ, ਪਿਤਾ ਜੀ ਤੁਹਾਡੀ ਮੁੱਠੀ ਵਿਚ ਇਕ ਟਕਾ ਹੈ...! ਫ਼ੇਰ ਧੰਨ ਗੁਰੂ ਨਾਨਕ ਪਾਤਿਸ਼ਾਹ ਆਪਣੇ ਦੂਜੇ ਸਪੁੱਤਰ ਸ੍ਰੀ ਲੱਛਮੀ ਦਾਸ ਨੂੰ ਪੁੱਛਣ ਲੱਗ ਪਏ, ਭਾਈ ਲੱਛਮੀ ਦਾਸ ਜੀ, ਤੁਸੀਂ ਦੱਸੋ ਸਾਡੀ ਮੁੱਠੀ ਵਿਚ ਕੀ ਹੈ....? ਭਾਈ ਲੱਛਮੀ ਦਾਸ ਜੀ ਨੇ ਵੀ ਉਹ ਹੀ ਉੱਤਰ ਦਿੱਤਾ ਕਿ ਪਿਤਾ ਜੀ, ਸਿੱਖ ਨੇ ਇਕ ਟਕਾ ਹੀ ਤਾਂ ਮੱਥਾ ਟੇਕਿਐ, ਤੇ ਉਹੀ ਟਕਾ ਤੁਹਾਡੀ ਮੁੱਠੀ ਵਿਚ ਹੈ...! ਹੋਰ ਸੰਗਤਾਂ ਨੂੰ ਪੁੱਛਿਆ, ਉਨ੍ਹਾਂ ਨੇ ਵੀ ਉਹੀ ਟਕੇ ਵਾਲਾ ਉੱਤਰ ਮੋੜਿਆ, ਕਿਉਂਕਿ ਬਿਰਤੀ ਤੇ ਸੂਝ ਦੁਨਿਆਵੀ ਸੀ...! ਤੇ ਅਖੀਰ ਵਾਰੀ ਆ ਗਈ ਭਾਈ ਲਹਿਣਾਂ ਜੀ ਦੀ...! ਭਾਈ ਲਹਿਣਾਂ ਜੀ ਸਤਿਕਾਰ ਵਿਚ ਅੱਖਾਂ ਮੀਟੀ ਬੈਠੇ ਨੇ, ਤੇ ਗੁਰੂ ਪਾਤਿਸ਼ਾਹ ਨੇ ਉਨ੍ਹਾਂ ਨੂੰ ਸੁਆਲ ਕੀਤਾ ਕਿ ਭਾਈ ਲਹਿਣਾਂ ਜੀ, ਤੁਸੀਂ ਦੱਸੋ ਸਾਡੀ ਮੁੱਠੀ ਵਿਚ ਕੀ ਹੈ...? ਤਾਂ ਭਾਈ ਲਹਿਣਾਂ ਜੀ ਬੜੀ ਨਿਮਰਤਾ ਨਾਲ, ਹੱਥ ਜੋੜ ਕੇ ਬਚਨ ਕਰਨ ਲੱਗੇ, ਸੱਚੇ ਪਾਤਿਸ਼ਾਹ ਤੁਹਾਡੀ ਮੁੱਠੀ ਵਿਚ ਸੱਤੇ ਬਹਿਸ਼ਤਾਂ ਤੇ ਲੋਕ-ਪ੍ਰਲੋਕ ਦਾ ਸੁਖ-ਆਨੰਦ ਹੈ...! ਕਿਉਂਕਿ ਭਾਈ ਲਹਿਣਾਂ ਜੀ ਦੀ ਸੋਚ ਦੁਨਿਆਵੀ ਨਹੀਂ ਸੀ, ਉਹ ਧੰਨ ਗੁਰੂ ਨਾਨਕ ਪਾਤਿਸ਼ਾਹ ਨੂੰ ਅਕਾਲ ਰੂਪ ਮੰਨਦੇ ਸਨ...! ਹੋਰ ਵੀ ਕਿੰਨੀਆਂ ਸਾਖੀਆਂ ਨੇ, ਚਿੱਕੜ ਵਿਚੋਂ ਬਰਤਨ ਕੱਢਣ ਦੀ ਸਾਖੀ, ਦਰੱਖ਼ਤ ਹਿਲਾ ਕੇ ਮਠਿਆਈ ਝਾੜਨ ਦੀ ਸਾਖੀ....! ਤੇ ਅਖ਼ੀਰ ਜਦ ਭਾਈ ਲਹਿਣਾਂ ਜੀ ਦੀ ਪ੍ਰੀਖਿਆ ਦੀ ਘੜੀ ਆਈ, ਤਾਂ ਮੁਰਦਾ ਖਾਣ ਲਈ ਵੀ ਤਿਆਰ ਹੋ ਗਏ ਕਿ ਹੁਕਮ ਕਰੋ ਸੱਚੇ ਪਾਤਿਸ਼ਾਹ, ਸਿਰ ਵੱਲੋਂ ਖਾਣਾਂ ਸ਼ੁਰੂ ਕਰਾਂ ਕਿ ਪੈਰਾਂ ਵੱਲੋਂ...? ਸੋ ਗੁਰੂ ਪਿਆਰਿਆ..! ਉਦਾਸ ਨਾ ਹੋ...! ਇਹ ਪਰਚੇ ਵੀ ਗੁਰੂ ਦੇ ਭਗਤਾਂ ਦੇ ਹੀ ਪੈਂਦੇ ਨੇ..! ਇਸ ਪ੍ਰੀਖਿਆ ਵਿਚੋਂ ਗੁਰੂ ਸਵਾਰੇ ਹੀ ਪਾਸ ਹੁੰਦੇ ਆਏ ਐ...! ਇਕਬਾਲ ਸਿਉਂ ਅਜੇ ਬੱਚਾ ਹੈ, ਸਮਝ ਜਾਵੇਗਾ...! ਤੂੰ ਆਪਣੀ ਸੇਵਾ ਭਾਵਨਾਂ ਵਿਚ ਖੜੋਤ ਨਾ ਆਉਣ ਦੇਹ, ਗੁਰੂ ਪਾਤਿਸ਼ਾਹ ਭਲੀ ਕਰਨਗੇ...!"

ਧਰਮ ਸਿੰਘ ਤੋਂ ਸਾਖੀ ਸੁਣ ਕੇ ਬਲਬੀਰ ਸਿੰਘ ਨਿਹਾਲ ਹੋਇਆ ਬੈਠਾ ਸੀ।

ਹੁਣ ਉਸ ਨੂੰ ਉਦਾਸੀ ਕਿਸੇ ਹੱਦ ਤੱਕ ਭੁੱਲ ਗਈ ਸੀ।

-"ਤੂੰ ਆਪਣਾ ਸੇਵਾ-ਕਰਮ ਜਾਰੀ ਰੱਖ...! ਤੂੰ ਗੁਰੂ ਪਾਤਿਸ਼ਾਹ ਵੱਲ ਹੀ ਦੇਖ ਲੈ...! ਜਦ ਦਲੀਲ ਦੇ ਕੇ ਸਮਝਾਉਣ ਦਾ ਮੌਕਾ ਆਇਆ, ਤਾਂ ਪਹਿਲੇ ਜਾਮੇ ਵਿਚ ਆਪ ਜਨੇਊ ਪਾਉਣੋਂ ਇਨਕਾਰੀ ਹੋ ਗਏ...! ਤੇ ਜਦ ਅਗਲਾ ਵਕਤ ਆਇਆ ਤਾਂ ਉਸੇ ਜਨੇਊ ਦੀ ਰਾਖੀ ਕਰਨ ਖ਼ਾਤਿਰ ਨੌਂਵੇਂ ਜਾਮੇ ਵਿਚ ਸ਼ਹੀਦੀ ਦੇ ਦਿੱਤੀ...!"

ਬਲਬੀਰ ਸਿੰਘ ਦੇ ਸ਼ਿਕਵੇ ਖ਼ਤਮ ਹੋ ਗਏ।

ਉਹ ਸੇਵਾ ਕਰ ਘਰ ਆ ਗਿਆ।

ਆ ਕੇ ਉਸ ਨੇ ਭਜਨ ਕੌਰ ਨਾਲ ਇਕਬਾਲ ਵਾਲੀ ਗੱਲ ਸਾਂਝੀ ਕੀਤੀ।

-"ਅਜੇ ਨਿਆਣੈ...! ਇਹਨੂੰ ਅਜੇ ਸੇਵਾ ਦਾ ਕੀ ਪਤੈ...?" ਉਸ ਨੇ ਵੀ ਬਲਬੀਰ ਸਿੰਘ ਦਾ ਦਿਲ ਧਰਾਇਆ। ਅੱਗ 'ਤੇ ਫ਼ੂਸ ਪਾਉਣ ਵਾਲੀ ਔਰਤ ਭਜਨ ਕੌਰ ਵੀ ਨਹੀਂ ਸੀ। ਉਹ ਵੀ ਰੱਬ ਦੇ ਭਾਣੇ ਵਿਚ ਵਿਚਰਨ ਵਾਲੀ ਔਰਤ ਸੀ।

ਸਮਾਂ ਬੀਤਣ ਦੇ ਨਾਲ ਇਕਬਾਲ ਨੇ ਦਸਵੀਂ ਪਾਸ ਕਰ ਲਈ ਅਤੇ ਕਾਲਜ ਵਿਚ ਦਾਖ਼ਲਾ ਲੈਣ ਬਾਰੇ ਉਸ ਨੇ ਬਾਪੂ ਬਲਬੀਰ ਸਿੰਘ ਨਾਲ ਗੱਲ ਕੀਤੀ।

-"ਤੂੰ ਜਿੰਨਾਂ ਵੀ ਪੜ੍ਹ ਸਕਦੈਂ, ਪੜ੍ਹ ਪੁੱਤ..! ਖਰਚੇ-ਬਰਚੇ ਦੀ ਚਿੰਤਾ ਮੇਰੇ 'ਤੇ ਛੱਡ...! ਬੱਸ ਤੂੰ ਆਪਣੀ ਜ਼ਿੰਦਗੀ ਦੀਆਂ ਰੀਝਾਂ ਪੂਰੀਆਂ ਕਰ, ਜ਼ਿੰਮੇਵਾਰੀਆਂ ਮੇਰੇ 'ਤੇ ਈ ਰਹਿਣ ਦੇ...!" ਬਲਬੀਰ ਸਿੰਘ ਨੇ ਬੜ੍ਹਕ ਮਾਰੀ। ਸਬਰ-ਸੰਤੋਖ ਅਤੇ ਰੱਜੀ-ਪੁੱਜੀ ਰੂਹ ਵਾਲੇ ਬਲਬੀਰ ਸਿੰਘ ਨੇ ਜ਼ਿੰਦਗੀ ਵਿਚ ਕਦੇ "ਮਰੂੰ-ਮਰੂੰ" ਨਹੀਂ ਕੀਤਾ ਸੀ। ਜੇ ਉਸ ਨੂੰ ਅੱਧੀ ਵੀ ਮਿਲ ਜਾਂਦੀ, ਤਾਂ ਉਹ ਗੁਰੂ ਦਾ ਸ਼ੁਕਰਾਨਾਂ ਕਰ ਕੇ ਛਕ ਲੈਂਦਾ।

ਬਿਨਾਂ ਸ਼ੱਕ ਇਕਬਾਲ ਪੜ੍ਹਨ ਵਿਚ ਹੁਸ਼ਿਆਰ ਸੀ। ਦਿਮਾਗ ਪੱਖੋਂ ਤਰੋ-ਤਾਜ਼ਾ ਸੀ। ਉਸ ਦੀ ਕਦੇ ਸਕੂਲ ਵਿਚੋਂ ਸ਼ਿਕਾਇਤ ਨਹੀਂ ਆਈ ਸੀ।

ਬਲਬੀਰ ਸਿੰਘ ਦਾ ਗੁਰਦੁਆਰੇ ਜਾ ਕੇ ਸੇਵਾ ਕਰਨ ਦਾ ਉਹ ਹੀ ਨਿੱਤਨੇਮ ਬਣਿਆਂ ਰਿਹਾ।

ਭਜਨ ਕੌਰ ਵੀ ਆਪਣੀ ਸਰੀਰਕ ਸਮਰੱਥਾ ਅਨੁਸਾਰ ਸੇਵਾ ਵਿਚ ਹੱਥ ਵਟਾਉਂਦੀ। ਚਾਹੇ ਹੁਣ ਉਹ ਬੁੱਢੇ ਹੋ ਚੱਲੇ ਸਨ। ਪਰ ਉਨ੍ਹਾਂ ਦੇ ਸੇਵਾ-ਕਾਰਜ ਵਿਚ ਵਧਦੀ ਉਮਰ ਕੋਈ ਵਿਘਨ ਨਾ ਪਾ ਸਕੀ ਅਤੇ ਉਹ ਸਿਰੜ-ਸਿਦਕ 'ਤੇ ਚੱਲਦੇ ਗੁਰੂ ਦਰਬਾਰ ਨੂੰ ਹੀ ਸਮਰਪਿਤ ਰਹੇ!

ਇਕਬਾਲ ਰੋਜ਼ਾਨਾ ਕਾਲਜ ਜਾਂਦਾ ਅਤੇ ਕਦੇ-ਕਦੇ ਬਾਪੂ ਕੋਲ ਬੈਠ ਕਾਲਜ ਦੀਆਂ ਗੱਲਾਂ ਵੀ ਸੁਣਾਉਂਦਾ। ਹੁਣ ਉਸ ਦੀ ਕਾਲਜ ਦੀ ਪੜ੍ਹਾਈ ਖ਼ਤਮ ਹੋਣ ਕਿਨਾਰੇ ਸੀ।

ਅਜੇ ਇਕਬਾਲ ਸਵੇਰੇ ਕਾਲਜ ਨੂੰ ਗਿਆ ਹੀ ਸੀ ਕਿ ਉਸ ਦਾ ਮਾਮਾ ਆ ਗਿਆ।

-"ਸਾਡੀ ਯਾਦ ਕਿਵੇਂ ਆ ਗਈ ਅੱਜ ਲਾਭ ਸਿਆਂ...?" ਬਲਬੀਰ ਸਿਉਂ ਉਸ ਨੂੰ ਉੱਡ ਕੇ ਮਿਲਿਆ।

-"ਕੀ ਦੱਸਾਂ ਯਾਰ...! ਮਿਲਣ ਨੂੰ ਤਾਂ ਬਥੇਰਾ ਜੀਅ ਕਰਦੈ, ਕੀ ਕਰੀਏ, ਕੰਮਾਂ ਕਾਰਾਂ 'ਚੋਂ ਵਿਹਲ ਈ ਨੀ ਮਿਲਦੀ..!"

ਭਜਨ ਕੌਰ ਚਾਹ ਬਣਾ ਲਿਆਈ।

-"ਵੇ ਤੇਰਾ ਅੱਜ ਮਿਲਣ ਨੂੰ ਕਿਵੇਂ ਜੀਅ ਕਰ ਆਇਆ ਨਲੈਕਾ...?" ਭਜਨ ਕੌਰ ਲਾਭ ਸਿੰਘ ਤੋਂ ਵੱਡੀ ਸੀ। ਇਸ ਲਈ ਝਿੜਕਣ ਦਾ ਹੱਕ ਜਿਹਾ ਰੱਖਦੀ ਸੀ।

-"ਭਜਨੋ...! ਤੇਰੇ ਕਾਲ਼ਿਆਂ ਤੋਂ ਬੱਗੇ ਆ ਗਏ, ਪਰ ਤੇਰਾ ਵੀ ਸੁਭਾਅ ਨਾ ਬਦਲਿਆ..!"

-"ਵੇ ਹੁਣ ਤਾਂ ਅੱਗੇ ਜਾ ਕੇ ਈ ਬਦਲੂਗਾ...!"

ਭਜਨ ਕੌਰ ਨਾਲ ਸਾਰੇ ਹੱਸ ਪਏ।

-"ਆਪਣਾ ਜੁਆਨ ਨਜ਼ਰ ਨਹੀਂ ਆਉਂਦਾ, ਪੜ੍ਹਨ ਗਿਐ...?" ਉਸ ਨੇ ਸੁੰਨੇ ਵਿਹੜੇ ਵਿਚ ਨਜ਼ਰ ਮਾਰੀ।

-"ਆਹੋ, ਕਾਲਜ ਗਿਐ...!"

-"ਪੜ੍ਹਨ ਨੂੰ ਕਿਵੇਂ ਐਂ...?"

-"ਪੜ੍ਹਨ ਨੂੰ ਤਾਂ ਸ਼ਿਆਰ ਐ..! ਕਦੇ ਕੋਈ ਉਲਾਂਭਾ ਨੀ ਆਇਆ..!"

-"ਕਿੰਨਾਂ ਕੁ ਪੜ੍ਹਾਉਣੈ ਉਹਨੂੰ ਅਜੇ...?"

-"ਪਤਾ ਨੀ...! ਇਹ ਤਾਂ ਓਹਦੇ 'ਤੇ ਮੁਨੱਸਰ ਐ, ਜਿੰਨਾਂ ਕੁ ਪੜੂਗਾ, ਪੜ੍ਹਾ ਦਿਆਂਗੇ..! ਜਿੱਦਣ ਲੱਤ ਚੱਕ ਗਿਆ, ਆਪੇ ਹਟਜੂਗਾ...! ਊਂ ਦੱਸਦਾ ਸੀ ਬਈ ਪੜ੍ਹਾਈ ਪੂਰੀ ਹੋਣ ਵਾਲ਼ੀ ਐ...!"

-"ਮੇਰਾ ਇਰਾਦਾ ਤਾਂ ਉਹਨੂੰ ਨੱਥਣ ਦਾ ਸੀ...!" ਉਸ ਨੇ ਸਿੱਧੀ ਗੱਲ ਸੁਣਾਈ।

-"ਨੱਥਣ ਦਾ...? ਹੈ ਕੋਈ ਕੁੜੀ ਤੇਰੇ ਹੱਥ ਹੇਠ...?"

-"ਆਹੋ...! ਤਾਂ ਹੀ ਤਾਂ ਮੈਂ ਆਇਐਂ...!"

-"ਲੈ...! ਕਰਲੈ ਘਿਉ ਨੂੰ ਭਾਂਡਾ ਭਜਨ ਕੌਰੇ..! ਇਹ ਆਪਾਂ ਨੂੰ ਮਿਲਣ ਨੀ ਆਇਆ, ਇਹ ਤਾਂ ਆਪਣੇ ਇਕਬਾਲ ਸਿਉਂ ਨੂੰ ਨੱਥਣ ਆਇਐ...!"

-"ਸਿੱਧਾ ਕਹਿ ਬਈ ਵਿਚੋਲਗਿਰੀ ਦੇ ਲਾਲਚ ਨੂੰ ਆਇਐਂ..!" ਭਜਨ ਕੌਰ ਨੇ ਟਿੱਚਰ ਕੀਤੀ।

-"ਤੂੰ ਵੀ ਗੱਲ ਪੁੱਠੀ ਕਰਦੈਂ ਬਲਬੀਰ ਸਿਆਂ..! ਰੱਸੀ ਮੱਚਗੀ, ਪਰ ਵੱਟ ਨੀ ਗਿਆ, ਸੁਭਾਅ ਤੇਰਾ ਵੀ ਨੀ ਬਦਲਿਆ...!"

-"ਜਦੋਂ ਤੇਰਾ ਸੁਭਾਅ ਨਹੀਂ ਬਦਲਿਆ, ਸਾਨੂੰ ਕੀ ਚੱਟੀ ਪਈ ਐ, ਸੁਭਾਅ ਬਦਲੀਏ..?"

-"ਕੀਹਦੀ ਕੁੜੀ ਐ...?" ਭਜਨ ਕੌਰ ਅੰਦਰ ਖ਼ਾਮੋਸ਼ ਬੈਠੀ ਖ਼ੁਸ਼ੀ ਨੇ ਖੰਭ ਝਿਣਕੇ ਅਤੇ ਆਲ੍ਹਣੇ ਅੰਦਰ ਬੈਠੇ ਪੰਛੀ ਵਾਂਗ ਚਾਅ ਅੰਬਰ 'ਚ ਉਡਾਰੀਆਂ ਮਾਰਨ ਲੱਗ ਪਏ।

-"ਮੇਰੇ ਸਾਲੇ ਦੀ ਕੁੜੀ ਐ...! ਉਹ ਕਈ ਵਾਰ ਚੱਕਰ ਮਾਰ ਚੁੱਕਿਐ ਮੇਰੇ ਕੋਲ, ਤੇ ਆਪਣੇ ਇਕਬਾਲ ਬਾਰੇ ਟੇਢੀ ਜੀ ਬਾਤ ਜਿਹੀ ਵੀ ਪਾ ਗਿਆ...! ਤੇ ਮੈਂ ਅੱਜ ਸੋਚਿਆ ਕਿ ਤੁਹਾਡਾ ਮੂੰਹ ਸੁੰਘ ਈ ਆਵਾਂ...?"

-"ਖ਼ੈਰ ਸਾਡੇ ਮੂੰਹ ਸੁੰਘਣ ਵਾਲੀ ਤਾਂ ਗੱਲ ਕੋਈ ਨੀ, ਪਰ ਰੈਅ ਤਾਂ ਆਪਾਂ ਨੂੰ ਇਕਬਾਲ ਸਿਉਂ ਨਾਲ ਈ ਕਰਨੀ ਪਊਗੀ, ਬਈ ਉਹਦਾ ਕੀ ਵਿਚਾਰ ਐ..? ਬਈ ਉਹ ਵਿਆਹ ਵਾਸਤੇ ਤਿਆਰ ਵੀ ਐ, ਕਿ ਨਹੀਂ...?"

-"ਸਾਡੇ ਵਿਆਹਾਂ ਵੇਲ਼ੇ ਸਾਡੀ ਤਾਂ ਕਿਸੇ ਨੇ ਸਲਾਹ ਪੁੱਛੀ ਨੀ..!" ਭਜਨ ਕੌਰ ਨੇ ਆਪਣਾ ਸ਼ਿਕਵਾ ਦਿਖਾਇਆ।

-"ਨ੍ਹਾਂ ਤੂੰ ਮੁੱਖ ਮੰਤਰੀ ਨਾਲ ਵਿਆਹ ਕਰਵਾਉਣਾ ਸੀ...?" ਬਲਬੀਰ ਸਿੰਘ ਹੱਸ ਪਿਆ।

-"ਕਿੱਡਾ ਸੋਹਣਾ ਤਾਂ ਮੁੰਡਾ ਲੱਭ ਕੇ ਦਿੱਤਾ ਸੀ ਆਪਣੇ ਬਾਪੂ ਨੇ, ਭਜਨੋ..!"

-"ਵੇ ਮੈਂ ਤਾਂ ਹੋਰ ਗੱਲ ਕਰਦੀ ਸੀ...! ਤੁਸੀਂ ਹੋਰ ਈ ਉੱਘ ਦੀਆਂ ਪਤਾਲ਼ ਮਾਰਨ ਲੱਗ ਪਏ...?"

-"ਕੁੜੀ ਨੇ ਬੀ.ਏ. ਕਰਲੀ ਐ ਤੇ ਬਾਲੀ ਉਹਨੂੰ ਹੋਰ ਅੱਗੇ ਪੜ੍ਹਾਉਣਾ ਨੀ ਚਾਹੁੰਦਾ..!" ਲਾਭ ਸਿਉਂ ਨੇ ਸੱਚ ਦੱਸਿਆ।

-"ਕੀ ਲੈਣੈ ਬਾਹਲੀਆਂ ਪੜ੍ਹਾਈਆਂ ਤੋਂ...? ਪੜ੍ਹ ਕੇ ਐਸ ਮੁਲਕ 'ਚ ਕਿਹੜਾ ਕਿਸੇ ਨੇ ਜੱਜ ਲੱਗ ਜਾਣੈ...? ਧੀਆਂ ਧਿਆਣੀਆਂ ਤਾਂ ਆਪਣੇ ਘਰ ਈ ਚੰਗੀਐਂ...! ਊਂ ਕੁੜੀ ਸੋਹਣੀ ਐਂ...? ਭਜਨ ਕੌਰ ਨੇ ਬੜੀ ਉੱਤਸੁਕਤਾ ਨਾਲ ਪੁੱਛਿਆ।

-"ਕੁੜੀ..? ਕੁੜੀ ਹੱਥ ਲਾਇਆਂ ਮੈਲ਼ੀ ਹੁੰਦੀ ਐ, ਮੈਂ ਤਾਂ ਇੱਕੋ ਗੱਲ ਈ ਕਹਿੰਨੈ ਭਜਨੋ...! ਜਦੋਂ ਤੇਰੇ ਐਸ ਵਿਹੜੇ 'ਚ ਫ਼ਿਰਿਆ ਕਰੂਗੀ, ਸਮਝਲਾ ਗੈਸ ਮਾਂਗੂੰ ਚਾਨਣ ਕਰਿਆ ਕਰੂਗੀ...!"

-"ਚਲੋ ਰੰਗ ਰੂਪ ਤਾਂ ਰੱਬ ਦੀ ਦਾਤ ਐ ਲਾਭ ਸਿਆਂ...! ਪਰ ਕੁੜੀ ਸੂਝ ਵਾਲੀ ਹੋਵੇ ਤੇ ਸਾਡੇ ਟੱਬਰ 'ਚ ਫ਼ਿੱਟ ਆਉਂਦੀ ਹੋਵੇ...!" ਬਲਬੀਰ ਸਿੰਘ ਨੇ ਆਪਣੀ ਖ਼ਾਹਿਸ਼ ਦੱਸੀ।

-"ਕੁੜੀ ਸਿਆਣੀ ਐਂ ਬਲਬੀਰ ਸਿਆਂ...! ਤੇ ਬਾਲੀ ਵੀ ਬੰਦਾ ਵਰਤਣ ਵਾਲ਼ੈ...! ਜੇ ਰਿਸ਼ਤੇਦਾਰ ਵਰਤਣ ਵਾਲ਼ੇ ਮਿਲ਼ ਜਾਣ, ਸਮਝਲਾ ਚੰਗੇ ਕਰਮ ਕੀਤੇ ਅੱਗੇ ਆ ਜਾਂਦੇ ਐ..!"

-"ਮੈਨੂੰ ਅੱਜ ਇਕਬਾਲ ਸਿਉਂ ਦੀ ਪੜ੍ਹਾਈ ਬਾਰੇ ਕਨਸੋਅ ਲੈ ਲੈਣ ਦੇ..! ਉਹਦੇ ਨਾਲ ਮਾੜੀ ਮੋਟੀ ਸਲਾਹ ਵੀ ਕਰੂੰਗਾ...! ਜੇ ਉਹਨੇ ਹਾਂ ਭਰ ਦਿੱਤੀ, ਸਾਡੇ ਵੱਲੋਂ ਕੋਈ ਕੱਚ ਨਹੀਂ ਹੋਊਗਾ...!"

-"ਤੁਸੀਂ ਕਰੋ ਗੱਲਾਂ ਬਾਤਾਂ, ਮੈਂ ਰੋਟੀ ਲਾਹ ਕੇ ਲਿਆਉਨੀ ਆਂ..!"

-"ਨਹੀਂ ਭਜਨੋ...! ਰੋਟੀ ਮੈਂ ਨੀ ਖਾਣੀ, ਮੈਂ ਤਾਂ ਛੇਤੀ ਮੁੜਨੈ..!"

-"ਜਾ ਕੇ ਤੂੰ ਹਲਟ ਗੇੜਨੈਂ...? ਤੂੰ ਰੋਟੀ ਖਾ 'ਰਾਮ ਨਾਲ...!" ਭਜਨ ਕੌਰ ਨੇ ਉਸ ਨੂੰ ਝਾੜ ਕੇ ਜਿਹੇ ਬਿਠਾ ਦਿੱਤਾ।

-"ਲੂਤ-ਲੂਤ ਕਰਦਾ ਆਉਂਦੈ, ਤੇ ਭੱਜੂੰ-ਭੱਜੂੰ ਕਰਦਾ ਮੁੜ ਜਾਂਦੈ...!" ਭਜਨ ਕੌਰ ਰਸੋਈ ਵਿਚ ਬੈਠੀ "ਬੁੜ-ਬੁੜ" ਕਰੀ ਜਾ ਰਹੀ ਸੀ।

ਬਲਬੀਰ ਸਿੰਘ ਹੱਸ ਪਿਆ।

-"ਤੇਰੇ ਵਾਲੀ ਭੈਣ ਦੇ ਰਕਾਟ ਦੀ ਸੂਈ ਅੱਜ ਤੇਰੇ 'ਤੇ ਈ ਖੜਕਦੀ ਐ..!"

-"ਤੇ ਸੂਈ ਹੈ ਵੀ ਖ਼ਤਰੇ ਵਾਲੇ ਨਿਸ਼ਾਨ 'ਤੇ..! ਪਤਾ ਨਹੀਂ ਕਿੱਧਰ ਨੂੰ ਫ਼ੈਰ ਆ ਵੱਜੇ...!"

ਉਹ ਰੋਟੀ ਖਾਂਦੇ ਹੱਸਦੇ ਖੇਡਦੇ ਰਹੇ।

ਲਾਭ ਸਿਉਂ ਦੇ ਜਾਣ ਤੋਂ ਬਾਅਦ ਸ਼ਾਮ ਨੂੰ ਇਕਬਾਲ ਵੀ ਘਰ ਆ ਗਿਆ।

-"ਅੱਜ ਤੇਰਾ ਮਾਮਾ ਆਇਆ ਸੀ ਇਕਬਾਲ...!" ਦੁੱਧ ਦਾ ਗਿਲਾਸ ਫ਼ੜਾਉਂਦੀ ਮਾਂ ਬੋਲੀ।

-"ਕਿਸੇ ਕੰਮ ਆਇਆ ਸੀ...? ਕਿ ਵੈਸੇ ਹੀ ਗੇੜਾ ਮਾਰ ਗਿਆ...?"

-"ਅੱਜ ਮੈਂ ਬਹੁਤ ਬਾਗੋ-ਬਾਗ ਆਂ ਪੁੱਤ...! ਉਹ ਤੇਰੇ ਲਈ ਰਿਸ਼ਤਾ ਲੈ ਕੇ ਆਇਆ ਸੀ..! ਉਹਦੇ ਸਾਲ਼ੇ ਦੀ ਕੁੜੀ ਐ, ਬਾਲੀ ਦੀ...! ਵਾਹਵਾ ਪੜ੍ਹ-ਲਿਖ ਗਈ ਐ, ਤੇ ਹੁਣ ਉਹ ਤੇਰਾ ਰਿਸ਼ਤਾ ਲੱਭਦੇ ਐ...!"

ਇਕਬਾਲ ਦੇ ਅੰਦਰ ਦੁੱਧ ਲੰਘਣੋਂ ਹਟ ਗਿਆ।

ਪਰ ਉਸ ਨੇ ਧੱਕੇ ਨਾਲ ਹੀ ਅੰਦਰ ਸੁੱਟ ਲਿਆ।

ਉਸ ਨੇ ਗਿਲਾਸ ਮਾਂ ਦੇ ਹੱਥ ਫ਼ੜਾਉਣ ਦੀ ਥਾਂ, ਥੱਲੇ ਹੀ ਮੰਜੇ ਦੇ ਪਾਵੇ ਨਾਲ ਰੱਖ ਦਿੱਤਾ।

-"ਕੀ ਗੱਲ ਪੁੱਤ...? ਤੂੰ ਗੁੱਗਲ਼ ਈ ਹੋ ਗਿਆ..? ਤੈਨੂੰ ਖ਼ੁਸ਼ੀ ਨੀ ਹੋਈ...?" ਮਾਂ ਨੇ ਭੁੰਜੇ ਰੱਖਿਆ ਗਿਲਾਸ ਚੁੱਕ ਲਿਆ।

ਕੋਈ ਉੱਤਰ ਦੇਣ ਤੋਂ ਬਿਨਾ ਹੀ ਇਕਬਾਲ ਅਵਾਜ਼ਾਰ ਜਿਹਾ ਹੋਇਆ, ਬਾਹਰ ਨਿਕਲ ਗਿਆ। ਮਾਂ ਦੀ ਖ਼ੁਸ਼ੀ ਮੁਰਝਾ ਗਈ। ਉਸ ਦੀਆਂ ਸਧਰਾਂ ਦੇ ਗਗਨ ਵਿਚ ਤਰੇੜਾਂ ਆ ਗਈਆਂ ਸਨ ਅਤੇ ਭਾਵਨਾਵਾਂ ਦੀ ਛੱਤ ਚੋਣ ਲੱਗ ਪਈ ਸੀ। ਉਹ ਝੂਠੀ ਜਿਹੀ ਹੋਈ, ਆਪਣੇ ਦਿਲ ਵਾਂਗ ਖਾਲੀ ਗਿਲਾਸ ਚੁੱਕੀ ਖੜ੍ਹੀ ਸੀ। ਪਰ ਉਸ ਨੂੰ ਕੋਈ ਸਮਝ ਨਹੀਂ ਲੱਗੀ ਸੀ ਕਿ ਇਕਬਾਲ ਨੇ ਕੋਈ ਉੱਤਰ ਕਿਉਂ ਨਹੀਂ ਦਿੱਤਾ ਸੀ...? ਉਹ ਆਪਣੇ ਅੰਦਰ ਖੁਰਗੋ ਪੁੱਟਦੇ ਸੁਆਲਾਂ ਅਤੇ ਜਵਾਬਾਂ ਵਿਚ ਹੀ ਉਲਝੀ ਪਈ ਸੀ। ਉਸ ਨੂੰ ਗੱਲ ਦਾ ਕੋਈ ਸਿਰਾ ਜਾਂ ਹੱਥ-ਪੈਰ ਨਜ਼ਰ ਨਹੀਂ ਆਇਆ ਸੀ।

ਚੁੱਲ੍ਹੇ 'ਤੇ ਸਬਜ਼ੀ ਧਰੀ ਮਾਂ ਧੂੰਏਂ ਦੇ ਪੱਜ ਰੋ ਰਹੀ ਸੀ। ਉਹ ਤਾਂ ਬੜੇ ਸਾਲਾਂ ਤੋਂ ਮਨ ਵਿਚ ਰੀਝਾਂ ਦੀਆਂ ਗੋਂਦਾਂ ਗੁੰਦਦੀ ਆਈ ਸੀ। ਪਰ ਅੱਜ ਤਾਂ ਇੱਕਲੌਤੇ ਪੁੱਤ ਨੇ ਠੁੱਡ ਮਾਰ ਕੇ ਰੀਝਾਂ ਦੇ ਗਲੋਟਿਆਂ ਵਾਲਾ ਛਿੱਕੂ ਹੀ ਭੰਨ ਸੁੱਟਿਆ ਸੀ?

-"ਆਇਆ ਨੀ ਸ਼ੇਰ ਬੱਗਾ ਅੱਜ..?" ਘਰ ਆਉਣ ਸਾਰ ਹੀ ਬਲਬੀਰ ਸਿਉਂ ਨੇ ਪੁੱਛਿਆ।

-"ਆਇਆ ਤਾਂ ਸੀ, ਪਰ ਫ਼ੇਰ ਬਾਹਰ ਨਿਕਲ ਗਿਆ...!"

-"ਗਿਆ ਕਿੱਥੇ...?"

-"ਪਤਾ ਨੀ, ਕਿਹੜਾ ਦੱਸ ਕੇ ਗਿਐ...?" ਭਜਨ ਕੌਰ ਨੇ ਬੜੀ ਸੰਖੇਪ ਗੱਲ ਕੀਤੀ।

-"ਪਾਈ ਨੀ ਬਾਤ ਉਹਦੇ ਨਾਲ ਵਿਆਹ ਦੀ...? ਨੂੰਹ ਘਰ ਆਵੇ, ਸੁੱਖ ਨਾ' ਵਿਹੜੇ 'ਚ ਰੌਣਕ ਲੱਗੇ...! ਨਹੀਂ ਤਾਂ ਆਪਾਂ ਢਾਈ ਟੋਟਰੂ ਆਂ, 'ਕੱਲੇ ਬੈਠੇ ਈ ਕੰਨ ਹਿਲਾਉਂਦੇ ਰਹਿੰਨੇ ਆਂ...! ਕੋਈ ਨਿਆਣਾ ਨਿੱਕਾ ਹੋਊ, ਉਹਦੇ 'ਚ ਪਰਚਾਂਗੇ...!"

ਬਲਬੀਰ ਸਿੰਘ ਦੀਆਂ ਹਸਰਤਾਂ ਸੁਣ ਕੇ ਭਜਨ ਕੌਰ 'ਹੋਰ' ਦੁਖੀ ਹੋ ਗਈ। ਉਸ ਨੇ ਸੋਚਿਆ ਕਿ ਜੇ ਇਸ ਨੂੰ ਕੋਈ ਦਿਲ ਢਾਹੂ ਗੱਲ ਦੱਸੀ ਤਾਂ ਬਲਬੀਰ ਸਿੰਘ ਦੇ ਮਨ 'ਤੇ ਬੁਰਾ ਅਸਰ ਹੋਊਗਾ...। ਇਸ ਲਈ ਉਸ ਨੇ ਫ਼ੌਲਾਦੀ ਚੁੱਪ ਧਾਰ ਲਈ! ਪਰ ਕਿੰਨਾਂ ਕੁ ਚਿਰ...? ਉਸ ਨੇ ਫ਼ਿਰ ਸੋਚਿਆ! ਸੱਚਾਈ ਤਾਂ ਇਕ ਨਾ ਇਕ ਦਿਨ ਬਲਬੀਰ ਸਿਉਂ ਦੇ ਸਾਹਮਣੇ ਆਉਣੀ ਹੀ ਆਉਣੀ ਹੈ...? ਇਸ ਨੂੰ ਕਿੰਨਾਂ ਕੁ ਚਿਰ ਛੁਪਾ ਕੇ ਰੱਖੂੰਗੀ...? ਜੇ ਆਪਣੇ ਸਿਰ ਦੇ ਸਾਂਈਂ ਤੋਂ ਹੀ ਸੱਚਾਈ ਛੁਪਾ ਲਈ, ਇਕ ਦਿਨ ਜ਼ਮੀਰ ਪੱਖੋਂ ਜ਼ਰੂਰ ਦੋਸ਼ੀ ਬਣੂੰਗੀ...! ਜੋ ਗੱਲ ਸਾਹਮਣੇ ਆ ਹੀ ਜਾਣੀ ਹੈ, ਉਸ ਨੂੰ ਲਕੋਣ ਦਾ ਕੀ ਫ਼ਾਇਦਾ...?

-"ਆ ਜਾਓ...! ਚੁੱਲ੍ਹੇ ਮੂਹਰੇ ਬੈਠ ਕੇ ਹੱਥ ਸੇਕ ਲਓ, ਠਾਰੀ ਬਹੁਤ ਐ...!" ਉਸ ਨੇ ਬਹਾਨੇ ਜਿਹੇ ਨਾਲ ਬਲਬੀਰ ਸਿੰਘ ਨੂੰ ਕੋਲ ਬੁਲਾ ਲਿਆ।

-"ਅੱਜ ਗੁਰਦੁਆਰੇ ਗਿਆ ਸੀ, ਕਮੇਟੀ ਵਾਲੇ ਰੌਲ਼ਾ ਜਿਹਾ ਕਰੀ ਜਾਂਦੇ ਸੀ, ਮੈਂ ਤਾਂ ਮੱਥਾ ਟੇਕ ਕੇ ਘਰ ਆ ਗਿਆ..!"

-"ਉਹ ਕੋਈ ਨਾ ਕੋਈ ਰੌਲ਼ਾ ਪਾਈ ਰੱਖਦੇ ਐ..? ਬਈ ਤੁਸੀਂ ਸਿੱਧੇ ਹੋ ਕੇ ਸੇਵਾ ਕਰੋ, ਸੇਵਾਦਾਰ ਬਣ ਕੇ ਰਹੋ...! ਕੀ ਲੈਣੈਂ ਚੌਧਰਾਂ ਤੋਂ...?"

-"ਕਾਹਨੂੰ ਛੱਡਦੈ ਕੋਈ ਚੌਧਰ, ਭਜਨ ਕੁਰੇ...!! ਚੌਧਰ ਦੇ ਨਸ਼ੇ 'ਚ ਨੱਕ ਨੂੰਹੇਂ ਦੀ ਪੂਛ ਵਾਂਗੂੰ ਕੁੰਢਾ ਕਰ ਕੇ ਤੁਰਦੇ ਐ...!"

-"ਰੱਬ ਤੋਂ ਨੀ ਨਾ ਡਰਦੇ ਫ਼ੇਰ...!"

-"ਰੱਬ ਤੋਂ ਕੋਈ ਨੀ ਡਰਦਾ...! ਸਭ ਖਾਣ ਦੇ ਯਾਰ ਐ...! ਗੋਲਕ ਨੂੰ ਚਿੰਬੜਦੇ ਐ..!"

-"ਸੰਗਤ ਦਾ ਖਾ ਕੇ ਜਾਣਗੇ ਕਿੱਥੇ...? ਸੁਰਗ ਨਰਕ ਸਭ ਐਥੇ ਐ, ਗੁਰੂ ਐਥੇ ਈ ਪੈਂਤਰੇ ਦਿਖਾ ਦਿੰਦੈ..!"

-"ਅੱਜ ਮੈਂ ਗੱਲ ਤੋਰੀ ਸੀ ਆਪਣੇ ਇਕਬਾਲ ਨਾਲ..!" ਉਸ ਨੇ ਗੱਲ ਦਾ ਸਿਰਾ ਫ਼ੜਿਆ।

-"ਫ਼ੇਰ..? ਕੀ ਕਹਿੰਦਾ...?"

-"ਕੁਛ ਨੀ ਕਿਹਾ...! ਮੂੰਹ ਜਿਆ ਵੱਟ ਕੇ ਬਾਹਰ ਨਿਕਲ ਗਿਆ...!"

-"ਤਾਂ ਵੀ...? ਬੰਦਾ ਕੋਈ ਹਾਂ-ਨਾਂਹ ਦਾ ਹੁੰਗਾਰਾ ਤਾਂ ਭਰਦੈ...?"

-"ਨ੍ਹਾਂ...! ਨਾ ਹਾਂ ਤੇ ਨਾ, ਨਹੀਂ...! ਕੁਛ ਨੀ ਬੋਲਿਆ ਤੇ ਚੁੱਪ ਕਰ ਕੇ ਬਾਹਰ ਨਿਕਲ ਗਿਆ...!"

ਬਲਬੀਰ ਸਿੰਘ ਦੀ ਖ਼ੁਸ਼ੀ 'ਤੇ ਸੁਆਹ ਧੂੜੀ ਗਈ।

-"ਕੀ ਪਤੈ ਸੰਗਦਾ ਹੋਵੇ...?" ਉਸ ਦੀ ਆਸ ਦੀ ਕਿਰਨ ਅਜੇ ਮਰੀ ਨਹੀਂ ਸੀ।

-"ਮੈਨੂੰ ਨਹੀਂ ਲੱਗਦਾ ਬਈ ਉਹ ਸੰਗਦੈ...!"

-"ਕਿਤੇ ਵਿਆਹ ਕਰਨ ਤੋਂ ਲੱਤ ਤਾਂ ਨੀ ਚੁੱਕਦਾ...?"

-"ਮੈਨੂੰ ਤਾਂ ਪਤਾ ਨੀ..! ਬੰਦਾ ਕੁਛ ਦੱਸੇ ਤਾਂ ਸਹੀ...? ਉਹ ਤਾਂ ਬੋਲਿਆ ਈ ਕੱਖ ਨੀ...! ਬੱਸ ਦੁੱਧ ਪੀਤਾ ਤੇ ਬਾਹਰ ਨਿਕਲ ਗਿਆ...!"

-"ਮੈਂ ਕਰਦੈਂ ਅੱਜ ਰਾਤ ਨੂੰ ਮੋਟੇ ਅੱਖਰਾਂ 'ਚ ਗੱਲ..! ਤੂੰ ਵਹਿਮ ਨਾ ਮੰਨ...! ਪਾਊਂ ਗਲ਼ ਸਾਅਫ਼ਾ..!"

ਸ਼ਾਮ ਨੂੰ ਜਦ ਇਕਬਾਲ ਘਰ ਆਇਆ ਤਾਂ ਉਸ ਦੇ ਪੈਰ ਥਿੜਕ ਰਹੇ ਸਨ। ਉਸ ਦੇ ਸਾਹਾਂ 'ਚੋਂ ਦਾਰੂ ਦੀ ਹਵਾੜ੍ਹ ਮਾਰ ਰਹੀ ਸੀ। ਸ਼ਾਇਦ ਉਹ ਰੱਜ ਕੇ ਸ਼ਰਾਬ ਪੀ ਕੇ ਆਇਆ ਸੀ। ਇਕਲੌਤੇ ਪੁੱਤ ਨੂੰ ਸ਼ਰਾਬੀ ਦੇਖ ਮਾਂ-ਬਾਪ ਦੇ ਥੰਮ੍ਹ ਹਿੱਲ ਗਏ! ਗੁੱਸਾ ਬਲਬੀਰ ਸਿੰਘ ਦੇ ਅੰਦਰ 'ਵਾ-ਵਰੋਲਾ ਬਣ ਗਿਆ। ਪਰ ਭਜਨ ਕੌਰ ਦੇ ਹੱਥ ਜੋੜਨ 'ਤੇ ਉਹ ਚੁੱਪ ਰਹਿਣ ਲਈ ਮਜਬੂਰ ਹੋ ਗਿਆ। ਬਲਬੀਰ ਸਿੰਘ ਦੇ ਫ਼ੱਕਰ ਮਨ ਨੂੰ ਐਨਾ ਧੱਕਾ ਵੱਜਿਆ ਸੀ ਕਿ ਉਹ ਪਲ ਦੀ ਪਲ ਅਧਰੰਗ ਦੇ ਮਰੀਜ਼ ਵਾਂਗ ਸਕਤੇ ਵਿਚ ਆ ਗਿਆ। ਉਸ ਲਈ ਖੜ੍ਹਨਾ ਮੁਸ਼ਕਿਲ ਹੋ ਗਿਆ ਸੀ। ਉਹ ਬਾਹੀ ਦੇ ਆਸਰੇ ਮੰਜੇ 'ਤੇ ਬੈਠ ਗਿਆ। ਉਸ ਦਾ ਸਰੀਰ "ਡਿੱਗੂੰ-ਡਿੱਗੂੰ" ਕਰਦਾ ਸੀ। ਉਸ ਦੇ ਜ਼ਿਹਨ ਵਿਚ ਜੁਆਲਾ-ਮੁਖੀ ਫ਼ਟਿਆ ਹੋਇਆ ਸੀ ਅਤੇ ਦਿਲੋਂ ਲਾਵਾ ਨਿਕਲੀ ਜਾ ਰਿਹਾ ਸੀ।

ਸਾਰੀ ਉਮਰ ਬਲਬੀਰ ਸਿੰਘ ਨੇ ਕਿਸੇ ਨਸ਼ੇ ਨੂੰ ਹੱਥ ਨਹੀਂ ਲਾਇਆ ਸੀ! ਹੁਣ ਤੱਕ ਨਵੀਂ ਪੀੜ੍ਹੀ ਨੂੰ ਉਹ ਨਸ਼ਿਆਂ ਤੋਂ ਰਹਿਤ ਰਹਿਣ ਦੀ ਪ੍ਰੇਰਨਾ ਹੀ ਦਿੰਦਾ ਰਿਹਾ ਸੀ। ਪਰ ਅੱਜ ਉਸ ਦਾ ਆਪਣਾ ਇਕਲੌਤਾ ਪੁੱਤਰ ਹੀ ਅੱਜ ਨਸ਼ੇ ਵਿਚ ਧੁੱਤ ਹੋ ਕੇ ਘਰ ਆ ਗਿਆ ਸੀ...? ਇਹ ਉਸ ਲਈ ਬੜੀ ਨਮੋਸ਼ੀ ਅਤੇ ਡੁੱਬ ਮਰਨ ਵਾਲੀ ਗੱਲ ਸੀ। ਉਹ ਆਪਣੇ ਜਹਾਨ ਨੂੰ ਲੁੱਟਿਆ ਪੱਟਿਆ ਮਹਿਸੂਸ ਕਰ ਰਿਹਾ ਸੀ। ਜਿਸ ਪਿਉ ਦਾ 'ਕੱਲਾ-'ਕੱਲਾ ਪੁੱਤ ਹੀ ਆਪਣੇ ਖਾਨਦਾਨੀ ਮਾਰਗ ਦੀ ਲੀਹ ਪਾੜ ਕੇ, ਨਵਾਂ ਘਾਤਕ ਰਸਤਾ ਅਖ਼ਤਿਆਰ ਕਰ ਲਵੇ, ਤਾਂ ਕੀ ਜਿਉਣਾ ਉਸ ਬਾਪ ਦਾ...? ਬਲਬੀਰ ਸਿੰਘ ਦੀ ਆਤਮਾ ਸਾਰੀ ਰਾਤ ਕੱਤੀ-ਤੁੰਬੀ ਜਾਂਦੀ ਰਹੀ। ਉਸ ਦਾ ਦਿਲ ਪੇਂਜੇ ਵਿਚ ਪਿੰਜਿਆ ਜਾ ਰਿਹਾ ਸੀ।

ਸਾਰੀ ਰਾਤ ਭਜਨ ਕੌਰ ਅਤੇ ਬਲਬੀਰ ਸਿੰਘ ਨੂੰ ਨੀਂਦ ਨਾ ਆਈ।

ਉਹ ਜਿਸ ਤਰ੍ਹਾਂ ਪਏ ਸਨ, ਉਸੀ ਤਰ੍ਹਾਂ ਹੀ ਉਠ ਖੜ੍ਹੇ ਹੋਏ!

ਸਵੇਰੇ ਅੰਮ੍ਰਿਤ ਵੇਲੇ ਬਲਬੀਰ ਸਿੰਘ ਗੁਰਦੁਆਰੇ ਚਲਿਆ ਗਿਆ।

ਦੀਨ ਦੁਨੀ ਦੇ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਬਲਬੀਰ ਸਿੰਘ ਨੇ ਧਾਹ ਮਾਰੀ ਅਤੇ ਕਿੰਨਾਂ ਹੀ ਚਿਰ ਗੁਰੂ ਚਰਨਾਂ ਵਿਚ ਸਿਰ ਰੱਖੀ ਪਿਆ ਰਿਹਾ। ਜਿਵੇਂ ਉਠਣ ਦਾ ਉਸ ਨੂੰ ਚੇਤਾ ਹੀ ਭੁੱਲ ਗਿਆ ਸੀ! ਪਿੱਛੇ ਹੋਰ ਸੰਗਤ ਮੱਥਾ ਟੇਕਣ ਵਾਲ਼ੀ ਖੜ੍ਹੀ ਸੀ।

-"ਉਠ ਬਈ ਗੁਰੂ ਦੇ ਸਿੰਘਾ, ਸੰਗਤਾਂ ਹੋਰ ਵੀ ਨੇ...!" ਗ੍ਰੰਥੀ ਧਰਮ ਸਿੰਘ ਨੇ ਬਲਬੀਰ ਸਿੰਘ ਦਾ ਮੋਢਾ ਥਾਪੜਿਆ।

ਬਲਬੀਰ ਜਦ ਉਠਿਆ ਤਾਂ ਉਸ ਨੇ ਧਰਮ ਸਿੰਘ ਦੇ ਨੂਰੀ ਚਿਹਰੇ ਵੱਲ ਤੱਕਿਆ। ਜਿਵੇਂ ਉਸ ਦੇ ਸਰੀਰ ਅੰਦਰ ਨਵੇਂ ਨਰੋਏ ਖ਼ੂਨ ਦਾ ਸੰਚਾਰ ਹੋ ਗਿਆ ਸੀ, ਉਸ ਨੂੰ ਆਤਮਿਕ ਬਲ ਮਿਲਿਆ। ਉਹ ਗੁਰੂ ਚਰਨਾਂ ਵਿਚ ਫ਼ਿਰ ਸੀਸ ਝੁਕਾ ਕੇ ਉਠ ਖੜ੍ਹਾ ਹੋਇਆ। ਜਦ ਉਸ ਨੇ ਪਿੱਛੇ ਨਜ਼ਰ ਮਾਰੀ, ਤਾਂ ਵਾਕਿਆ ਹੀ ਅਥਾਹ ਸੰਗਤ ਮੱਥਾ ਟੇਕਣ ਲਈ ਕਤਾਰ ਵਿਚ ਲੱਗੀ ਖੜ੍ਹੀ ਸੀ। ਉਸ ਸੀਸ ਨਿਵਾਅ ਕੇ ਹੱਥ ਜੋੜੀ, ਪਿੱਛੇ ਹੱਟ ਗਿਆ।

ਗੁਰੂ ਘਰੋਂ ਦੇਗ ਲੈ ਕੇ ਜਦ ਉਹ ਘਰ ਪਹੁੰਚਿਆ, ਤਾਂ ਇਕਬਾਲ ਮੰਜੇ 'ਤੇ ਬੈਠਾ ਚਾਹ ਪੀ ਰਿਹਾ ਸੀ। ਪਹਿਲੀ ਵਾਰ ਪੀਤੀ ਦਾਰੂ ਕਾਰਨ ਉਸ ਦਾ ਸਿਰ ਚਕਰਾ ਰਿਹਾ ਸੀ। ਚਾਹ ਉਸ ਤੋਂ ਪੂਰੀ ਪੀਤੀ ਨਾ ਗਈ। ਉਸ ਨੂੰ ਅਵੱਤ ਜਿਹੇ ਆ ਰਹੇ ਸਨ। ਭਜਨ ਕੌਰ ਦਾ ਦਿਲ ਅੰਦਰੋ-ਅੰਦਰ ਰੋ-ਕਲ਼ਪ ਰਿਹਾ ਸੀ, ਇਸ ਲਈ ਉਸ ਨੇ ਇਕਲੌਤੇ ਪੁੱਤਰ ਨਾਲ ਜ਼ੁਬਾਨ ਤੱਕ ਵੀ ਸਾਂਝੀ ਨਾ ਕੀਤੀ।

-"ਲੈ ਪੁੱਤ ਦੇਗ ਲੈ...!" ਬਲਬੀਰ ਸਿੰਘ ਨੇ ਬੜੇ ਸਨੇਹ ਨਾਲ ਇਕਬਾਲ ਅੱਗੇ ਦੇਗ ਕੀਤੀ ਤਾਂ ਇਕਬਾਲ ਦਾ ਮਨ ਫ਼ਿੱਸ ਪਿਆ ਅਤੇ ਉਹ ਧਾਹਾਂ ਮਾਰ ਕੇ ਦਰਵੇਸ਼ ਬਾਪੂ ਦੇ ਪੈਰੀਂ ਡਿੱਗ ਪਿਆ। ਜਜ਼ਬਾਤ ਠਿੱਲ੍ਹ ਪਏ ਅਤੇ ਨਾਲ ਦੀ ਨਾਲ ਹੀ ਭਜਨ ਕੌਰ ਉੱਚੀ-ਉੱਚੀ ਰੋ ਪਈ। ਮਨ ਬਲਬੀਰ ਸਿੰਘ ਦਾ ਵੀ ਭਾਰਾ ਹੋ ਗਿਆ।

-"ਕਿੰਨੀਆਂ ਸਧਰਾਂ ਨਾਲ ਪਾਲ਼ਿਐਂ ਪੁੱਤਰਾ, ਆਹ ਕੀ ਕਿੱਤੇ ਕਰਨ ਲੱਗ ਪਿਆ ਤੂੰ...?" ਬਲਬੀਰ ਨੇ ਉਸ ਨੂੰ ਜੱਫ਼ੀ ਵਿਚ ਲੈ ਲਿਆ।

-".................।" ਪਛਤਾਵੇ ਵਿਚ ਇਕਬਾਲ ਦਾ ਮਨ ਫ਼ਿਰ ਦੋਫ਼ਾੜ ਹੋ ਗਿਆ, ਵਾਕਿਆ ਹੀ ਕਿੰਨੀਆਂ ਤੰਗੀਆਂ ਨਾਲ ਮਾਂ-ਬਾਪ ਨੇ ਪਾਲ਼ਿਆ-ਪੋਸਿਆ, ਤੇ ਆਹ ਕੀ ਗਦਰ ਕਰ ਮਾਰਿਆ ਤੂੰ ਇਕਬਾਲ ਸਿਆਂ...? ਇਹ ਤਾਂ ਮਾਂ ਬਾਪ ਦੇ ਸੋਹਲ ਮਨ 'ਤੇ ਬਰਛੀ ਮਾਰ ਦਿੱਤੀ ਤੂੰ...! ਉਹ ਝੋਰੇ ਵਿਚ ਮਾਂ ਦੇ ਚਰਨੀਂ ਪੈ ਗਿਆ।

-"ਕੋਈ ਗੱਲ ਹੋਵੇ, ਬੰਦਾ ਮਾਪਿਆਂ ਨਾਲ ਸਿੱਧੀ ਕਰਦੈ, ਤੂੰ ਤਾਂ ਹੋਰ ਈ ਰਸਤਾ ਅਪਣਾ ਤੁਰਿਆ...? ਇਹ ਸ਼ਰਾਬ ਜ਼ਿੰਦਗੀ ਦੇ ਪੈਂਡੇ ਦਾ ਹੱਲ ਨਹੀਂ ਹੁੰਦੀ ਪੁੱਤਰਾ....! ਤੂੰ ਚਿੜੀਆਂ ਦਾ ਦੁੱਧ ਮੰਗ, ਜੇ ਨਾ ਹਾਜ਼ਰ ਕਰਾਂ, ਆਪਣਾ ਬਾਪ ਨਾ ਮੰਨੀਂ...! ਤੂੰ ਮੂੰਹੋਂ ਬੋਲ ਤਾਂ ਕੱਢ ਕੇ ਦੇਖ...! ਜੇ ਨਾ ਪੂਰੇ ਹੋਣ, ਫ਼ੇਰ ਦੋਸ਼ ਦੇਈਂ...! ਤੇ ਨਹੀਂ ਐਵੇਂ ਨਹੀਂ ਮਾਂ-ਪਿਉ ਨੂੰ ਤੰਗ ਕਰੀਦਾ ਹੁੰਦਾ...! ਨਾਲੇ ਸਾਨੂੰ ਦੁਖੀ ਕਰਦੈਂ, ਤੇ ਨਾਲੇ ਸੋਨੇ ਵਰਗਾ ਸਰੀਰ ਗਾਲ਼ਦੈਂ...!"

-"ਬਾਪੂ ਜੀ, ਮੈਂ ਡਰਦਾ ਸੀ...!"

-"ਕਿਹੜੀ ਗੱਲ ਤੋਂ...?"

-"...............।" ਇਕਬਾਲ ਚੁੱਪ ਹੋ ਗਿਆ।

-"ਇਹਦਾ ਮਤਲਬ ਤੂੰ ਸਾਨੂੰ ਆਪਣਾ ਅਸਲ ਮਾਂ-ਪਿਉ ਨੀ ਮੰਨਦਾ..? ਬੰਦਾ ਬਿਗਾਨਿਆਂ ਤੋਂ ਈ ਡਰਦਾ ਹੁੰਦੈ...?"

-"ਨਹੀਂ ਬਾਪੂ ਜੀ, ਇਹ ਗੱਲ ਨਹੀਂ...!"

-"ਫ਼ੇਰ ਹੋਰ ਗੱਲ ਕੀ ਐ ਸ਼ੇਰਾ...?"

-"ਕੋਈ ਗੱਲ ਪੁੱਛਣ ਵਾਸਤੇ ਮੇਰੇ ਦਿਲ ਨੇ ਕੰਮ ਨਹੀਂ ਕੀਤਾ, ਏਸ ਲਈ ਸ਼ਰਾਬ ਦਾ ਸਹਾਰਾ ਲਿਆ..!"

-"ਮੈਦਾਨਿ-ਜੰਗ ਲੜਦੇ ਗੁਰੂ ਦੇ ਸਿੰਘ ਭਲਾ ਸ਼ਰਾਬ ਦਾ ਸਹਾਰਾ ਲੈਂਦੇ ਸੀ...? ਤੂੰ ਨਿੱਕੀ ਜੀ ਗੱਲ ਤੋਂ ਧਰਮ ਤੋੜ ਲਿਆ..?"

-"ਉਨ੍ਹਾਂ ਦਾ ਤਾਂ ਸਮਰੱਥ ਗੁਰੂ ਸਹਾਈ ਸੀ...!"

-"ਤੇਰਾ ਵੀ ਹੋਊਗਾ, ਬੱਸ ਜਪ ਕੇ, ਤੇ ਵਿਸ਼ਵਾਸ ਕਰ ਕੇ ਦੇਖ...!" ਬਲਬੀਰ ਸਿੰਘ ਨੇ ਆਪਣੇ ਮਨ ਦੀ ਗੱਲ ਆਖ ਦਿੱਤੀ।

-"ਬਾਪੂ ਜੀ ਗੱਲ ਸਾਂਝੀ ਕਰਦਿਆਂ ਤੁਹਾਡੇ ਤੋਂ ਸੰਗ ਲੱਗਦੀ ਐ...!"

-"ਅੱਛਾ....? ਫ਼ੇਰ ਮੈਨੂੰ ਪਲ ਦੋ ਪਲ ਆਪਣਾ ਬਾਪ ਨਹੀਂ, ਦੋਸਤ ਮੰਨ ਕੇ ਗੱਲ ਕਰ ਲੈ...! ਤੇਰਾ ਕੰਮ ਸੌਖਾ ਹੋ ਜਾਊ..?"

-"ਬਾਪੂ ਜੀ, ਮੈਂ ਕਿਸੇ ਕੁੜੀ ਨੂੰ ਮੁਹੱਬਤ ਕਰਦੈਂ...!"

-"ਮਿੱਤਰ ਪਿਆਰਿਆ, ਮੁਹੱਬਤ ਕਰਨਾ ਤਾਂ ਕੋਈ ਮਿਹਣਾ ਨਹੀਂ..! ਪਿਆਰ ਤਾਂ ਕਿਸੇ ਜਾਨਵਰ ਨੂੰ ਕਰਨ ਲੱਗ ਜਾਓ, ਉਹ ਵੀ ਵਰ ਦਿੰਦੈ ਤੇ ਥੋੜਾ ਵਫ਼ਾਦਾਰ ਬਣ ਕੇ ਰਹਿੰਦੈ, ਉਹ ਤਾਂ ਫ਼ੇਰ ਕੁੜੀ ਐ...! ਐਨੀ ਕੁ ਗੱਲ ਪਿੱਛੇ ਦਾਰੂ ਪੀ ਕੇ ਦੇਹ ਫ਼ੂਕੀ ਤੇ ਮਾਂ-ਪਿਉ ਨੂੰ ਦੁਖੀ ਕੀਤਾ...? ਵਾਹ ਓਏ ਇਕਬਾਲ ਸਿਆਂ...! ਤੂੰ ਮਾਰੇਂਗਾ ਸ਼ੇਰ..!"

-"ਥੋੜਾ ਦਿਲ ਦੁਖੀ ਕੀਤਾ, ਮੈਨੂੰ ਮੁਆਫ਼ ਕਰ ਦਿਓ ਬਾਪੂ ਜੀ...!"

-"ਕਰਤਾ.....! ਹੋਰ ਦੱਸ..? ਆ'ਜਾ ਭਜਨ ਕੁਰੇ, ਤੂੰ ਵੀ ਸੁਣ ਆਪਣੇ ਭਲਵਾਨ ਦੀ ਗੱਲ...! ਤੂੰ ਗੱਲ ਮੂੰਹੋਂ ਕੱਢ ਪੁੱਤ, ਕਲਗੀਆਂ ਵਾਲੇ ਪਿਤਾ ਦੀ ਮਿਹਰ ਨਾਲ ਪੂਰੀ ਮੈਂ ਕਰੂੰਗਾ...!"

-"ਮੈਂ ਸੰਗੀਤਾ ਨਾਲ ਵਿਆਹ ਕਰਵਾਉਣਾ ਚਾਹੁੰਨੈਂ, ਬਾਪੂ ਜੀ...!"

-"ਤੇ ਉਹ ਤਾਂ ਅਸੀਂ ਵੀ ਚਾਹੁੰਦੇ ਆਂ, ਅੜਿੱਕਾ ਕਿੱਥੇ ਐ...?"

-"ਉਹ, ਜ਼ਿਮੀਦਾਰਾਂ ਦੀ ਨੀਂ, ਖੱਤਰੀਆਂ ਦੀ ਕੁੜੀ ਐ, ਬਾਪੂ ਜੀ...!"

-"ਤੇ ਇਹ ਵੀ ਕੋਈ ਅੜਿੱਕਾ ਨਹੀਂ...! ਜਾਤ-ਪਾਤ ਦਾ ਭਿੰਨ-ਭੇਦ ਤਾਂ ਮੇਰੇ ਕਲਗੀਆਂ ਵਾਲੇ ਪਾਤਿਸ਼ਾਹ ਨੇ ਮੁੱਢੋਂ ਨਿਕਾਰਿਐ, ਤੂੰ ਕੋਈ ਹੋਰ ਅੜੱਚਣ ਦੱਸ...?" ਬਾਪੂ ਉਸ ਦੀ ਮੁਸ਼ਕਿਲ ਨਾਲ਼ ਦੀ ਨਾਲ਼ ਹੱਲ ਕਰਦਾ ਆ ਰਿਹਾ ਸੀ। ਇਕਬਾਲ ਨੇ ਸੋਚਿਆ ਤੱਕ ਨਹੀਂ ਸੀ ਕਿ ਉਸ ਦੀ ਮੁਸ਼ਕਿਲ ਇਤਨੇ ਆਸਾਨ ਤਰੀਕੇ ਨਾਲ ਹੱਲ ਹੁੰਦੀ ਤੁਰੀ ਜਾਵੇਗੀ...? ਸ਼ੁਕਰਾਨੇ ਵਿਚ ਉਹ ਬਾਪੂ ਦਾ 'ਮੁਰੀਦ' ਬਣਿਆਂ ਬੈਠਾ ਸੀ।

-"ਸਾਨੂੰ ਵਿਖਾ ਤਾਂ ਦੇਹ ਇੱਕ ਵਾਰੀ...!" ਭਜਨ ਕੌਰ ਬੋਲੀ।

-"ਤੂੰ ਦੇਖ ਕੇ ਕੀ ਲੈਣੈਂ...?"

-"ਲੈਣਾ ਕਿਉਂ ਨੀ...? ਮੇਰੀ ਨੂੰਹ ਰਾਣੀਂ ਐਂ..!"

-"ਉਠ ਖੜ੍ਹਿਆ ਨ੍ਹਾ ਸੱਸ ਵਾਲਾ ਸੂਲ਼ ਤੇਰੇ ਵੀ...?" ਉਹ ਵਿਅੰਗਮਈ ਹੱਸਿਆ।

-"ਨਹੀਂ, ਦਿਖਾਵਾਂਗੇ ਬੀਜੀ ਨੂੰ ਨੂੰਹ ਵੀ, ਬਾਪੂ ਜੀ...!" ਇਕਬਾਲ ਨੇ ਬਾਪ ਦੀ ਗੱਲ ਕੱਟੀ। ਉਸ ਨੂੰ ਮਾਂ ਦਾ ਤਰਸ ਜਿਹਾ ਆਇਆ ਸੀ।

-"ਇਕਬਾਲ, ਗੱਲ ਸੁਣ ਪੁੱਤਰਾ...!"

-"..............।" ਇਕਬਾਲ ਨੇ ਪਛਤਾਵੇ ਭਰੀਆਂ ਚੁੱਪ ਅੱਖਾਂ ਉੱਪਰ ਚੁੱਕੀਆਂ। ਵੈਸੇ ਹੁਣ ਉਹ ਆਪਣੇ ਆਪ ਨੂੰ ਦੋਸ਼ੀ ਮੰਨ ਰਿਹਾ ਸੀ ਕਿ ਜਿਸ ਦੇ ਮਾਂ-ਬਾਪ ਇਤਨੇ ਸਿੱਧੇ ਅਤੇ ਪੱਧਰ ਹੋਣ, ਉਸ ਨੂੰ ਕੋਈ 'ਕੋਝੀ' ਅਤੇ ਨੀਚ ਕਰਤੂਤ ਕਰ ਕੇ ਉਨ੍ਹਾਂ ਦਾ ਮਨ ਦੁਖੀ ਨਹੀਂ ਕਰਨਾ ਚਾਹੀਦਾ।

-"ਤੈਨੂੰ ਕੁੜੀ ਪਸੰਦ ਐ...?"

-"ਹਾਂ ਜੀ ਬਾਪੂ ਜੀ...!"

-"ਉਹ ਵੀ ਤੈਨੂੰ ਪਸੰਦ ਕਰਦੀ ਐ...?"

-"ਹਾਂ ਜੀ, ਕਰਦੀ ਐ..!"

-"ਤੇ ਫ਼ੇਰ ਹੁਣ ਉਡੀਕ ਕਾਹਦੀ ਐ...? ਮਾਰੋ ਮੋਰਚਾ, ਤੇ ਕਰੋ ਵਿਆਹ...!"

ਇਕਬਾਲ ਦੇ ਖੰਭ ਲੱਗ ਗਏ।

# ਮੋਬਾਇਲ ਅਤੇ ਬੱਚੇ ਅੰਦਰਲੀਆਂ ਬਹੁਪੱਖੀ ਕਲਾਵਾਂ

ਮੇਜਰ ਸਿੰਘ ਨਾਭਾ
ਮੋ. 94635-53962
ਪੰਜਾਬ ਮੇਲ USA

ਮੋਬਾਇਲ ਨੇ ਬਹੁਤ ਸਾਰੀਆਂ ਚੀਜ਼ਾਂ ਨੂੰ ਆਪਣੇ ਅੰਦਰ ਸਮਾ ਕੇ ਕਈਆਂ ਦੇ ਰੁਜ਼ਗਾਰ ਨੂੰ ਖੋਹ ਲਿਆ ਹੈ। ਪਰ ਮਨੁੱਖ ਹੁਣ ਮੋਬਾਇਲ ਉੱਪਰ ਏਨਾ ਨਿਰਭਰ ਹੋ ਗਿਆ ਹੈ ਕਿ ਉਹ ਇਸ ਤੋਂ ਬਿਨ੍ਹਾਂ ਆਪਣੇ ਆਪ ਨੂੰ ਨਿਕੰਮਾ ਸਮਝਣ ਲੱਗ ਪਿਆ ਹੈ। ਅੱਜ ਦੇ ਸਮੇਂ ਜਨਮ ਲੈਣ ਵਾਲੇ ਬੱਚੇ ਦਿਮਾਗੀ ਤੌਰ 'ਤੇ ਬਹੁਤ ਤੇਜ਼-ਤਰਾਰ ਹਨ। ਉਨ੍ਹਾਂ ਨੂੰ ਮਾਪੇ ਏਨੀਆਂ ਸਹੂਲਤਾਂ ਨਾਲ ਪਾਲਦੇ ਹਨ ਕਿ ਉਹ ਜੋ ਵੀ ਚੀਜ਼ ਦੀ ਮੰਗ ਕਰਦੇ ਹਨ, ਉਹ ਉਨ੍ਹਾਂ ਨੂੰ ਮਿਲ ਜਾਂਦੀ ਹੈ। ਇਹ ਆਦਤ ਬੱਚੇ ਅੰਦਰ ਪਾਉਣ ਲਈ ਮਾਪੇ ਜ਼ਿੰਮੇਵਾਰ ਹੁੰਦੇ ਹਨ। ਅੱਜ ਮਾਪੇ ਬੱਚਿਆਂ ਨੂੰ ਰੁੱਝੇ ਰਹਿਣ ਲਈ ਖਿਡਾਉਣੇ ਟਾਈਪ ਮੋਬਾਇਲ ਲੈ ਦੇਂਦੇ ਹਨ, ਜੋ ਥੋੜੇ ਵੱਡੇ ਹੁੰਦੇ ਹੀ ਮਾਪਿਆਂ ਦੇ ਫੋਨ ਨੂੰ ਚਲਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਸ 'ਚ ਉਹ ਕਾਮਯਾਬ ਹੋ ਜਾਂਦੇ ਹਨ। ਮੋਬਾਇਲ ਨਾਲ ਉਹ ਇੰਨੇ ਜੁੜ ਜਾਂਦੇ ਹਨ ਕਿ ਉਹ ਖਾਣ-ਪੀਣ ਵੀ ਭੁੱਲ ਜਾਂਦੇ ਹਨ। ਜੇ ਉਨ੍ਹਾਂ ਨੂੰ ਰੋਕਿਆ ਜਾਂਦਾ ਹੈ, ਤਾਂ ਉਹ ਖਿਝ ਜਾਂਦੇ ਹਨ। ਕਈ ਵਾਰੀ ਤਾਂ ਚੀਜ਼ਾਂ ਦਾ ਨੁਕਸਾਨ ਵੀ ਕਰ ਦਿੰਦੇ ਹਨ। ਮੋਬਾਇਲ ਅੰਦਰ ਬਹੁਤ ਚੰਗਾ ਪਰ ਬਹੁਤ ਮਾੜਾ ਵੀ ਹੈ। ਪਰ ਬੱਚੇ ਦੇ ਹੱਥ ਮੋਬਾਇਲ ਦੇਣਾ, ਇਹ ਇੱਕ ਮਾੜਾ ਰੁਝਾਣ ਹੈ। ਬੱਚਿਆਂ ਦੇ ਅੰਦਰ ਬਹੁਤ ਸਾਰੀਆਂ ਕਲਾਵਾਂ ਕੁਦਰਤ ਨੇ ਜਨਮ ਤੋਂ ਹੀ ਦਿੱਤੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪਹਿਚਾਨਣ ਦੀ ਲੋੜ ਹੁੰਦੀ ਹੈ। ਛੋਟੇ ਬੱਚੇ ਸ਼ੁਰੂ-ਸ਼ੁਰੂ 'ਚ ਆਪਣੇ ਆਲੇ-ਦੁਆਲੇ ਕੰਧਾਂ ਉੱਪਰ ਲਕੀਰਾਂ ਮਾਰ ਕੇ ਖੁਸ਼ ਹੁੰਦੇ ਹਨ, ਰੰਗਾਂ ਨਾਲ ਉਨ੍ਹਾਂ ਦਾ ਮੋਹ ਉਨ੍ਹਾਂ ਦੇ ਰੰਗਾਂ ਨੂੰ ਬੱਚਿਆਂ ਵਾਲੇ ਘਰੇ ਕੰਧਾਂ ਤੋਂ ਦੇਖ ਸਕਦੇ ਹੋ। ਛੋਟੇ ਬੱਚਿਆਂ ਨੂੰ ਮਾਪੇ ਜਾਂ ਪਰਿਵਾਰਿਕ ਮੈਂਬਰ ਰੰਗਾਂ ਨਾਲ ਖੇਡਣ ਲਾ ਸਕਦੇ ਹਨ। ਹੌਲੀ-ਹੌਲੀ ਉਹ ਆਪਣੀ ਅੰਦਰਲੀ ਕਲਾ ਨੂੰ ਕਲਾਕ੍ਰਿਤਾਂ ਰਾਹੀਂ ਬਾਹਰ ਕੱਢਣ ਲੱਗ ਜਾਂਦੇ ਹਨ। ਇਸ ਨਾਲ ਬੱਚਿਆਂ ਦੇ ਪੜ੍ਹਾਈ ਵਿਸ਼ੇ ਨੂੰ ਵੀ ਛੂਹਿਆ ਜਾਂਦਾ ਹੈ ਅਤੇ ਬੱਚਾ ਉਂਝ ਵੀ ਆਪਣੀ ਕਲਾਕ੍ਰਿਤ ਨੂੰ ਬਣਾ ਕੇ ਖੁਸ਼ੀ ਮਹਿਸੂਸ ਕਰਦਾ ਹੈ। ਮੇਰੀ ਦੋਹਤੀ ਬੱਚੀ ਏਕਨੂਰ ਕੌਰ ਨੇ ਮੇਰੇ ਸਾਹਮਣੇ ਆਪਣੀ ਕਲਾਕ੍ਰਿਤ ਬਣਾ ਕੇ ਰੰਗ ਭਰ ਕੇ ਆਪਣੇ ਵਲਵਲੇ ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ, ਉਸ ਨੇ ਭਾਵੇਂ ਕਾਹਲ 'ਚ ਡਰਾਇੰਗ ਕੀਤੀ ਪਰ ਫੇਰ ਵੀ ਦੱਸਣ 'ਤੇ ਉਹ ਹੋਰ ਸੁਧਾਰ ਕਰਨ ਲਈ ਵੀ ਕੋਸ਼ਿਸ਼ ਕਰਦੀ ਰਹੀ। ਸੋ ਏਸੇ ਤਰ੍ਹਾਂ ਖੇਡਾਂ 'ਚ ਰੁਚੀ ਰੱਖਣ ਵਾਲੇ ਬਹੁਤੇ ਬੱਚੇ ਪੜ੍ਹਾਈ ਪੱਖੋਂ ਕਮਜ਼ੋਰ ਹੀ ਹੁੰਦੇ ਹਨ ਪਰ ਫਿਰ ਵੀ ਕਈ ਬੱਚੇ ਖੇਡਾਂ 'ਚ ਕਾਮਯਾਬੀ ਪ੍ਰਾਪਤ ਕਰ ਲੈਂਦੇ ਹਨ। ਇਸ ਲਈ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਉਨ੍ਹਾਂ ਦੇ ਪੱਧਰ ਦੀਆਂ ਖੇਡਾਂ 'ਚ ਸ਼ਮੂਲੀਅਤ ਕਰਵਾ ਕੇ ਉਨ੍ਹਾਂ ਦੇ ਫਾਲਤੂ ਸਮੇਂ ਨੂੰ ਇਸ ਪਾਸੇ ਲਾਇਆ ਜਾ ਸਕਦਾ ਹੈ।



ਸੰਗੀਤ 'ਚ ਰੁਚੀ ਵਾਲੇ ਬੱਚੇ ਵੀ ਅੱਜਕੱਲ੍ਹ ਚੰਗੇ ਕਲਾਕਾਰ ਬਣ ਸਕਦੇ ਹਨ। ਉਨ੍ਹਾਂ ਨੂੰ ਸਕੂਲ ਪੱਧਰ 'ਤੇ ਜੇਕਰ ਵਧੀਆ ਮੌਕੇ ਮਿਲ ਜਾਣ, ਤਾਂ ਹੋਰ ਵੀ ਵਧੀਆ ਹੋਵੇਗਾ। ਸੋ ਬੱਚਾ ਇੱਕ ਕੱਚੀ ਕਲੀ ਵਾਂਗ ਹੁੰਦਾ, ਉਸ ਨੂੰ ਜਿਵੇਂ ਚਾਹੋ ਮੋੜ ਸਕਦੇ ਹੋ। ਡਾਕਟਰ ਅਤੇ ਇੰਜੀਨੀਅਰ ਬੱਚਿਆਂ ਨੂੰ ਬਣਾਉਣ ਦੇ ਸੁਪਨੇ ਮਾਪਿਆਂ ਨੂੰ ਲੈਣੇ ਚਾਹੀਦੇ ਹਨ ਪਰ ਬੱਚੇ ਦੀ ਰੁਚੀ ਨੂੰ ਪਰਖਣਾ ਮਾਪਿਆਂ ਲਈ ਜ਼ਰੂਰੀ ਹੈ, ਰੁਚੀ ਦੇ ਵਿਰੁੱਧ ਕੋਈ ਫੈਸਲਾ ਲੈਣਾ ਕੋਈ ਵਧੀਆ ਨਤੀਜਾ ਨਹੀਂ ਦਿੰਦਾ। ਬੱਚਿਆਂ ਨੂੰ ਪਰਚਾਉਣ ਲਈ ਬਚਪਨ 'ਚ ਦਿੱਤੀਆਂ ਅਥਾਹ ਸਹੂਲਤਾਂ ਅੱਗੇ ਜਾ ਕੇ ਜ਼ਿੰਦਗੀ ਦੀ ਸਫਲਤਾ ਲਈ ਅੜਚਨਾਂ ਪੈਦਾ ਕਰਨ ਲਈ ਰੋਲ ਅਦਾ ਕਰਦੀਆਂ ਹਨ। ਵੱਡੇ/ਸੀਨੀਅਰ ਬੱਚੇ ਅਕਸਰ ਛੋਟੇ ਬੱਚਿਆਂ ਲਈ ਰੋਲ ਮਾਡਲ ਹੁੰਦੇ ਹਨ, ਵੱਡਿਆਂ ਦੀਆਂ ਗੱਲ੍ਹਾਂ/ਕੰਮਾਂ ਦੀ ਬੱਚੇ ਆਮ ਤੌਰ 'ਤੇ ਰੀਸ ਕਰਦੇ ਹਨ। ਸੋ ਅੱਜ ਬੱਚਿਆਂ ਨੂੰ ਛੋਟੇ ਹੁੰਦੇ ਹੀ ਸਾਂਭਣ ਦੀ ਲੋੜ ਹੈ। ਉਨ੍ਹਾਂ ਦੀਆਂ ਅੰਦਰਲੀਆਂ ਕਲਾਵਾਂ ਨੂੰ ਨਿਖਾਰਣ ਲਈ ਸਾਨੂੰ ਬੱਚਿਆਂ ਨੂੰ ਸਮੇਂ-ਸਮੇਂ ਸਿਰ ਗਾਈਡ ਲਾਈਨਜ਼ ਦੇਣੀਆਂ ਅਹਿਮ ਹਨ। ਅੱਜ ਮੋਬਾਇਲ/ਟੀ.ਵੀ. ਨੇ ਬੱਚਿਆਂ ਦਾ ਖੇਡਣ ਦਾ ਸਮਾਂ ਵੀ ਨਿਗਲ ਲਿਆ ਹੈ। ਇਸ ਪ੍ਰਤੀ ਮਾਪਿਆਂ ਅਤੇ ਅਧਿਆਪਕਾਂ ਨੂੰ ਗੰਭੀਰ ਹੋ ਕੇ ਬੱਚਿਆਂ ਨੂੰ ਸਹੀ ਸੇਧ ਦੇਣ ਲਈ ਉਪਰਾਲਾ ਕਰਨਾ ਚਾਹੀਦਾ ਹੈ। ਸਕੂਲੀ ਖੇਡਾਂ 'ਚ ਬੱਚਿਆਂ ਦੀ ਸ਼ਮੂਲੀਅਤ ਬਹੁਤ ਘੱਟ ਸਕੂਲਾਂ 'ਚ ਕਰਵਾਈ ਜਾਂਦੀ ਹੈ। ਨਾਭਾ ਨੇੜੇ ਸ.ਹ.ਸ. ਥੂਹੀ ਵਿਚ ਹਰਿੰਦਰ ਸਿੰਘ ਗਰੇਵਾਲ ਨੈਸ਼ਨਲ ਐਵਾਰਡੀ ਅਧਿਆਪਕ ਨੇ ਬੱਚਿਆਂ ਦੇ ਖੇਡਣ ਲਈ ਜੋ ਕਦਮ ਚੁੱਕੇ ਹਨ, ਉਹ ਸਲਾਹੁਣਯੋਗ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਬੱਚਿਆਂ ਲਈ ਸਮਰਪਿਤ ਕੀਤਾ ਹੋਇਆ। ਉਨ੍ਹਾਂ ਦੇ ਬੱਚੇ ਸਟੇਟ, ਰਾਸ਼ਟਰੀ ਪੱਧਰ 'ਤੇ ਖੇਡ ਚੁੱਕੇ ਹਨ। ਇਸੇ ਕਰਕੇ ਸਿੱਖਿਆ ਵਿਭਾਗ ਲਈ ਸਲਾਹਕਾਰੀ ਕਮੇਟੀ ਦੇ ਉਨ੍ਹਾਂ ਨੂੰ ਮੈਂਬਰ ਬਣਾ ਕੇ ਹੋਰ ਜ਼ਿੰਮੇਵਾਰੀ ਦੇ ਕੇ ਮਾਣ ਬਖਸ਼ਿਆ ਹੈ। ਇਸੇ ਕਰਕੇ ਇਸ ਸਕੂਲ ਵਿਚ ਖਿਡਾਰੀ ਬੱਚੇ ਦਾਖਲਾ ਲੈਣ ਲਈ ਉਤਾਵਲੇ ਰਹਿੰਦੇ ਹਨ। ਇਸ ਤਰ੍ਹਾਂ ਹੋਰਾਂ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਅੱਗੇ ਆ ਕੇ ਬੱਚਿਆਂ ਨੂੰ ਖੇਡਾਂ ਪ੍ਰਤੀ ਰੁਚਿਤ ਕਰਨਾ ਚਾਹੀਦਾ ਹੈ, ਜਿਸ ਨਾਲ ਇਨ੍ਹਾਂ ਸਕੂਲਾਂ 'ਚੋਂ ਵੀ ਖਿਡਾਰੀ ਚੰਗਾ ਨਾਮ ਕਮਾ ਸਕਦੇ ਹਨ। ਇਸੇ ਥੂਹੀ ਸਕੂਲ 'ਚੋਂ ਪੜ੍ਹੀ ਵਿਦਿਆਰਥਣ ਹਰਜਿੰਦਰ ਕੌਰ ਨੇ ਵੇਟ ਲਿਫਟਿੰਗ 'ਚ 2022 ਦੀਆਂ ਕਾਮਨਵੈਲਥ ਗੇਮਜ਼ ਵਿਚ ਕਾਂਸੀ ਦਾ ਮੈਡਲ ਜਿੱਤ ਕੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਜੇਕਰ ਬੱਚਿਆਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੇ ਰੁਚੀ ਵਾਲੇ ਕੀਤੇ ਕੰਮਾਂ ਨੂੰ ਉਤਸ਼ਾਹਿਤ ਕੀਤਾ ਜਾਵੇ, ਤਾਂ ਉਹ ਵੱਡੇ ਹੋ ਕੇ ਹੋਰ ਵੀ ਵਧੀਆ ਕਾਰਗੁਜ਼ਾਰੀ ਜ਼ਰੂਰ ਦੇਣਗੇ ਅਤੇ ਸਫਲਤਾ ਪ੍ਰਾਪਤ ਕਰਨਗੇ ।

## ਬੋਹੜ ਵਾਲੀ ਛਾਂ ਨੀ ਲੱਭਣੀ

ਅੱਜ ਪੜ੍ਹੇ ਲਿਖੇ ਅਸੀਂ ਵਾਲੇ ਹਾਂ।
ਹੱਦੋਂ ਵੱਧ ਬਣਦੇ ਕਾਹਲੇ ਹਾਂ।
ਕਿਤੇ ਹਲਕੇ ਵਿਚ ਨਾ ਲੈ ਜਾਇਓ, ਟੌਹਰ ਵਾਲੀ ਕਿਤੇ ਗਰਾਂ ਨੀ ਲੱਭਣੀ....
ਨਿੰਮ, ਟਾਹਲੀਆਂ ਤੇ ਬੋਹੜ ਵਾਲੀ ਛਾਂ ਨੀਂ ਲੱਭਣੀ।
ਅੱਜ ਰੁੱਖਾਂ ਨੂੰ ਕੱਟੀ ਜਾਂਦੇ।
ਕੱਟ ਕੱਟ ਪੈਸੇ ਵੱਟੀ ਜਾਂਦੇ।
ਸੁੰਦਰ ਸੜਕਾਂ ਉੱਚੇ ਬੰਗਲੇ, ਸੈਰ ਕਰਨ ਥਾਂ ਨੀ ਲੱਭਣੀ....
ਨਿੰਮ, ਟਾਹਲੀਆਂ ਤੇ ਬੋਹੜ ਵਾਲੀ ਛਾਂ ਨੀਂ ਲੱਭਣੀ।
ਕਿਵੇਂ ਪਤਾ ਲੱਗੂ ਕੀ ਧਰੇਕ ਹੁੰਦੀ।
ਇਥੇ ਵਿਚ ਦਰਖਤਾਂ ਦੇ ਲੇਕ ਹੁੰਦੀ।
ਕੀ ਸਫੈਦੇ, ਪਿੱਪਲ, ਜਾਮਣ, ਕੀ ਬੇਰੀ ਇਹ ਨਾਂ ਲੱਭਣੀ....
ਨਿੰਮ, ਟਾਹਣੀਆਂ ਤੇ ਬੋਹੜ ਵਾਲੀ ਛਾਂ ਨੀਂ ਲੱਭਣੀ।
ਕੀ ਹੁੰਦੇ ਨੇ ਬੂਟੇ ਅੰਬਾਂ ਦੇ।
ਰੁੱਖ ਭਾਂਤ-ਭਾਂਤ ਦੇ ਰੰਗਾਂ ਦੇ।
ਨਾ ਤੁੱਕੇ ਕਿਕਰਾਂ ਦੇ ਖਾਂਦੇ, ਉੱਤੇ ਬੱਕਰੀਆਂ ਦੀ ਬਾਂ-ਬਾਂ ਨੀਂ ਲੱਭਣੀ...
ਨਿੰਮ, ਟਾਹਣੀਆਂ ਤੇ ਬੋਹੜ ਵਾਲੀ ਛਾਂ ਨੀਂ ਲੱਭਣੀ।
ਨਾ ਆੜੂ, ਅਮਰੂਦ, ਕੇਲੇ ਬਈ।
ਨਾ ਰੱਜ ਖਾਣੇ, ਦੇ-ਦੇ ਧੇਲੇ ਬਈ।
ਅਸੀਂ ਆਪਣੇ ਫੈਸ਼ਨ ਡੁੱਬੇ ਹਾਂ, ਕੁਦਰਤ ਦੀ ਅਪਣੱਤ ਤਾਂ ਨੀਂ ਲੱਭਣੀ....
ਨਿੰਮ, ਟਾਹਣੀਆਂ ਤੇ ਬੋਹੜ ਵਾਲੀ ਛਾਂ ਨੀਂ ਲੱਭਣੀ।
ਨਾ ਕਿਨੂੰ, ਸੰਤਰੇ ਦਾ ਸਵਾਦ ਜਿਹਾ।
ਰਸ ਲੱਭਣਾ ਨਹੀਂ ਕਮਾਦ ਜਿਹਾ।
ਕੀ ਹੁੰਦਾ ਚੀਕੂ ਬੱਚਿਆਂ ਨੂੰ, ਦੱਸਣ ਵਾਲੀ ਮਾਂ ਨੀ ਲੱਭਣੀ
ਨਿੰਮ, ਟਾਹਲੀਆਂ ਤੇ ਬੋਹੜ ਵਾਲੀ ਛਾਂ ਨੀ ਲੱਭਣੀ।
ਫਰਵਾਹੀ ਕੱਟੋ ਨਾ ਰੁੱਖਾਂ ਨੂੰ।
ਐਵੇਂ ਨਾ ਸਹੇੜੋ ਦੁੱਖਾਂ ਨੂੰ।
ਲਓ ਇੱਕ ਇੱਕ ਰੁੱਖ ਸਤਪਾਲ ਸਾਰੇ, ਗਰਮੀ ਹੁੰਮਸ ਵਾਲੀ ਨਾਮੋਂ ਨਿਸ਼ਾਂ ਨੀ ਲੱਭਣੀ....
ਨਿੰਮ, ਟਾਹਣੀਆਂ ਤੇ ਬੋਹੜ ਵਾਲੀ ਛਾਂ ਨੀਂ ਲੱਭਣੀ।

ਗਿਆਨੀ ਸਤਪਾਲ ਸਿੰਘ ਫਰਵਾਹੀ
98147-32793
ਪੰਜਾਬ ਮੇਲ USA

## ਸ਼ੱਕ

ਤਾਏ ਕਿਆਂ ਦਾ ਟੱਬਰ ਸਾਰਾ,
ਇੱਕ ਦਿਨ ਦਿੱਲੀ ਕੂਚ ਕਰ ਗਿਆ,
ਜਿੰਦਰੇ ਤਾਲੇ ਮਾਰ ਕੇ ਘਰ ਨੂੰ,
ਚਾਬੀਆਂ ਸਭ ਮੇਰੇ ਹੱਥ ਧਰ ਗਿਆ।

ਕਹਿੰਦੇ ਹੁਣ ਅਸੀਂ ਕਦੇ ਹੈ ਆਉਣਾ,
ਸੋ ਹੁਣ ਹੈ ਤੇਰੀ ਜ਼ਿੰਮੇਵਾਰੀ,
ਰੱਖੀਂ ਖਿਆਲ ਹੁਣ ਸਾਡੇ ਵੀ ਘਰ ਦਾ,
ਚੈੱਕ ਕਰਦਾ ਰਹੀਂ ਬੂਹਾ ਬਾਰੀ।

ਗਵਾਂਢੀ ਹੋਣ ਦਾ ਇਹੀ ਤਾਂ ਫਾਇਦਾ,
ਲੋੜ ਪੈਣ 'ਤੇ ਜੋ ਕੰਮ ਜਾਵੇ,
ਦੂਜੇ ਦੀ ਚੀਜ਼ ਨੂੰ ਆਪਣੀ ਸਮਝੇ,
ਖ਼ੈਰ ਖ਼ਵਾਹ ਬਣ ਕੇ ਦਿਖਲਾਵੇ।

ਕੁੱਛ ਮਹੀਨੇ ਬੀਤਣ ਪਿੱਛੋਂ,
ਮੈਨੂੰ ਇੱਕ ਦਿਨ ਖਿਆਲ ਜੋ ਆਇਆ,
ਸੋਚਿਆ ਤਾਲਾ ਖੋਲ੍ਹ ਮੈਂ ਦੇਖਾਂ,
ਨਿਭਾਵਾਂ ਫ਼ਰਜ਼ ਜੋ ਜ਼ਿੰਮੇ ਲਾਇਆ।

ਚਾਬੀ ਲਾ ਜਦ ਜਿੰਦਰਾ ਖੋਲ੍ਹਿਆ,
ਦਰਵਾਜ਼ੇ ਦੀਆਂ ਨਿਕਲੀਆਂ ਚੀਕਾਂ,
ਸ਼ਾਇਦ ਮਾਲਕਾਂ ਨੂੰ ਯਾਦ ਸੀ ਕਰਦਾ,
ਲੰਬੀਆਂ ਹੋ ਰਹੀਆਂ ਸੀ ਉਡੀਕਾਂ।

ਦੇਖਿਆ ਚੀਜ਼ਾਂ 'ਤੇ ਮਿੱਟੀ ਚੜ੍ਹ ਗਈ,
ਕੰਧਾਂ ਤੋਂ ਲਟਕ ਰਹੇ ਸੀ ਜਾਲੇ,
ਕਿਰਲੀਆਂ ਕੌਡ ਕਬੱਡੀ ਖੇਡਣ,
ਕੀੜੀਆਂ ਕਾਢੇ ਵਿਚ ਵਿਚਾਲੇ।

ਸਮਝ ਨਾ ਆਵੇ ਕੀ ਕਰਾਂ ਮੈਂ,
ਸ਼ੁਰੂ ਕਰ ਕਿਥੋਂ ਖਤਮ ਕਰਾਂ ਕਿੱਥੇ,
ਸਿਰ ਸੁੱਟ ਕੇ ਲੱਗ ਪਿਆ ਫੇਰ,
ਪਸੰਦ ਨਾ ਪਸੰਦ ਨੂੰ ਸੁੱਟ ਕੇ ਪਿੱਛੇ।

ਕੁੱਛ ਘੰਟਿਆਂ ਦੀ ਘੋਰ ਮੁਸ਼ੱਕਤ,
ਆਖਰ ਰੰਗ ਦਿਖਾਵਣ ਲੱਗੀ,
ਛੱਤਾਂ ਤੋਂ ਜਾਲੇ ਲਾਹੁਣ ਲਈ,
ਇੱਕ ਘੋੜੀ ਮੈਨੂੰ ਅੰਦਰੋਂ ਜਾ ਲੱਭੀ।

ਤੀਂਘੜ ਤਾਂਘੜ ਕੇ ਮੈਂ ਸਾਰਾ,
ਕੰਮ ਮੁਕਾ ਲਿਆ ਸੀ ਪੂਰਾ,
ਕਾਲੇ ਜਿਹੇ ਇੱਕ ਵੱਡੇ ਬੈਗ 'ਚ,
ਤੁੰਨ੍ਹ ਲਿਆ ਸੀ ਸਾਰਾ ਕੂੜਾ।

ਆਪਣੇ ਘਰ ਦੇ ਜਾਲੇ ਲਾਹੁਣ ਲਈ,
ਮੈਨੂੰ ਇਹ ਘੋੜੀ ਵਧੀਆ ਲੱਗੀ,
ਇਸ ਲਈ ਉਸ ਨੂੰ ਨਾਲ ਲਿਜਾਣ ਦੀ,
ਸਲਾਹ ਆਪਣੀ ਬਣਾ ਮੈਂ ਛੱਡੀ।

ਦੋਨੋਂ ਚੀਜ਼ਾਂ ਅੰਦਰੋਂ ਚੁੱਕ ਕੇ,
ਬਾਹਰ ਜਦੋਂ ਮੈਂ ਗਲੀ ਵਿਚ ਆਇਆ,
ਬਾਹਰਲੇ ਦਰਵਾਜ਼ੇ ਨੂੰ ਬਾਹਰੋਂ,
ਜਦੋਂ ਤਾਲਾ ਮੈਂ ਲਾਉਣਾ ਚਾਹਿਆ।

ਦੇਖਿਆ ਕਈ ਗਲੀ ਦੇ ਵਾਸੀ,
ਗਲੀ ਵਿਚ ਕੰਨ ਇੱਕ ਦੂਜੇ ਦੇ ਭਰਦੇ,
ਘੁਸਰ-ਮੁਸਰ ਜਿਹੀ ਹੋ ਰਹੀ ਸੀ,
ਕੋਝੇ ਜਿਹੇ ਇਸ਼ਾਰੇ ਸਨ ਕਰਦੇ।

ਸ਼ੱਕ ਦਾ ਮਹੌਲ ਸੀ ਡਾਢਾ ਗੂੜ੍ਹਾ,
ਮੇਰੇ ਵੱਲ ਸੀ ਉਂਗਲਾਂ ਸਾਰੀਆਂ,
ਸ਼ਾਇਦ ਉਹ ਸਮਝ ਰਹੇ ਸਨ ਸਾਰੇ,
ਮੈਂ ਕੁੱਛ ਚੀਜ਼ਾਂ ਚੋਰੀ ਮਾਰੀਆਂ।

ਈਮਾਨਦਾਰ ਮੇਰੇ ਹੁੰਦਿਆਂ ਹੋਇਆਂ,
ਸ਼ਰਮਿੰਦਗੀ ਦਾ ਅਹਿਸਾਸ ਮੈਨੂੰ ਲੱਗਾ,
ਤੁਰਦਿਆਂ ਮੇਰੇ ਪੈਰ ਹੋਏ ਭਾਰੇ,
ਸਾਹ ਫੁੱਲਿਆ ਮੂੰਹ ਹੋਇਆ ਬੱਗਾ।

ਘੋੜੀ ਮੇਰੀਆਂ ਲੱਤਾਂ ਵਿਚ ਫਸ ਗਈ,
ਵਾਹ ਸਿਆਮਤ ਮੈਂ ਕਸੂਤਾ ਫਸਿਆ,
ਮੂੰਹ ਦੇ ਭਾਰ ਬੱਸ ਡਿਗਦਾ ਡਿਗਦਾ,
ਮਸਾਂ ਮਸਾਂ ਹੀ ਮੈਂ ਸਾਂ ਬਚਿਆ।

ਸ਼ੁਕਰ ਸੀ ਐਸੀ ਹਾਲਤ ਦੇ ਵਿੱਚ,
ਨੀਂਦ ਮੇਰੀ ਨੇ ਮੈਨੂੰ ਛੱਡਿਆ,
ਖਲਜਗਣ ਸਾਰਾ ਅਲੋਪ ਹੋ ਗਿਆ,
ਸਾਹ ਵੀ ਸਾਂਵਾਂ ਆਵਣ ਲੱਗਿਆ।

ਕਦੇ ਨਾ ਆਵੇ ਐਸਾ ਸੁਪਨਾ,
ਨਾ ਹੀ ਕਦੀ ਬਣੇ ਇਹ ਹਾਲਤ,
ਸ਼ੱਕ ਦੇ ਐਸੇ ਮਹੌਲ ਦੇ ਅੰਦਰ,
ਆਵੇ ਨਾ ਮੇਰੀ ਐਸੀ ਸ਼ਾਮਤ।

ਹੇ ਰੱਬਾ ਕਿਤੇ ਸੱਚੀਂ ਮੇਰੇ ਤੋਂ,
ਐਸੀ ਚੋਰੀ ਨਾ ਕਰਵਾਈਂ,
ਮੇਰੇ ਜਿਹੇ ਉਪਕਾਰੀ ਬੰਦੇ ਨੂੰ,
ਬੇਦੋਸ਼ਾ ਨਾ ਐਵੇਂ ਮਰਵਾਈਂ।

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ.ਕੇ.
ਪੰਜਾਬ ਮੇਲ USA



# ਗੁੱਡੀ ਫੂਕਣਾ ਪੁਰਾਤਨ ਰਸਮ- ਗੁੱਡੀ ਮਰਗੀ ਜਾਣ ਕੇ, ਹਰਾ ਦੁਪੱਟਾ ਤਾਣ ਕੇ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsinghh48@yahoo.com
ਪੰਜਾਬ ਮੇਲ USA



ਵਿਗਿਆਨ ਦੇ ਯੁਗ ਵਿਚ ਅੱਜਕੱਲ੍ਹ ਕੋਈ ਵੀ ਚਮਕਤਕਾਰ ਵਾਲੀਆਂ ਨਿਰਆਧਾਰ ਗੱਲਾਂ ਨੂੰ ਮੰਨਣ ਲਈ ਤਿਆਰ ਨਹੀਂ ਪ੍ਰੰਤੂ ਬਹੁਤ ਸਾਰੀਆਂ ਪ੍ਰੰਪਰਾਵਾਂ ਅਜਿਹੀਆਂ ਪ੍ਰਚਲਿਤ ਹਨ, ਜਿਹੜੀਆਂ ਵਿਗਿਆਨਕ ਤੱਥਾਂ ’ਤੇ ਆਧਾਰਿਤ ਨਹੀਂ ਹਨ। ਸਾਡਾ ਸਮਾਜ ਉਨ੍ਹਾਂ ਪ੍ਰੰਪਰਾਵਾਂ ’ਤੇ ਪਹਿਰਾ ਵੀ ਦੇ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣੇ ਸੱਭਿਆਚਾਰ ਦਾ ਹਿੱਸਾ ਵੀ ਮੰਨ ਰਿਹਾ ਹੈ। ਪਿਛਲੇ ਸਾਲ ਪੰਜਾਬ ਦੇ ਕਈ ਇਲਾਕਿਆਂ ਵਿਚ ਹੜ੍ਹ ਆਏ ਸਨ ਪ੍ਰੰਤੂ ਇਸ ਸਾਲ ਸੋਕੇ ਵਰਗੀ ਸਥਿਤੀ ਬਣੀ ਹੋਈ ਹੈ। ਬਾਰਸ਼ਾਂ ਬਹੁਤ ਘੱਟ ਪਈਆਂ ਹਨ। ਕਿਸਾਨ ਜੀਰੀ ਲਾਈ ਬੈਠੇ ਹਨ ਪ੍ਰੰਤੂ ਬਾਰਸ਼ਾਂ ਨਾ ਪੈਣ ਕਰਕੇ ਗਰਮੀ ਦਾ ਕਹਿਰ ਲਗਾਤਾਰ ਜਾਰੀ ਹੈ। ਪੁਰਾਣੇ ਜ਼ਮਾਨੇ ਵਿਚ ਜਦੋਂ ਹਾੜ/ਸਾਉਣ ਦੇ ਮਹੀਨਾ ਬਾਰਸ਼ਾਂ ਨਹੀਂ ਪੈਂਦੀਆਂ ਸਨ, ਤਾਂ ਪਿੰਡਾਂ ਦੇ ਲੋਕ ਮੀਂਹ ਪਵਾਉਣ ਲਈ ‘ਗੁੱਡੀ ਫੂਕਣ’ ਦੀ ਰਸਮ ਅਦਾ ਕਰਦੇ ਸਨ। ਇਹ ਇੱਕ ਛੋਟੀ ਜਿਹੀ ਰਸਮ ਹੁੰਦੀ ਸੀ। ਉਸ ਸਮੇਂ ਫ਼ਸਲਾਂ ਨੂੰ ਪਾਣੀ ਦੇਣ ਦੇ ਖੂਹਾਂ ਅਤੇ ਨਹਿਰੀ ਪਾਣੀ ਤੋਂ ਬਿਨਾ ਬਹੁਤੇ ਸਾਧਨ ਨਹੀਂ ਹੁੰਦੇ ਸਨ। ਟਿਊਬਵੈਲ ਅਜੇ ਪ੍ਰਚਲਤ ਨਹੀਂ ਹੋਏ ਸਨ। ਖੂਹ ਅਤੇ ਨਹਿਰੀ ਪਾਣੀ ਵੀ ਥੋੜ੍ਹੀਆਂ ਨਿਆਈਂ ਜ਼ਮੀਨਾਂ ਲਈ ਉਪਲਭਧ ਹੁੰਦੇ ਸਨ। ਪਿੰਡਾਂ ਦੀਆਂ ਫਿਰਨੀਆਂ ਦੇ ਨੇੜੇ ਜਿਹੜੀਆਂ ਜ਼ਮੀਨਾਂ ਹੁੰਦੀਆਂ ਸਨ, ਉਨ੍ਹਾਂ ਨੂੰ ਨਿਆਈਂ ਕਿਹਾ ਜਾਂਦਾ ਸੀ। ਰੇਤਲੀਆਂ ਜ਼ਮੀਨਾਂ ਤਾਂ ਬਿਲਕੁਲ ਹੀ ਮੀਂਹਾਂ ’ਤੇ ਹੀ ਨਿਰਭਰ ਹੁੰਦੀਆਂ ਸਨ। ਸਮੁੱਚੀਆਂ ਫ਼ਸਲਾਂ ਬਾਰਸ਼ਾਂ ’ਤੇ ਹੀ ਬਹੁਤੀਆਂ ਨਿਰਭਰ ਹੁੰਦੀਆਂ ਸਨ। ਫ਼ਸਲਾਂ ਦੇ ਨੁਕਸਾਨ ਹੋਣ ਕਰਕੇ ਕੁਝ ਇਲਾਕਿਆਂ ਵਿਚ ਭੁੱਖਮਰੀ ਦੇ ਹਾਲਾਤ ਵੀ ਬਣ ਜਾਂਦੇ ਸਨ। ਵਿਗਿਆਨਕ ਜਾਣਕਾਰੀ ਦੀ ਘਾਟ ਕਰਕੇ ਲੋਕ ਵਹਿਮਾਂ-ਭਰਮਾਂ ਵਿਚ ਪਏ ਰਹਿੰਦੇ ਸਨ। ਗੁੱਡੀ ਫੂਕਣਾ ਵੀ ਵਹਿਮਾਂ-ਭਰਮਾਂ ਦੀ ਲੜੀ ਦਾ ਇਕ ਹਿੱਸਾ ਹੈ। ਕਈ ਵਾਰ ਗੁੱਡੀ ਫੂਕਣ ਤੋਂ ਬਾਅਦ ਮੀਂਹ ਪੈ ਜਾਂਦਾ ਸੀ, ਮੀਂਹ ਭਾਵੇਂ ਵਿਗਿਆਨਕ ਕਾਰਨਾਂ ਕਰਕੇ ਹੀ ਪੈਂਦਾ ਸੀ ਪ੍ਰੰਤੂ ਲੋਕਾਂ ਵਿਚ ਇਹ ਪ੍ਰਭਾਵ ਚਲਿਆ ਜਾਂਦਾ ਸੀ ਕਿ ਗੁੱਡੀ ਫੂਕਣ ਨਾਲ ਮੀਂਹ ਪਿਆ ਹੈ। ਇੱਕ ਕਿਸਮ ਨਾਲ ਗੁੱਡੀ ਫੂਕਣਾ ਦਿਹਾਤੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣ ਚੁੱਕਾ ਸੀ। ਸੋਕਾ ਪੈਣ ਕਰਕੇ ਜਿੱਥੇ ਫ਼ਸਲਾਂ ਦਾ ਨੁਕਸਾਨ ਹੁੰਦਾ ਸੀ, ਉਥੇ ਪਾਣੀ ਦੀ ਘਾਟ ਕਰਕੇ ਜੀਵ ਜੰਤੂ ਅਤੇ ਪੰਛੀ ਮਰ ਜਾਂਦੇ ਸਨ। ਬੱਚਿਆਂ ਨੂੰ ਆਪਣੀਆਂ ਖੇਡਾਂ ਖੇਡਣੀਆਂ ਗਰਮੀ ਕਰਕੇ ਬੰਦ ਕਰਨੀਆਂ ਪੈਂਦੀਆਂ ਸਨ। ਪਿੰਡਾਂ ਦੇ ਲੋਕ ਅਜਿਹੀਆਂ ਗੱਲਾਂ ਨੂੰ ਦੇਵਤਾ/ਪ੍ਰਮਾਤਮਾ ਦਾ ਸਰਾਪ ਕਹਿੰਦੇ ਸਨ। ਇਸ ਲਈ ਦੇਵਤਾ/ਪ੍ਰਮਾਤਮਾ ਨੂੰ ਖ਼ੁਸ਼ ਕਰਨ ਲਈ ਗੁੱਡੀ ਫੂਕੀ ਜਾਂਦੀ ਸੀ। ਇਹ ਵੀ ਸਮਝਿਆ ਜਾਂਦਾ ਸੀ ਕਿ ਪ੍ਰਮਾਤਮਾ ਬੱਚਿਆਂ, ਜੀਵ ਜੰਤੂਆਂ ਅਤੇ ਪੰਛੀਆਂ ’ਤੇ ਤਰਸ ਖਾ ਕੇ ਮੀਂਹ ਪਾ ਦੇਵੇਗਾ। ਗੁੱਡੀ ਫੂਕਣ ਦੀ ਰਸਮ ਸਾਰਾ ਪਿੰਡ ਰਲਕੇ ਕਰਦਾ ਸੀ। ਇਸ ਮੰਤਵ ਲਈ ਪਿੰਡ ਵਿਚੋਂ ਗੁੜ, ਆਟਾ ਅਤੇ ਚੌਲ ਇਕੱਠੇ ਕੀਤੇ ਜਾਂਦੇ ਸਨ। ਫਿਰ ਪਿੰਡ ਦੀਆਂ ਤ੍ਰੀਮਤਾਂ ਮਿੱਠੀਆਂ ਰੋਟੀਆਂ, ਚੌਲ ਅਤੇ ਗੁਲਗੁਲੇ ਬਣਾਉਂਦੀਆਂ ਸਨ। ਪਿੰਡ ਦੀਆਂ ਇਸਤਰੀਆਂ ਕੱਪੜਿਆਂ ਦੀ 2 ਕੁ ਫੁੱਟ ਦੀ ਗੁੱਡੀ ਬਣਾਉਂਦੀਆਂ ਸਨ। ਬਾਕਾਇਦਾ ਇਸ ਗੁੱਡੀ ਨੂੰ ਰੰਗ-ਬਰੰਗੇ ਖਾਸ ਕਰਕੇ ਲਾਲ ਰੰਗ ਦੇ ਕੱਪੜਿਆਂ ਨਾਲ ਸਜਾਇਆ ਜਾਂਦਾ ਸੀ। ਇੱਕ ਛੋਟੀ ਜਿਹੀ ਸੋਟੀਆਂ ਦੀ ਅਰਥੀ ਬਣਾਈ ਜਾਂਦੀ ਸੀ। ਅਰਥੀ ’ਤੇ ਗੁੱਡੀ ਨੂੰ ਪਾਇਆ ਜਾਂਦਾ ਸੀ। ਅਰਥੀ ਨੂੰ ਵੀ ਪੂਰਾ ਬੁਲਬਲਿਆਂ ਨਾਲ ਸਜਾਇਆ ਜਾਂਦਾ ਸੀ। ਅੱਜਕੱਲ੍ਹ ਬੁਲਬਲਿਆਂ ਨੂੰ ਗਵਾਰੇ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਚਾਰ ਛੋਟੇ ਲੜਕੇ ਅਰਥੀ ਨੂੰ ਚੁੱਕ ਕੇ ਪਿੰਡ ਤੋਂ ਬਾਹਰ ਕਿਸੇ ਸਾਂਝੀ ਥਾਂ ’ਤੇ ਲਿਜਾਂਦੇ ਹਨ। ਸਾਰਾ ਪਿੰਡ ਅਰਥੀ ਦੇ ਨਾਲ ਅਫਸੋਸਨਾਕ ਮੁਦਰਾ ਵਿਚ ਮਜਲ ਦੇ ਮਗਰ ਤੁਰਦਾ ਸੀ। ਇਸਤਰੀਆਂ ਜਿਵੇਂ ਕਿਸੇ ਇਨਸਾਨ ਦੇ ਮਰਨ ’ਤੇ ਵੈਣ ਤੇ ਕੀਰਨੇ ਪਾਉਂਦੀਆਂ ਹੁੰਦੀਆਂ ਸਨ, ਬਿਲਕੁਲ ਉਸੇ ਤਰ੍ਹਾਂ ਵੈਣ ਤੇ ਕੀਰਨੇ ਪਾਉਂਦੀਆਂ ਸਨ। ਦੁਹੱਥੜ ਵੀ ਪੁੱਟਦੀਆਂ ਸਨ। ਵੈਣਾਂ ਅਤੇ ਕੀਰਨਿਆਂ ਦੀ ਵੰਨਗੀ ਇਸ ਪ੍ਰਕਾਰ ਹੈ:

ਗੁੱਡੀ ਮਰਗੀ ਅੱਜ ਕੁੜੇ, ਸਿਰਹਾਣੇ ਧਰਗੀ ਛੱਜ ਕੁੜੇ।

ਗੁੱਡੀ ਮਰਗੀ ਜਾਣ ਕੇ, ਹਰਾ ਦੁਪੱਟਾ ਤਾਣ ਕੇ।

ਜੇ ਗੁੱਡੀਏ ਤੂੰ ਮਰਨਾ ਸੀ, ਆਟਾ ਛਾਣ ਕੇ ਕਿਉਂ ਧਰਨਾ ਸੀ।

ਹਾਏ ਹਾਏ ਨੀ ਮੇਰੀਏ ਬਾਗਾਂ ਦੀਏ ਕੋਇਲੇ, ਨੀ ਤੂੰ ਕੁਝ ਵੀ ਉਮਰ ਨਾ ਪਾਈ ਨੀ।

ਨੀ ਕਿਥੇ ਉਡ ਗਈ ਮਾਰ ਉਡਾਰੀ ਨੀ, ਮੇਰੇ ਬਾਗਾਂ ਦੀਏ ਕੋਇਲੇ।

ਅੱਡੀਆਂ ਗੋਡੇ ਘੁਮਾਮਾਂਗੇ ਮੀਂਹ ਪਏ ’ਤੇ ਜਾਵਾਂਗੇ।

ਪੰਜਾਬ ਦੇ ਪਿੰਡਾਂ ਵਿਚ ਜਦੋਂ ਕੁੜੀਆਂ ਗੁੱਡੀ ਫੂਕਣ ਜਾਂਦੀਆਂ ਸਨ, ਤਾਂ ਇੱਕ ਕੁੜੀ ਦਾ ਸਾਂਗ ਬਣਾਇਆ ਜਾਂਦਾ ਸੀ, ਜਿਸ ਨੂੰ ‘ਢੋਡਾ’ ਕਿਹਾ ਜਾਂਦਾ ਹੈ। ਸਸਕਾਰ ਕਰਨ ਸਮੇਂ ਇੱਕ ਕੁੱਜਾ ਭੰਨਿਆਂ ਜਾਂਦਾ ਹੈ। ਡੱਕੇ ਤੋੜ ਕੇ ਵੀ ਸਿਵੇ ਉਪਰ ਸੜ ਰਹੀ ਗੁੱਡੀ ’ਤੇ ਸੁੱਟੇ ਜਾਂਦੇ ਹਨ। ਸਸਕਾਰ ਭਾਵ ਗੁੱਡੀ ਫੂਕਣ ਤੋਂ ਬਾਅਦ ਮਿੱਠੀਆਂ ਰੋਟੀਆਂ ਤੇ ਗੁਲਗੁਲੇ ਸਾਰਿਆਂ ਵਿਚ ਵੰਡੇ ਜਾਂਦੇ ਹਨ। ਵਿਗਿਆਨਕ ਯੁੱਗ ਕਰਕੇ ਅੱਜਕੱਲ੍ਹ ਇਹ ਰਸਮ ਖ਼ਤਮ ਹੋਣ ਦੇ ਕਿਨਾਰੇ ’ਤੇ ਹੈ। ਫਿਰ ਵੀ ਪਿਛਲੇ ਕੁਝ ਦਿਨ ਪਹਿਲਾਂ ਪੰਜਾਬ ਵਿਚ ਮੀਂਹ ਨਾ ਪੈਣ ਕਰਕੇ ਮੁਕਤਸਰ ਜ਼ਿਲ੍ਹੇ ਵਿਚ ਗੁੱਡੀ ਫੂਕਣ ਦੀਆਂ ਖ਼ਬਰਾਂ ਆਈਆਂ ਸਨ। ਪੰਜਾਬ ਅਤੇ ਹਰਿਆਣਾ ਵਿਚ ਅਜੇ ਵੀ ਇਹ ਪ੍ਰੰਪਰਾ ਜਾਰੀ ਹੈ।





ਤਸਵੀਰਾਂ ਗੁੱਡੀ ਫੂਕਣ ਦੀਆਂ।

# ਹੈਪੇਟਾਈਟਸ ਰੋਗੀਆਂ ਦਾ ਵੱਧਿਆ ਅੰਕੜਾ

**"ਉਡੀਕ ਨਾ ਕਰੋ - ਐਕਸ਼ਨ ਲਵੋ" ਆਪਣੀ 'ਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਹੈਪੇਟਾਈਟਸ ਦਾ ਟੈਸਟ ਕਰਾਓ। ਹਰ ਸਾਲ 1.3 ਮਿਲੀਅਨ ਲੋਕ ਹੈਪੇਟਾਈਟਸ ਕਾਰਨ ਆਪਣੀ ਜਾਨ ਗੁਆ ਦਿੰਦੇ ਹਨ। ਵਿਸ਼ਵ ਸਿਹਤ ਸੰਸਥਾ ਮੁਤਾਬਿਕ ਮੌਤਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ, ਜੋ ਵਿਸ਼ਵ ਭਰ ਲਈ ਚਿੰਤਾ ਦਾ ਕਾਰਨ ਬਣੀ ਹੋਈ ਹੈ। ਅੱਜ ਵਾਇਰਲ ਹੈਪੇਟਾਈਟਸ ਦੇ ਖਾਤਮੇ ਦੇ ਯਤਨਾਂ ਨੂੰ ਤੇਜ਼ ਕਰਨ ਲਈ ਇੱਕ ਕਾਲ ਹੈ ਅਤੇ ਰੋਗੀਆਂ ਦੀ ਜਾਂਚ 'ਤੇ ਇਲਾਜ ਦੀ ਤੁਰੰਤ ਲੋੜ ਹੈ" - ਅਨਿਲ ਧੀਰ**

ਵਿਸ਼ਵ ਹੈਪੇਟਾਈਟਸ ਦਿਵਸ 2024 ਦਾ ਥੀਮ ਹੈ- "ਐਕਸ਼ਨ ਲਵੋ" ਦੁਨੀਆਂ ਭਰ ਵਿਚ 28 ਜੁਲਾਈ, 2024 ਨੂੰ ਵਿਸ਼ਵ ਹੈਪੇਟਾਈਟਸ ਦਿਵਸ ਵਾਇਰਲ ਹੈਪੇਟਾਈਟਸ ਪ੍ਰਤੀ ਲੋਕਾਂ ਨੂੰ ਹਰ ਪੱਧਰ 'ਤੇ


ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)




ਜਾਗਰੂਕ ਕਰਕੇ ਮਨਾਇਆ ਗਿਆ। ਜਿਗਰ ਦੀ ਸੋਜ਼ਿਸ਼, ਜੋ ਕਿ ਜਿਗਰ ਦੀ ਗੰਭੀਰ ਬਿਮਾਰੀ ਅਤੇ ਹੈਪੇਟੋਸੈਲੂਲਰ ਕੈਂਸਰ ਦਾ ਕਾਰਨ ਬਣਦਾ ਹੈ। ਇਸ ਸਾਲ ਦਾ ਥੀਮ ਹੈ "ਹੈਪੇਟਾਈਟਸ ਇੰਤਜ਼ਾਰ ਨਹੀਂ ਕਰ ਸਕਦਾ", ਜੋ ਕਿ 2030 ਤੱਕ ਹੈਪੇਟਾਈਟਸ ਨੂੰ ਜਨਤਕ ਸਿਹਤ ਲਈ ਖਤਰੇ ਵਜੋਂ ਖਤਮ ਕਰਨ ਲਈ ਲੋੜ ਮੁਤਾਬਿਕ ਯਤਨ ਕਰਨਾ ਹੈ। ਹਰ 30 ਸਕਿੰਟਾਂ ਵਿਚ 1 ਆਦਮੀ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ।

ਵਿਸ਼ਵ ਸਿਹਤ ਸੰਸਥਾ ਮੁਤਾਬਿਕ ਹਰ ਸਾਲ ਕਰੀਬਨ 1,200,000 ਲੋਕ ਹੈਪੇਟਾਈਟਸ ਬੀ ਅਤੇ ਸੀ ਦੀ ਇਨਫੈਕਸ਼ਨ ਕਾਰਨ ਮੌਤ, ਲਗਭਗ 9,500,000 ਲੋਕ ਗੰਭੀਰ ਹੈਪੇਟਾਈਟਸ ਸੀ ਦੀ ਇਨਫੈਕਸ਼ਨ ਦਾ ਇਲਾਜ ਕਰਵਾ ਰਹੇ ਹਨ। 10% ਹੈਪੇਟਾਈਟਸ ਬੀ ਵਾਇਰਸ ਦੀ ਗੰਭੀਰ ਇਨਫੈਕਸ਼ਨ ਵਾਲੇ ਲੋਕ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚੋਂ 22% ਇਲਾਜ ਕਰਵਾਉਂਦੇ ਹਨ। ਵਿਸ਼ਵ ਪੱਧਰ 'ਤੇ ਕਰੀਬਨ 42% ਬੱਚਿਆਂ ਨੂੰ ਹੈਪੇਟਾਈਟਸ ਬੀ ਦਾ ਵੈਕਸੀਨ ਮਿਲਦਾ ਹੈ।

ਹੈਪੇਟਾਈਟਸ ਏ, ਬੀ, ਸੀ, ਡੀ, ਈ ਮੁੱਖ ਸਟ੍ਰੇਨ ਅਤੇ ਹੈਪੇਟਾਈਟਸ ਬੀ, ਸੀ ਦੇ ਨਤੀਜੇ ਵਜੋਂ ਕਰੀਬਨ 3.3 ਮਿਲੀਅਨ ਨਵੀਂ ਇਨਫੈਕਸ਼ਨ ਅਤੇ 1.1 ਮਿਲੀਅਨ ਮੌਤ ਦੇ ਸ਼ਿਕਾਰ ਹੋ ਜਾਂਦੇ ਹਨ। ਹੈਪੇਟਾਈਟਸ ਏ ਇਕ ਟੀਕਾ-ਰੋਕਥਾਮ ਯੋਗ ਜਿਗਰ ਦੀ ਇਨਫੈਕਸ਼ਨ ਐੱਚ.ਏ.ਵੀ. ਵਾਇਰਸ ਰਾਹੀਂ ਹੁੰਦੀ ਹੈ। ਇੱਕ ਤੋਂ ਦੂਜੇ ਤੱਕ ਫੈਲਣ ਵਾਲੀ ਹੈਪੇਟਾਈਟਸ ਏ ਦਾ ਵਾਇਰਸ ਪੀੜਤਾਂ ਦੇ ਖ਼ੂਨ ਤੇ ਮੱਲ ਵਿਚ ਮੌਜੂਦ ਰਹਿੰਦਾ ਹੈ। ਕਿਸੇ ਵੀ ਪੀੜਤ ਦੇ ਨੇੜਲੇ ਸੰਪਰਕ, ਦੂਸ਼ਿਤ ਭੋਜਨ ਅਤੇ ਪਾਣੀ ਦੁਆਰਾ ਤੰਦਰੁਸਤ ਸਰੀਰ ਅੰਦਰ ਥਕਾਵਟ, ਉਲਟੀ, ਪੇਟ ਦਰਦ ਅਤੇ ਪੀਲੀਆ ਵਗੈਰਾ ਲੱਛਣ 2 ਮਹੀਨੇ ਤੱਕ ਰਹਿ ਸਕਦੇ ਹਨ।


ਹੈਪੇਟਾਈਟਸ ਬੀ ਵਾਇਰਸ ਸੰਕਰਮਿਤ ਵਿਅਕਤੀ ਦੁਆਰਾ ਖ਼ੂਨ, ਸੈਕਸ ਸੰਪਰਕ, ਸੂਈਆਂ, ਸਰਿੰਜਾਂ, ਨਸ਼ਾ-ਇੰਜੈਕਸ਼ਨ ਉਪਕਰਣਾਂ ਨੂੰ ਸਾਂਝਾ ਕਰਨਾ, ਜਨਮ ਤੋਂ ਬਾਅਦ ਮਾਂ ਤੋਂ ਬੱਚੇ ਤੱਕ ਐੱਚ.ਬੀ.ਵੀ. ਦੇ ਲੱਛਣ ਹਰ ਆਦਮੀ ਵਿਚ ਦੇਖਣ ਨੂੰ ਨਹੀਂ ਮਿਲਦੇ। ਲਗਾਤਾਰ ਥਕਾਵਟ, ਭੁੱਖ ਘੱਟ ਲਗਣਾ, ਪੀਲੀਆ, ਘਬਰਾਹਟ, ਉਲਟੀ ਅਤੇ ਪੇਟ ਦਰਦ ਦੇ ਲੱਛਣ ਸਾਹਮਣੇ ਆਉਂਦੇ ਹਨ। ਹੈਪੇਟਾਈਟਸ ਬੀ ਦੀ ਗੰਭੀਰ ਇਨਫੈਕਸ਼ਨ ਲੰਬੇ ਸਮੇਂ ਤੱਕ ਰਹਿਣ ਤੋਂ ਬਾਅਦ ਜਿਗਰ ਦੇ ਕੈਂਸਰ ਦਾ ਕਾਰਨ ਵੀ ਬਣ ਸਕਦੀ ਹੈ। ਹੈਪੇਟਾਈਟਸ ਬੀ ਵਾਲੇ ਕਰੀਬਨ 90% ਬੱਚਿਆਂ ਅੰਦਰ ਗੰਭੀਰ ਇਨਫੈਕਸ਼ਨ ਦਾ ਵਿਕਾਸ ਜਾਰੀ ਰਹਿੰਦਾ ਹੈ।


ਹੈਪੇਟਾਈਟਸ ਸੀ ਜਿਗਰ ਦੀ ਇਨਫੈਕਸ਼ਨ ਹੈ, ਜੋ ਐੱਚ.ਸੀ.ਵੀ. ਵਾਇਰਸ ਦੁਆਰਾ ਪੀੜਤ ਦੇ ਖ਼ੂਨ ਦੇ ਸੰਪਰਕ ਰਾਹੀਂ ਫੈਲਦੀ ਹੈ। ਡਰਗਜ਼-ਨਸ਼ੇ ਇੰਜੈਕਸ਼ਨ, ਸੂਈਆਂ ਸਾਂਝਾ ਕਰਨ ਨਾਲ ਇਹ ਇਨਫੈਕਸ਼ਨ ਹੋ ਜਾਂਦੀ ਹੈ। ਕੁੱਝ ਲੋਕਾਂ ਵਿਚ ਘੱਟ ਸਮੇਂ ਤੱਕ ਅਤੇ ਲੰਬੇ ਸਮੇਂ ਤੱਕ ਰਹਿਣ ਨਾਲ ਗੰਭੀਰ ਹਾਲਤ ਹੋ ਜਾਂਦੀ ਹੈ। ਗੰਭੀਰ ਹੈਪੇਟਾਈਟਸ ਸੀ ਦੀ ਹਾਲਤ ਵਿਚ ਰੋਗੀ ਕੋਈ ਲੱਛਣ ਮਹਿਸੂਸ ਨਹੀਂ ਕਰਦੇ। ਇਨਫੈਕਟਿਡ ਲੋਕ ਬਿਮਾਰੀ ਦਾ ਵਿਕਾਸ ਤੇਜ਼ੀ ਨਾਲ ਕਰਦੇ ਹਨ।


## ਬਚਾਅ ਵਿਚ ਹੀ ਬਚਾਅ :

- 1-2 ਸਾਲ ਦੇ ਬੱਚਿਆਂ ਨੂੰ ਟੀਕਾ ਦਿੱਤਾ ਜਾਂਦਾ ਹੈ। ਜਿਨ੍ਹਾਂ ਬੱਚਿਆਂ ਨੂੰ 2-18 ਸਾਲ ਦੀ ਉਮਰ ਤੱਕ ਟੀਕਾ ਨਹੀਂ ਮਿਲਿਆ, ਉਸ ਨੂੰ ਕੈਚ ਅੱਪ ਟੀਕਾਕਰਨ ਕਿਹਾ ਜਾਂਦਾ ਹੈ।
- ਹੈਪੇਟਾਈਟਸ ਏ ਦਾ ਲੱਛਣਾਂ ਦੇ ਮੁਤਾਬਿਕ ਇਲਾਜ ਹੈਲਪ ਕਰ ਸਕਦਾ ਹੈ। ਹੈਪੇਟਾਈਟਸ ਬੀ ਲਈ ਕੋਈ ਦਵਾਈ ਨਹੀਂ ਹੈ। ਜਿਗਰ ਦੀ ਬਿਮਾਰੀ ਵੱਧਣ ਦੀ ਹਾਲਤ ਵਿਚ ਨਿਗਰਾਨੀ ਦੀ ਜ਼ਿਆਦਾ ਲੋੜ ਹੋ ਜਾਂਦੀ ਹੈ। ਐਂਟੀਵਾਇਰਲ ਦਵਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪੁਰਾਣੀ ਹੈਪੇਟਾਈਟਸ ਸੀ ਦੇ ਲਈ ਦਵਾਈਆਂ ਮੌਜੂਦ ਹਨ। ਮੌਜੂਦਾ ਇਲਾਜ ਵਿਚ 8-12 ਹਫਤਿਆਂ ਲਈ ਓਰਲ ਥੇਰੈਪੀ ਦਿੱਤੀ ਜਾਂਦੀ ਹੈ, ਜਿਸਦਾ ਕਰੀਬਨ 90% ਲੋਕਾਂ ਵਿਚ ਮਾੜਾ ਅਸਰ ਵੀ ਦੇਖਿਆ ਜਾਂਦਾ ਹੈ।
- ਹੈਪੇਟਾਈਟਸ ਏ ਲਈ ਟੈਸਟ ਕਰਨ ਦੀ ਨਿਯਮਤ ਤੌਰ 'ਤੇ ਸਿਫਾਰਸ਼ ਨਹੀਂ ਕੀਤੀ ਜਾਂਦੀ। ਹੈਪੇਟਾਈਟਸ ਬੀ ਵਿਚ ਗਰਭਵਤੀ ਔਰਤਾਂ, ਐੱਚ.ਬੀ.ਵੀ.-ਪੀੜਤ ਮਾਵਾਂ ਨੂੰ ਪੈਦਾ ਹੋਏ ਬੱਚਿਆਂ ਦੇ ਲਗਾਤਾਰ ਟੈਸਟ ਕੀਤੇ ਜਾਂਦੇ ਹਨ।
- ਸੀ.ਡੀ.ਸੀ. ਅਮਰੀਕਾ ਨੇ ਇਨਜੈਕਸ਼ਨ ਦੁਆਰਾ ਨਸ਼ਾ ਲੈਣ ਦੌਰਾਣ ਇਸਤੇਮਾਲ ਸੂਈਆਂ, ਸਰਿੰਜਾਂ, ਸਾਂਝੀਆਂ ਕਰਨ ਵਾਲੇ ਅਤੇ ਹੈਪੇਟਾਈਟਸ ਸੀ ਵਾਲੇ ਲੋਕਾਂ ਦੀ ਜਾਂਚ ਕਰਨ ਜ਼ਰੂਰੀ ਹੋ ਜਾਂਦੀ ਹੈ। ਅੰਗ ਦਾਨ ਤੋਂ ਬਾਅਦ ਟਰਾਂਸਪਲਾਂਟ ਅੰਗ ਵਾਲੇ ਲੋਕਾਂ ਦੀ ਅਤੇ ਐੱਚ.ਸੀ.ਵੀ. ਇਨਫੈਕਟਿਡ ਮਾਂ ਦੇ ਬੱਚਿਆਂ ਦੀ ਜਾਂਚ ਕੀਤੀ ਜਾਂਦੀ ਹੈ।

**ਨੋਟ :** ਕਿਸੇ ਵੀ ਸ਼ੱਕ ਜਾਂ ਪੀਲੀ ਚਮੜੀ ਜਾਂ ਅੱਖਾਂ, ਪਿਸ਼ਾਬ-ਮਲ ਦਾ ਪੀਲਾ ਰੰਗ, ਭੁੱਖ 'ਚ ਕਮੀ, ਪੇਟ ਦਾ ਦਰਦ, ਬੁਖਾਰ, ਦਸਤ ਆਉਣੇ, ਸਰੀਰ ਤੇ ਮਨ ਥੱਕਿਆ ਰਹਿਣਾ ਅਤੇ ਜੋੜਾਂ ਅੰਦਰ ਦਰਦ ਰਹਿਣ ਦੀ ਹਾਲਤ ਵਿਚ ਫੈਮਿਲੀ ਡਾਕਟਰ ਦੀ ਸਲਾਹ ਨਾਲ ਆਪਣੇ ਖ਼ੂਨ ਦੀ ਜਾਂਚ ਕਰਾਓ। ਗਰਭਵਤੀ ਔਰਤਾਂ ਅਤੇ ਬੱਚਿਆਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਆਪਣੇ ਸਾਥੀ ਨਾਲ ਇਮਾਨਦਾਰੀ ਵਰਤੋ। ਬਾਹਰੀ ਯੌਨ-ਸੰਪਰਕ ਤੋਂ ਹਮੇਸ਼ਾ ਬਚੋ। ਕੰਡੋਮ ਆਮ ਇਨਫੈਕਸ਼ਨ ਤੋਂ ਬਚਾ ਸਕਦਾ ਹੈ। ਹੈਪੇਟਾਈਟਸ ਸੀ ਦਾ ਕੋਈ ਟੀਕਾ ਨਹੀਂ ਹੈ। ਬਿਮਾਰੀ ਪੈਦਾ ਕਰਨ ਵਾਲੇ ਕਾਰਨਾਂ ਤੋਂ ਦੂਰ ਰਹਿ ਕੇ ਅਤੇ ਪਰਹੇਜ਼ ਕਰਕੇ ਹੀ ਆਪਣੇ-ਆਪ ਤੇ ਸਾਹਮਣੇ ਵਾਲੇ ਨੂੰ ਬਚਾਇਆ ਜਾ ਸਕਦਾ ਹੈ।



## ਬੂਟੇ ਦੀ ਦੇਣ

ਜਨਮ ਵੇਲੇ ਹਾਜ਼ਿਰ ਹੋਇਆ ਬੂਟਾ
ਰਿੜਨ ਲਈ ਗਡੀਰਾ ਬਣਿਆ ਬੂਟਾ

ਸੌਣ ਲਈ ਪੰਘੂੜਾ ਬਣਿਆ ਬੂਟਾ
ਨਿੱਜੀ ਲੋੜਾਂ ਪੂਰੀਆਂ ਕਰਦਾ ਬੂਟਾ

ਸਿਵਿਆਂ ਤੱਕ ਪਹੁੰਚਾਉਣ ਲਈ ਫੱਟਾ ਬਣਿਆ ਬੂਟਾ
ਹੇਠਾਂ ਉਪਰ ਰੱਖ ਕੇ ਅੰਗੀਠਾ ਬਣਿਆ ਬੂਟਾ।

ਬਲਦੀ ਦਾ ਤਮਾਸ਼ਾ ਦੇਖਣ ਲਈ, ਡੱਬੀ ਤੀਲ ਬਣਿਆ ਬੂਟਾ।
ਹੱਥੀਂ ਕਿਸੇ ਲਾਇਆ ਨਹੀਂ ਰੋਹੀ 'ਚ ਆਪੇ ਉੱਗਿਆ ਬੂਟਾ।

ਰਾਹੀਆਂ ਦਾ ਥਕੇਵਾਂ ਲਾਹੁੰਦਾ ਬੂਟਾ।
ਸਭ ਦੇ ਦੁੱਖ ਵੰਡਾਉਂਦਾ ਬੂਟਾ।

ਲਗਾਓ ਥੋੜੇ ਬਚਾਓ ਬਹੁਤੇ ਵਾਸਤੇ ਸਭ ਨੂੰ ਪਾਉਂਦਾ ਬੂਟਾ।
ਕੱਟਣ ਵਾਲੇ ਦੀ ਕੀਮਤ ਕਉਡੀ ਨਹੀਂ, 98 ਲੱਖ ਕੀਮਤ ਪਾਉਂਦਾ ਬੂਟਾ।

ਕੱਟੋਗੇ ਤਾਂ ਪਛਤਾਓਗੇ।
ਫ਼ਲ ਫੁੱਲ ਦੀ ਆਸ ਨ ਰੱਖਿਓ ਛਾਵਾਂ ਤੋਂ ਵੀ ਜਾਓਗੇ

ਵਾਰ-ਵਾਰ ਸਭ ਨੂੰ ਕਹਿੰਦਾ ਬੂਟਾ
ਦੋਹਾਂ ਹੱਥਾਂ ਵਾਲਿਓ ਲਾਓ ਦੋਹੀਂ ਹੱਥੀਂ ਰੁੱਖ

ਧਰਤੀ ਹਰੀ ਹੋ ਜਾਏ
ਹਰੀ ਹੋ ਜਾਏ ਮਾਂ ਦੀ ਕੁੱਖ।

**ਸੂਬੇਦਾਰ ਬਾਬਾ ਬਲਬੀਰ ਸਿੰਘ ਜੀ**
ਨਿਸ਼ਾਨ-ਏ-ਸਿੱਖੀ,ਖਡੂਰ ਸਾਹਿਬ
ਸੰਪਰਕ: 6283915745

ਪੰਜਾਬ ਮੇਲ USA

## ਪੰਜਾਬੀ ਵਿਰਸਾ ਤੇ ਅਜੋਕਾ ਸੱਚ

ਰੱਖਿਆ ਸੀ ਸਾਂਭ ਪੁਰਾਣਾ ਵਿਰਸਾ,
ਆ ਕੇ ਨਵਿਆਂ ਝੱਟ ਗੁਆ ਲਿਆ।
ਰਹਿਮਤ, ਤਹਿਮਤ ਦੋਵੇਂ ਭੁੱਲ ਗਏ,
ਆਣ ਬਰੈਂਡਾਂ ਨੇ ਹੈ ਭਰਮਾ ਲਿਆ।

ਚੀਕੂੰ-ਚੀਕੂੰ ਨਾ ਹੁਣ ਕਰਦੀ ਜੁੱਤੀ,
ਖੜ-ਖੜ ਨ ਕਰਦਾ ਘੱਗਰਾ ਕੋਈ।
ਮੁਟਿਆਰਾਂ ਨਾਂਹੀ ਲੱਕ ਲਟਕਾਵਣ,
ਦਿਸਦਾ ਨਾ ਮੁੱਛ ਫੁੱਟ ਗੱਭਰੂ ਕੋਈ।

ਨਾ ਸੁਰਮਾ ਨ ਕੱਜਲ ਦੀਆਂ ਧਾਰਾਂ,
ਕੱਟ ਕੇ ਭਰਵੱਟੇ ਮਸਕਾਰੇ ਲਾ ਲਏ।
ਪੱਟੀਆਂ-ਮੀਢੀਆਂ ਨਾ ਜਲੇਬੀ ਜੂੜੇ,
ਗੁੱਤ ਸੱਪਣੀ ਤੋਂ ਬੌਬੀ ਕੱਟ ਬਣਾ ਲਏ।

ਜ਼ੁਲਫ਼ਾਂ ਕਾਲੀਆਂ ਨਾ ਬਣਨ ਘਟਾਵਾਂ,
ਟਿੱਕੇ ਸੂਈਆਂ ਸੱਗੀ ਫੁੱਲ ਭੁਲਾ ਲਏ।
ਨਾ ਨੱਕ 'ਤੇ ਕੋਕਾ ਹੁਣ ਸੈਨਤਾਂ ਮਾਰੇ,
ਬੁੰਦੇ ਡੰਡੀਆਂ ਕੋਕੜੂ ਨੇ ਗੁਆ ਲਏ।

ਹਾਰ-ਹਮੇਲਾਂ ਨ ਪੈਂਡਲ ਤਵੀਤੜੀਆਂ,
ਕਿੱਟੀ ਸੈੱਟਾਂ ਉੱਤੇ ਬੱਸ ਅੱਜ ਨੇ ਡੁੱਲ੍ਹੇ।
ਕੁੜਤੀ ਸ਼ੀਟ ਨ ਸਿਰ ਕਾਲਾ ਜੱਚਦੇ,
ਬਾਹੀਂ ਕੰਗਣ, ਪੈਰੀਂ ਝਾਂਜਰਾਂ ਨੇ ਭੁੱਲੇ।

ਤੁੰਬੇ-ਅਲਗੋਜ਼ੇ, ਬੁਗਚੂ ਨਹੀਂ ਸੁਣਦੇ,
ਲਾਊਡ ਸਪੀਕਰ, ਮੰਜੇ 'ਤੇ ਨ ਵੱਜਦੇ।
ਹੀਰਾਂ, ਮਾਹੀਏ, ਢੋਲੇ ਨ ਸੱਥੀਂ ਗਾਉਂਦੇ,
ਖੂਹ-ਹਲਟ, ਗੱਡੇ-ਗੱਡੀਆਂ ਨ ਹੱਕਦੇ।

ਸਾਗ, ਦਹੀਂ ਨਾ ਲੱਸੀ, ਮੱਖਣੀ ਦਾ ਪੇੜੇ ,
ਪੀਜ਼ੇ, ਬਰਗਰ, ਫ਼ਾਸਟ ਫੂਡ ਨੇ ਚੱਲਦੇ।
ਜੋਸ਼ ਜਵਾਨੀ ਨਾ ਦਗ ਦਗ ਨੇ ਚੇਹਰੇ,
ਕਰੜੇ ਜੁੱਸੇ ਛਿੰਝੀਂ ਪੈਂਤੜੇ ਨਹੀਂ ਕੱਢਦੇ।



-ਸੇਵਾ ਸਿੰਘ 'ਨੂਰਪੁਰੀ'

ਪੰਜਾਬ ਮੇਲ USA

## ਸਿਰਦਾਰ ਸੋਟਾ

ਬੈਠੇ ਬੈਠੇ ਖ਼ਿਆਲ ਦੀ ਲਹਿਰ ਅੰਦਰ
ਹੱਥ ਸੰਤਾਂ ਦੇ ਦੇਖਿਆ ਯਾਰ ਸੋਟਾ

ਸੋਟਾ ਹੈ ਬਹਾਦਰ ਸੰਸਾਰ ਉਤੇ
ਵਿਚ ਮੇਲਿਆਂ ਹੋਵੇ ਸਿਰਦਾਰ ਸੋਟਾ

ਸੋਟਾ ਹੱਥ ਹੋਵੇ ਡਰ ਚੋਰ ਦਾ ਨਈਂ
ਕੱਲੇ ਰਾਹ 'ਤੇ ਕਰੇ ਹੁਸ਼ਿਆਰ ਸੋਟਾ

ਵਿਗੜਿਆਂ ਤਿਗੜਿਆਂ ਦੀ ਮੈਲ ਲਾਹੇ
ਦੇਵੇ ਲੁੱਚਿਆਂ ਤਾਈਂ ਸੁਧਾਰ ਸੋਟਾ

ਮਾਲੀ ਮਸਤਿਆ ਮਿਲੇ ਜਾਂ ਸਾਨ੍ਹ ਕਿਧਰੇ
ਦੇਵੇ ਉਠ ਦੀ ਮੋੜ ਮੁਹਾਰ ਸੋਟਾ

ਅੰਨ੍ਹੇ ਲੂਲਿਆਂ ਦਾ ਸੋਟਾ ਆਸਰਾ ਏ
ਦੇਵੇ ਮੂਰਖਾਂ ਭੰਨ੍ਹ ਹੰਕਾਰ ਸੋਟਾ

ਸੋਟਾ ਵਿਚ ਸੰਸਾਰ ਦੇ ਹੈ ਗਹਿਣਾ
ਦੇਵੇ ਸੁੱਖਾਂ ਨੂੰ ਬੇਸ਼ੁਮਾਰ ਸੋਟਾ

ਗੁਣ ਸੋਟੇ ਦੇ ਦੇਖਕੇ ਕਲਮ ਖਿਸਕੀ
ਵਿਚ ਦੁਨੀਆਂ ਦੇ ਪ੍ਰਧਾਨ ਸਿਰਦਾਰ ਸੋਟਾ

**ਲੇਖਕ: ਨਾ ਮਾਲੂਮ**
***(ਕਿਸੇ ਬਜ਼ੁਰਗ ਨੇ 1957 ਦੇ ਕਰੀਬ ਆਪਣੀ ਸਕੂਲ ਉਮਰੇ ਯਾਦ ਕੀਤੀ ਕਵਿਤਾ ਸੁਣਾਈ)***
**ਬਜਰੀਆ: ਸਤਵੀਰ ਸਿੰਘ ਚਾਨੀਆਂ**
92569-73526

ਪੰਜਾਬ ਮੇਲ USA

## ਦਰਖ਼ਤ ਕੀ ਪੁਕਾਰ

(ਉਰਦੂ ਰੰਗ)
ਹਿਤਕਾਰੀ ਹੂੰ ਆ ਕਰੂੰ ਪਿਆਰ ਤੁਝ ਕੋ
ਐ ਇਨਸਾਂ ਰੁਕ ਜਾ, ਨਾ ਕਤਲ ਕਰ ਮੁਝ ਕੋ

ਹਵਾ ਮੇਂ ਉਗਲਿਆ ਜ਼ਹਿਰ ਤੇਰਾ, ਪੀਤਾ ਹੂੰ
ਤੂੰ ਜੀਵਤ ਰਹੇਂ ਇਸੀ ਲੀਏ ਤੋ ਮੈਂ ਜੀਤਾ ਹੂੰ
ਜ਼ਹਿਰ ਕੇ ਬਦਲੇ ਦੂੰ ਮੈਂ ਅੰਮ੍ਰਿਤ ਤੁਝ ਕੋ
ਐ ਇਨਸਾਂ ਰੁੱਕ ਜਾ, ਨਾ ਕਤਲ ਕਰ ਮੁਝ ਕੋ

ਬਾਰਸ਼, ਤੂਫ਼ਾਨ, ਧੂਪ, ਯਹ ਠੰਢਕ ਯਾ ਰੱਬ
ਵੁਹ ਈਟੇਂ, ਬਾਪ ਕੀ ਕੁਲਹਾੜੀ ਯਹ ਸਬ
ਖਾ ਕਰ ਜ਼ਖ਼ਮ ਦੇਤਾ ਹੂੰ ਆਰਾਮ ਤੁਝ ਕੋ
ਐ ਇਨਸਾਂ ਰੁੱਕ ਜਾ, ਨਾ ਕਤਲ ਕਰ ਮੁਝ ਕੋ

ਪੰਗੂੜੇ ਸੇ ਸਪੁਰਦਿ ਆਤਿਸ਼ ਕਾ ਮੇਲ
ਜਨਮ ਸੇ ਮੌਤ ਤੀਕ ਯਹ ਕੁਦਰਤ ਕਾ ਖੇਲ
ਦੇਤਾਂ ਹੂੰ ਪਾਨੀ ਔਰ ਛਾਓਂ ਭੀ ਤੁਝ ਕੋ
ਐ ਇਨਸਾਂ ਰੁਕ ਜਾ, ਨਾ ਕਤਲ ਕਰ ਮੁਝ ਕੋ

ਮੇਰੇ ਸਾਥ ਜ਼ਿੰਦਗੀ ਵਾ ਬੰਦਗੀ ਤਿਰੀ
ਮਾਂ ਕੀ ਤਰ੍ਹਾ ਸਾਫਤਾ ਹੂੰ ਗੰਦਗੀ ਤਿਰੀ
ਮੁਬਾਰਕ ਹੈਂ ਫਲ, ਫੂਲ ਵਾ ਪੱਤੇ ਤੁਝ ਕੋ
ਐ ਇਨਸਾਂ ਰੁਕ ਜਾ, ਨਾ ਕਤਲ ਕਰ ਮੁਝ ਕੋ

ਬਚੋਂ ਕਾ ਖੇਲ ਵਾ ਪਰਿੰਦੋਂ ਕਾ ਆਸ਼ਨਾ
ਹੈ ਇਹੀ ਦਸਤੂਰਿ ਜ਼ਿੰਦਗੀ-ਓ-ਜ਼ਾਲਨਾ
ਦੁਆ ਹੈ ਐ ਮੀਤ ਆਂਚ ਨਾ ਆਏ ਤੁਝ ਕੋ
ਐ ਇਨਸਾਂ ਰੁੱਕ ਜਾ, ਨਾ ਕਤਲ
ਕਰ ਮੁਝ ਕੋ



-ਸਤਵੀਰ ਸਿੰਘ ਚਾਨੀਆਂ
92569-73526

ਪੰਜਾਬ ਮੇਲ USA

## ਗਜ਼ਲ

ਅੱਗ ਬਬੂਲਾ ਹੋ ਕੇ ਪਿੱਛੇ ਹਟਿਆ ਹੈ,
ਭੁੱਬੀ-ਭੁੱਬੀ ਰੋ ਕੇ ਪਿੱਛੇ ਹਟਿਆ ਹੈ।

ਇਸ ਤਰ੍ਹਾਂ ਦੇ ਯਰਾਨੇ ਕੀ ਕਰਨੇ ਨੇ,
ਜ਼ਖ਼ਮ ਪੁਰਾਣੇ ਧੋ ਕੇ ਪਿੱਛੇ ਹਟਿਆ ਹੈ।

ਏਨਾਂ ਵੀ ਉਹ ਬੁੱਧੂ ਤੇ ਨਾਦਾਨ ਨਹੀਂ,
ਅਪਣਾ ਹਿੱਸਾ ਖੋ ਕੇ ਪਿੱਛੇ ਹਟਿਆ ਹੈ।

ਸੂਰਜ ਪਹਿਲਾਂ ਕੱਲੇ-ਕੱਲੇ ਤਾਰੇ ਨੂੰ,
ਅੰਬਰ ਵਿਚ ਪਿਰੋ ਕੇ ਪਿੱਛੇ ਹਟਿਆ ਹੈ।

ਐਵੇਂ ਨਈਂ ਇਹ ਦੀਵਾ ਲਟ-ਲਟ ਬਲ ਰਿਹਾ,
ਨੇਰ੍ਹੀ ਵਿਚ ਖਲੋ ਕੇ ਪਿੱਛੇ ਹਟਿਆ ਹੈ।

ਟੁੱਟੇ ਹੋਏ ਰਿਸ਼ਤੇ ਵਾਲੀ ਇਕ ਪੀੜਾ,
ਅੱਖਾਂ ਵਿਚ ਲਕੋ ਕੇ ਪਿੱਛੇ ਹਟਿਆ ਹੈ।

ਮਾਰੂਥਲ ਦੇ ਨਾਲ ਯਰਾਨੇ ਪਾਏ ਕੀ ?
ਬਾਲਮ ਬਾਰਿਸ਼ 'ਚੋਂ ਕੇ ਪਿੱਛੇ ਹਟਿਆ ਹੈ।

-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ (ਪੰਜਾਬ)
ਵਟਸਐਪ : 98156-25409

ਪੰਜਾਬ ਮੇਲ USA

## ਗੀਤ : ਰੱਖੜੀ 'ਤੇ ਵਿਸ਼ੇਸ਼

ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਸ਼ੁੱਧ ਆਚਰਣ ਦੇ ਬਿੰਬ ਬਣਾਏ ਰੱਖੜੀ ਦਾ ਤਿਉਹਾਰ।
ਸਾਵਣ ਦੀ ਸੰਪੂਰਨਤਾ ਪੂਰਨਮਾਸ਼ੀ ਵਾਲੇ ਦਿਨ।
ਕੁਦਰਤ ਦੇ ਜੰਨਤ ਵਰਗੀ, ਗੋਦੀ ਵਿਚ ਸੰਭਾਲੇ ਦਿਨ।
ਸਮਤਾ ਦਾ ਸੰਦੇਸ਼ ਸੁਣਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।

ਭੈਣ ਭਰਾ ਦੀ ਉਲਫ਼ਤ ਵਾਲੇ ਇਕ ਰਿਸ਼ਤੇ ਦਾ ਬੰਧਨ।
ਜਿੱਦਾਂ ਅਰਚਨ ਪੂਜਾ ਵਾਲੀ ਥਾਲੀ ਦੇ ਵਿਚ ਚੰਦਨ।
ਦ੍ਰਿਸ਼ਟੀ ਪਰਿਵਰਤਨ ਸਮਝਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।

ਭੈਣਾ ਦੇਵਣ ਸ਼ੁੱਭ ਅਸੀਸਾਂ ਯੁਗ-ਯੁਗ ਜੀਵਣ ਭਾਈ।
ਸਾਰੀ ਦੁਨੀਆਂ ਦੇ ਵਿਚ ਹੋਵੇ ਸ਼ੋਹਰਤ ਤੇ ਵਡਿਆਈ।
ਤੀਜਾ ਨੇਤਰ ਹੋਰ ਵਧਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।

ਰਿਸ਼ੀ ਲੋਕ ਤਪਸਿਆ ਸੀ ਕਰਦੇ ਇਸ ਦਿਨ ਦੀ ਪ੍ਰਤਿਸ਼ਠਾ।
ਮੰਜ਼ਿਲ ਪੈਰਾਂ ਵਿਚ ਖਲੋਏ ਦਿਲ ਵਿਚ ਹੋਏ ਨਿਸ਼ਠਾ।
ਫ਼ਸਲਾਂ ਤੇ ਵਿਉਪਾਰ ਵਧਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।

ਜਿੱਦਾਂ ਕ੍ਰਿਸ਼ਨ ਭਗਵਾਨ ਬਚਾਈ ਦਰੋਪਤੀ ਦੀ ਲਾਜ।
ਬ੍ਰਹਮ ਅਰਪਨ ਅੰਦਰ ਬਣਕੇ ਇਕ ਅਲੌਕਿਕ ਆਵਾਜ਼।
ਹਰ ਔਕੜ ਦਾ ਹੱਲ ਸੁਲਝਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।

ਭਾਰਤ ਮਾਂ ਦੀ ਨਿਰਛਲਤਾ ਦੇ ਸੁੰਦਰ ਗੁਲਸ਼ਨ ਅੰਦਰ।
'ਬਾਲਮ' ਜਿਉਂ ਖ਼ੁਸ਼ਬੂਆਂ ਹੋਵਣ ਪੂਜਾ ਵਾਲੇ ਮੰਦਰ।
ਪਰਬਲਤਾ ਦੇ ਫੁੱਲ ਖਿੜਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।

-ਬਲਵਿੰਦਰ ਬਾਲਮ
ਓਂਕਾਰ ਨਗਰ ਗੁਰਦਾਸਪੁਰ ਪੰਜਾਬ
ਮੋ : 98156-25409



ਪੰਜਾਬ ਮੇਲ USA

## ਗ਼ਜ਼ਲ

ਨਦੀ ਨੇ ਆਖਿਆ ਸੀ ਹਰ ਘੜੀ ਜੰਜਾਲ ਹੁੰਦੀ ਹੈ।
ਤੇ ਪਾਣੀ ਨੇ ਕਿਹਾ ਪਰ ਇਸ ਦੀ ਵੀ ਸੰਭਾਲ ਹੁੰਦੀ ਹੈ।

ਜੁੜੀ ਮਜਲਿਸ ਜਦੋਂ ਵੀ ਤਾਰਿਆਂ ਦੀ, ਨਿਕਲਿਆ ਸਿੱਟਾ,
ਕਿ ਮਾਨਵ ਜਾਤ ਤੋਂ ਸ੍ਰਿਸ਼ਟੀ ਕਦੋਂ ਸੰਭਾਲ ਹੁੰਦੀ ਹੈ।

ਮੈਂ ਅਪਣੇ ਆਪ ਨੂੰ ਸਮਿਆਂ ਦੀ ਵਲਗਣ ਤੋਂ ਪਰ੍ਹਾਂ ਰੱਖਦਾਂ,
ਕਿ ਸ਼ਾਇਰ ਨੂੰ ਨਵੇਂ ਦਿਸਹੱਦਿਆਂ ਦੀ ਭਾਲ ਹੁੰਦੀ ਹੈ ।

ਇਕੱਲਿਆਂ ਮਿਲਣ ਦਾ ਇਕਰਾਰ ਕਰ ਬੈਠਾ, ਇਹ ਗਲਤੀ ਸੀ,
ਕਰਾਂ ਕੀ ਮੈਂ ? ਹਮੇਸ਼ਾਂ ਚੁੱਪ ਮੇਰੇ ਨਾਲ ਹੁੰਦੀ ਹੈ।

ਹਮੇਸ਼ਾਂ ਪੂਰੀਆਂ ਕਰਦਾ ਰਿਹਾ ਹਾਂ, ਦਿਲ ਦੀਆਂ ਸਧਰਾਂ,
ਮਗਰ ਸਾਹਾਂ ਦੇ ਅੰਦਰ ਫੇਰ ਵੀ ਹੜਤਾਲ ਹੁੰਦੀ ਹੈ।

ਉਹ ਸ਼ਾਇਰੀ ਹੀ ਹੈ, ਜਿਸ ਨੂੰ ਲੋਕ ਸਦੀਆਂ ਯਾਦ ਰੱਖਦੇ ਨੇ,
ਨਹੀਂ ਤਾਂ ਹਰ ਇਮਾਰਤ ਦੀ ਉਮਰ ਸੌ ਸਾਲ ਹੁੰਦੀ ਹੈ।

**ਸਤੀਸ਼ ਗੁਲਾਟੀ**
**ਸਰੀ, ਕੈਨੇਡਾ**
+1 (604) 750-0189

ਪੰਜਾਬ ਮੇਲ USA


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com